
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 30
November 4, 2020
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਰਾਸ਼ਟਰਪਤੀ ਚੋਣਾਂ ਵਿਚ ਫਸਵਾਂ ਮੁਕਾਬਲਾ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਬਾਅਦ ਵੋਟਾਂ ਦੀ ਗਿਣਤੀ ਜਾਰੀ ਹੈ ਤੇ ਰੁਝਾਣ ਆਉਣੇ ਸ਼ੁਰੂ ਹੋ ਗਏ ਹਨ। ਇੱਥੇ 6 ਸੂਬਿਆਂ ਵਿਚ ਵੋਟਿੰਗ ਬੰਦ ਹੋ ਗਈ ਹੈ, ਜਦਕਿ ਕਈਆਂ ਵਿਚ ਅਜੇ ਜਾਰੀ ਹੈ। ਹੁਣ ਤੱਕ ਦੀ ਗਿਣਤੀ ਦੇ ਹਿਸਾਬ ਨਾਲ ਟਰੰਪ ਨੂੰ 213 ਜਦੋਂ ਕਿ ਬਾਈਡੇ ਨੂੰ 238 ਇਲੈਕਟ੍ਰੋਲ ਵੋਟ ਜਿੱਤ ਚੁੱਕੇ ਹਨ। ਕਿਸੇ ਵੀ ਉਮੀਦਵਾਰ ਨੂੰ ਜਿੱਤ ਲਈ 270 ਇਲੈਕਟ੍ਰੋਲ ਵੋਟ ਜਿੱਤਣ ਦੀ ਜ਼ਰੂਰਤ ਹੁੰਦੀ ਹੈ। ਜੋ ਬਾਈਡਨ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਜੋਰਦਾਰ ਟੱਕਰ ਵੇਖਣ ਨੂੰ ਮਿਲ ਰਹੀ ਹੈ। ਜਿਸ ਤੋਂ ਬਾਅਦ ਸਭ ਦੀਆਂ ਨਜ਼ਰਾਂ ਨਤੀਜਿਆਂ ’ਤੇ ਟਿਕ ਗਈਆਂ ਹਨ। ਇਲਕੈਟੋਰਲ ਵੋਟ ’ਚ ਫਿਲਹਾਲ ਜੋ ਬਾਇਡਨ ਅੱਗੇ ਚੱਲ ਰਹੇ ਸਨ। ਸ਼ੁਰੂਆਤੀ ਰੁਝਾਨਾਂ ਵਿਚ ਡੈਮੋਕ੍ਰੇਟਿਕ ਪਾਰਟੀ ਦੇ ਬਾਈਡੇਨ ਅੱਗੇ ਜਾ ਰਹੇ ਸਨ। ਰੀਪਬਲਿਕਨ ਪਾਰਟੀ ਵਲੋਂ ਮੁੜ ਚੋਣ ਮੈਦਾਨ ਵਿਚ ਉਤਰੇ ਡੋਨਾਲਡ ਟਰੰਪ ਥੋੜ੍ਹੇ ਪਿੱਛੇ ਦਿਖਾਈ ਦੇ ਰਹੇ ਸਨ। ਦੋਹਾਂ ਨੇ 12-12 ਸੂਬਿਆਂ ਵਿਚ ਜਿੱਤ ਦਰਜ ਕੀਤੀ ਹੈ। ਮੁਕਾਬਲਾ ਬਹੁਤ ਸਖ਼ਤ ਰਹਿਣ ਵਾਲਾ ਹੈ। ਦੋਵੇਂ ਉਮੀਦਵਾਰ ਆਪਣੀ-ਆਪਣੀ ਜਿੱਤ ਨੂੰ ਲੈ ਕੇ ਆਸਵੰਦ ਹਨ। ਵਰਨਣਯੋਗ ਹੈ ਕਿ ਰਾਸ਼ਟਰਪਤੀ ਬਣਨ ਲਈ ਇੱਕ ਉਮੀਦਵਾਰ ਨੂੰ ਇਲੈਕਟੋਰਲ ਕਾਲਜ ਵਿੱਚ 270 ਵੋਟ ਚਾਹੀਦੇ ਹੁੰਦੇ ਹਨ। ਅਮਰੀਕਾ ਦੇ ਹਰ ਸੂਬੇ ਨੂੰ ਆਪਣੀ ਆਬਾਦੀ ਅਨੁਸਾਰ ਵੋਟ ਮਿਲਦੇ ਹਨ। ਟੋਟਲ ਵੋਟਾਂ ਦੀ ਗਿਣਤੀ 530 ਹੁੰਦੀ ਹੈ। ਇਹ ਸੰਭਵ ਹੈ ਕਿ ਕੁਝ ਸੂਬਾ ਪੱਧਰੀ ਮੁਕਾਬਲੇ ਜਿੱਤ ਲੈਣ ਨਾਲ ਉਮੀਦਵਾਰ ਰਾਸ਼ਟਰਪਤੀ ਚੁਣਿਆ ਜਾਵੇ, ਭਾਵੇਂ ਪੂਰੇ ਦੇਸ ਵਿੱਚ ਉਸ ਨੂੰ ਘੱਟ ਵੋਟਾਂ ਪੈਣ।

**ਅਮਰੀਕਾ ਦੇ ਅਗਲੇ ਰਾਸ਼ਟਰਪਤੀ ਦੀ ਕਿਸਮਤ**

ਅਮਰੀਕਾ ਵਿੱਚ 50 ਸੂਬੇ ਹਨ ਅਤੇ ਹਰ ਸੂਬੇ ਵਿੱਚ ਇਲੈਕਟੋਰਲ ਕਾਲਜ ਵੋਟਾਂ ਦੀ ਗਿਣਤੀ ਕੀ ਹੋਵੇਗੀ, ਇਹ ਉੱਥੋਂ ਦੀ ਅਬਾਦੀ ਦੇ ਹਿਸਾਬ ਨਾਲ ਤੈਅ ਕੀਤਾ ਜਾਂਦਾ ਹੈ। ਇਸ ਲਈ ਹਰ ਸੂਬੇ ਕੋਲ ਇਲੈਕਟੋਰਲ ਕਾਲਜ ਦੇ ਵੋਟਾਂ ਦੀ ਗਿਣਤੀ ਵੱਖ-ਵੱਖ ਹੁੰਦੀ ਹੈ। ਅਧਿਕਾਰਤ ਤੌਰ ’ਤੇ ਹੁਣ ਕਿਸੇ ਵੀ ਸੂਬੇ ਵਿੱਚ ਨਤੀਜੇ ਨਹੀਂ ਐਲਾਨੇ ਗਏ ਸਨ। ਐਰੀਜ਼ੋਨਾ, ਪੈਨਸਿਲਵੇਨੀਆ, ਉੱਤਰੀ ਕੈਰੋਲੀਨਾ, ਵਿਸਕੌਨਸਿਨ ਤੇ ਜੌਰਜੀਆ ਵਿੱਚ ਮੁਕਾਬਲਾ ਫਸਵਾਂ ਹੈ। ਇਨ੍ਹਾਂ ਸੂਬਿਆਂ ਵਿੱਚ ਵੋਟਾਂ ਦੀ ਗਿਣਤੀ ਸੁਸਤ ਰਫ਼ਤਾਰ ਨਾਲ ਹੋ ਰਹੀ ਸੀ ਤੇ ਇੱਥੇ ਗਿਣਤੀ ਜਾਂ ਤਾਂ ਕੱਲ੍ਹ ਜਾਂ ਇਸ ਹਫ਼ਤੇ ਦੇ ਆਖਿਰ ਵਿੱਚ ਖਤਮ ਹੋਵੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਸ਼ਾਇਦ ਇਹੀ ਸੂਬੇ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਦੀ ਕਿਸਮਤ ਦਾ ਫੈਸਲਾ ਕਰਨਗੇ। ਦਰਅਸਲ, ਮਹਾਂਮਾਰੀ ਦੌਰਾਨ ਪਾਈਆਂ ਗਈਆਂ ਡਾਕ ਵੋਟਾਂ ਨੂੰ ਗਿਣਨ ਵਿੱਚ ਸਮਾਂ ਲੱਗ ਸਕਦਾ ਹੈ ਅਤੇ ਜੇਕਰ ਕੋਈ ਕਾਨੂੰਨੀ ਚੁਣੌਤੀ ਦਿੱਤੀ ਗਈ ਤਾਂ ਇਸ ਵਿੱਚ ਹਫ਼ਤੇ ਵੀ ਲਗ ਸਕਦੇ ਹਨ। ਮੁਸ਼ਕਲ ਵੀ ਹੋ ਸਕਦੀ ਹੈ।

ਤੁਹਾਨੂੰ ਰਾਸ਼ਟਰਪਤੀ ਬਣਨ ਲਈ ਵੱਧ ਵੋਟਾਂ ਦੀ ਲੋੜ ਨਹੀਂ ਹੈ। ਬਲਕਿ ਇਸ ਦੇ ਬਜਾਇ ਉਮੀਦਵਾਰ ਨੂੰ ਇਲੈਕਟ੍ਰੋਲ ਕਾਲਜ ਕਹੇ ਜਾਣ ਵਾਲੀ ਪ੍ਰਕਿਰਿਆ ਵਿੱਚ ਬਹੁਮਤ ਹਾਸਲ ਕਰਨਾ ਹੁੰਦਾ ਹੈ। ਜਿੱਥੇ ਹਰੇਕ ਸਟੇਟ ਨੂੰ ਆਪਣੀ ਆਬਾਦੀ ਦੇ ਅਨੁਪਾਤ ਅਨੁਸਾਰ ਮੋਟੇ ਤੌਰ ’ਤੇ ਵੋਟਾਂ ਜਾਂ "ਇਲੈਕਟਰ" ਹਾਸਲ ਹੁੰਦੇ ਹਨ।



ਜੇਕਰ ਤੁਸੀਂ ਸਟੇਟ ਨੂੰ ਜਿੱਤਦੇ ਹੋ ਤਾਂ ਉਸ ਦੀਆਂ ਵੋਟਾਂ ਵੀ ਜਿੱਤ ਜਾਂਦੇ ਹੋ (ਨੈਬਰਾਸਕਾ ਤੇ ਮੈਨ ਵਿੱਚ ਇਸ ਤਰ੍ਹਾਂ ਨਹੀਂ ਹੈ)। ਕੁੱਲ 538 ਸਟੇਟ ਵੋਟ ਹਨ ਅਤੇ ਰਾਸ਼ਟਰਪਤੀ ਬਣਨ ਲਈ 270 ਚਾਹੀਦੇ ਹਨ।

ਇਸ ਵਾਰ ਰਿਕਾਰਡ ਤੋੜ ਵੋਟ ਪੈਣ ਦੇ ਬਾਵਜੂਦ ਅਜੇ ਵੀ ਕੁਝ ਮਹੱਤਵਪੂਰਨ ਸਟੇਟਾਂ ਹਨ, ਜਿਸ ਦੇ ਵੋਟਰ ਹਾਰ-ਜਿੱਤ ਦਾ ਫ਼ੈਸਲਾ ਕਰ ਸਕਦੇ ਹਨ। ਡੌਨਲਡ ਟਰੰਪ ਆਸ ਨਾਲੋਂ ਵਧੀਆ ਪ੍ਰਦਰਸ਼ਨ ਕਰਦੇ ਰਹੇ ਹਨ ਅਤੇ ਜੋਅ ਬਾਇਡਨ ਉਨ੍ਹਾਂ ਸਟੇਟਾਂ ਵਿੱਚ ਜਿੱਤਣ ਵਿੱਚ ਅਸਫ਼ਲ ਰਹੇ ਸਨ, ਜਿੱਥੇ ਵੋਟਾਂ ਦੀ ਗਿਣਤੀ ਜਲਦੀ ਹੋ ਜਾਂਦੀ ਹੈ। ਇਸ ਦਾ ਅਰਥ ਹੈ ਕਿ ਕੁਝ ਪ੍ਰਮੁੱਖ ਸਟੇਟਾਂ ਦੀ ਗਿਣਤੀ ਹੋਣ ਤੱਕ ਸਥਿਤੀ ਸਾਫ ਨਹੀਂ ਹੋਵੇਗੀ। ਜੋਅ ਬਾਇਡਨ ਨੇ ਸਮਰਥਕਾਂ ਨੂੰ ਕਿਹਾ, "ਅਸੀਂ ਇਹ ਜਿੱਤਣ ਵਾਲੇ ਹਾਂ" ਪਰ ਨਾਲ ਹੀ ਉਨ੍ਹਾਂ ਨੇ ਹੌਸਲਾ ਰੱਖਣ ਦੀ ਅਪੀਲ ਕੀਤੀ।

ਡੌਨਲਡ ਟੰਰਪ ਨੇ ਕਿਹਾ ਕਿ ਰਿਪਬਲਿਕਨਸ ਦੀ ਜਿੱਤ ਹੋਈ ਹੈ ਅਤੇ ਧੋਖਾਧੜੀ ਦੇ ਗਲਤ ਇਲਜ਼ਾਮ ਲਗਾਏ। ਜਿਵੇਂ ਸਾਨੂੰ ਪਤਾ ਹੈ, ਵੋਟਾਂ ਦੀ ਗਿਣਤੀ ਚੱਲ ਰਹੀ ਹੈ ਅਤੇ ਧੋਖਾਧੜੀ ਦੇ ਕੋਈ ਸਬੂਤ ਨਹੀਂ ਮਿਲੇ ਹਨ।

**ਹੋਰ ਕੀ ਹੈ ਖ਼ਾਸ?**

ਟਰੰਪ ਦੇ ਸਹਿਯੋਗੀ ਲਿੰਡਸੇ ਗ੍ਰਾਹਮ ਨੂੰ ਦੱਖਣੀ ਕੈਰੋਲੀਨਾ ਵਿੱਚ ਆਪਣੇ ਵਿਰੋਧੀ ਡੈਮੋਕ੍ਰੇਟਿਕ ਜੇਮੀ ਹੈਰੀਸਨ ਨੂੰ ਹਰਾਉਣ ਦੀ ਆਸ ਸੀ, ਪਰ ਇੱਕ ਬਿੰਦੂ ਅਜਿਹਾ ਆਇਆ ਜਿੱਥੇ ਇੰਝ ਲੱਗਿਆ ਕਿ ਉਹ ਦੌੜ ਹਾਰ ਸਕਦੇ ਸਨ।

ਸੈਨੇਟ ਦਾ ਕੰਟਰੋਲ ਜਿੱਤਣ ਦੀ ਦੌੜ ਵਿਚ, ਡੈਮੋਕਰੇਟਸ ਨੇ ਆਪਣੀ ਸਭ ਤੋਂ ਕਮਜ਼ੋਰ ਸੀਟ ਅਲਾਬਾਮਾ ਨੂੰ ਗੁਆ ਦਿੱਤਾ, ਪਰ ਰਿਪਬਲੀਕਨ ਕੋਲੋਂ ਕੋਲੋਰਾਡੋ ਨੂੰ ਜਿੱਤ ਲਿਆ ਹੈ। ਅਰੀਜ਼ੋਨਾ ਅਤੇ ਨਿਊ ਜਰਸੀ ਨੇ ਭੰਗ ਨੂੰ ਵਰਤਣ ਲਈ ਕਾਨੂੰਨੀ ਮਾਨਤਾ ਦੇਣ ਦੇ ਆਧਾਰ ’ਤੇ ਵੋਟ ਕੀਤਾ ਹੈ। ਡੇਲਾਵੇਅਰ ਸਟੇਟ ਦੀ ਵਿਧਾਨ ਸਭਾ ਸੀਟ ਤੋਂ ਸਾਰਾਹ ਮੈਕਬ੍ਰਾਈਡ ਦੇ ਜਿੱਤਣ ਤੋਂ ਬਾਅਦ ਅਮਰੀਕਾ ਵਿੱਚ ਉਹ ਪਹਿਲੀ ਵਾਰ ਅਧਿਕਾਰਤ ਤੌਰ ’ਤੇ ਕਿਸੇ ਟਰਾਂਸਜੈਂਡਰ ਨੂੰ ਚੁਣਿਆ ਗਿਆ ਹੈ। ਸਾਨੂੰ ਸ਼ਾਇਦ ਕੁਝ ਦਿਨ ਪਤਾ ਨਾ ਲੱਗੇ। ਇਹ ਸਭ ਤੋਂ ਵੱਧ ਸੰਭਾਵਿਤ ਜਾਪਦਾ ਹੈ ਕਿਉਂਕਿ ਮਿਸ਼ੀਗਨ, ਵੈਸਕਾਨਸਿਨ ਅਤੇ ਪੈਨਲਸਲੇਵੈਨੀਆ ਵਰਗੀਆਂ ਥਾਵਾਂ ’ਤੇ ਪੋਸਟਲ ਵੋਟਾਂ ਦੀ ਗਿਣਤੀ ਬਾਕੀ ਹੈ। ਡੌਨਲਡ ਟਰੰਪ ਨੇ ਪਹਿਲਾਂ ਹੀ ਕਿਹਾ ਕਿ ਜੇ ਨਤੀਜੇ ਨੇੜੇ ਹੋਏ ਤਾਂ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਗੇ, ਇਸ ਦਾ ਮਤਲਬ ਹੈ ਕਿ ਇਸ ਵਿੱਚ ਹਫ਼ਤੇ ਲਗ ਸਕਦੇ ਹਨ।

ਕੀ ਅਨਿਸ਼ਚਿਤਤਾ ਕਾਰਨ ਅਸ਼ਾਂਤੀ ਪੈਦਾ ਹੋਵੇਗੀ? ਅਨਿਸ਼ਚਿ-ਤਤਾ ਤਾਂ ਹੋਣ ਜਾ ਰਹੀ ਹੈ, ਹਾਲਾਂਕਿ ਕਈ ਅਮਰੀਕੀਆਂ ਨੇ ਆਪਣੀ ਚਿੰਤਾ ਬਾਰੇ ਗੱਲ ਕੀਤੀ ਹੈ, ਇਹ ਕਹਿਣਾ ਗ਼ਲਤ ਹੋਵੇਗਾ ਕਿ ਕੋਈ ਮਹੱਤਵਪੂਰਨ ਅਸ਼ਾਂਤੀ ਹੈ।

**ਬਾਈਡਨ ਦਾ ਸਿਆਸੀ ਸਫ਼ਰ ਕਿਹੋ ਜਿਹਾ ਰਿਹਾ**

ਜੋਅ ਬਾਈਡਨ ਇੱਕ ਅਜਿਹੇ ਵਿਅਕਤੀ ਹਨ, ਜੋ ਡੋਨਲਡ ਟਰੰਪ ਦੇ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਬਣਨ ਦੇ ਰਾਹ ਵਿੱਚ ਖੜ੍ਹੇ ਹਨ। ਬਰਾਕ ਓਬਾਮਾ ਦੇ ਉਪ-ਰਾਸ਼ਟਰਪਤੀ ਰਹੇ ਬਾਈਡਨ ਨੂੰ ਰਸਮੀ ਤੌਰ ’ਤੇ ਨਵੰਬਰ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਡੈਮੋਕਰੇਟਿਕ ਪਾਰਟੀ ਦਾ ਉਮੀਦਵਾਰ ਚੁਣਿਆ ਗਿਆ ਹੈ। ਆਪਣੇ ਹਮਾਇਤੀਆਂ ਲਈ ਉਹ ਵਾਸ਼ਿੰਗਟਨ ਵਿੱਚ ਮੌਜੂਦ ਅਜਿਹਾ ਵਿਅਕਤੀ ਹੈ, ਜਿਸ ਨੂੰ ਵਿਦੇਸ਼ ਨੀਤੀ ਦਾ ਦਹਾਕਿਆਂ ਦਾ ਤਜ਼ਰਬਾ ਹੈ ਅਤੇ ਜੋ ਇਸ ਵਿੱਚ ਮਾਹਿਰ ਹੈ। ਬੇਹਤਰੀਨ ਬੁਲਾਰਾ ਹੈ, ਜੋ ਆਪਣੇ ਆਕਰਸ਼ਣ ਨਾਲ ਆਮ ਲੋਕਾਂ ਤੱਕ ਪਹੁੰਚ ਸਕਦਾ ਹੈ ਅਤੇ ਇੱਕ ਅਜਿਹਾ ਵਿਅਕਤੀ ਹੈ ਜਿਸਨੇ ਨਿੱਜੀ ਜ਼ਿੰਦਗੀ ਦੇ ਦੁੱਖਾਂ ਦਾ ਬਹਾਦਰੀ ਨਾਲ ਸਾਹਮਣਾ ਕੀਤਾ ਹੈ। ਉਸਦੇ ਵਿਰੋਧੀਆਂ ਲਈ ਉਹ ਸਮਾਜਿਕ ਤੌਰ ’ਤੇ ਅਪਰਾਧ ਮੰਨੀਆਂ ਜਾਣ ਵਾਲੀਆਂ ਗਲਤੀਆਂ ਕਰਨ ਵਾਲੀ ਊਘੀ ਸ਼ਖ਼ਸੀਅਤ ਹੈ (ਉਸਨੂੰ ਔਰਤਾਂ ਦੀ ਨੇੜਤਾ ਮਾਨਣ ਦਾ ਝੱਸ ਹੈ।

**ਵਧੀਆ ਬੁਲਾਰਾ–** ਚੋਣ ਮੁਹਿੰਮ ਦੇ ਪੱਖੋਂ ਬਾਈਡਨ ਕੋਈ ਅਣਜਾਣ ਨਹੀਂ ਹੈ - ਵਾਸ਼ਿੰਗਟਨ ਵਿੱਚ ਉਨ੍ਹਾਂ ਦਾ ਸਿਆਸੀ ਜੀਵਨ ਯੂਐੱਸ ਸੈਨੇਟ ਵਿੱਚ 1973 (47 ਸਾਲ ਪਹਿਲਾਂ) ਵਿੱਚ ਸ਼ੁਰੂ ਹੋਇਆ ਸੀ ਅਤੇ ਰਾਸ਼ਟਰਪਤੀ ਲਈ ਉਨ੍ਹਾਂ ਦੀ ਪਹਿਲੀ ਚੋਣ ਮੁਹਿੰਮ 1987 ’ਚ (33 ਸਾਲ ਪਹਿਲਾਂ) ਸ਼ੁਰੂ ਹੋਈ ਸੀ। ਉਹ ਵੋਟਰਾਂ ਨੂੰ ਭਰਮਾਉਣ ਦਾ ਹਰ ਤਰੀਕਾ ਜਾਣਦੇ ਹਨ। ਚੋਣ ਰੈਲੀਆਂ ਵਿੱਚ ਬੋਲਣ ਲੱਗੇ ਉਹ ਵਹਿ ਜਾਂਦੇ ਹਨ। ਜਿਸ ਦੀ ਉਨ੍ਹਾਂ ਨੂੰ ਕੀਮਤ ਵੀ ਚੁਕਾਉਣੀ ਪਈ ਹੈ।

ਰਾਸ਼ਟਰਪਤੀ ਲਈ ਉਹ ਤੀਜੀ ਵਾਰ ਪਿੜ ਵਿੱਚ ਹਨ। ਰੈਲੀਆਂ ਵਿਚ ਉਸਨੇ ਇਹ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ: "ਮੇਰੇ ਪੂਰਵਜ ਉੱਤਰ-ਪੂਰਬੀ ਪੈਨਸਿਲਵੇਨੀਆ ਵਿੱਚ ਕੋਲੇ ਦੀਆਂ ਖਾਣਾਂ ਵਿੱਚ ਕੰਮ ਕਰਦੇ ਸਨ’। ਉਨ੍ਹਾਂ ਨੇ ਕਿਹਾ ਕਿ ਉਹ ਇਸ ਗੱਲੋਂ ਨਾਰਾਜ਼ ਹਨ ਕਿ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਕਦੇ ਵੀ ਉਹ ਮੌਕੇ ਨਹੀਂ ਮਿਲੇ ਜਿਨ੍ਹਾਂ ਦੇ ਉਹ ਹੱਕਦਾਰ ਸਨ। ਜਦ ਕਿ ਉਨ੍ਹਾਂ ਦਾ ਕੋਈ ਵੀ ਵਡੇਰਾ ਕੋਲੇ ਦੀ ਖਾਣ ਵਿੱਚ ਕੰਮ ਨਹੀਂ ਕਰਦਾ ਸੀ। ਉਨ੍ਹਾਂ ਨੇ ਇਹ ਸਤਰ ਬ੍ਰਿਟਿਸ਼ ਰਾਜਨੇਤਾ ਨੀਲ ਨਿਕੌਕ ਇਲਿ ਖਨਿਨੋਚਕ ਦੇ ਇੱਕ ਭਾਸ਼ਣ ਵਿੱਚੋਂ (ਅਤੇ ਕਈ ਹੋਰ) ਚੋਰੀ ਕੀਤੀ ਸੀ, ਜਿਨ੍ਹਾਂ ਦੇ ਰਿਸ਼ਤੇਦਾਰ ਅਸਲ ਵਿੱਚ ਖਾਣਾਂ ਵਿੱਚ ਕੰਮ ਕਰਦੇ ਸਨ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਟਰੰਪ ਦੀ ਰੈਲੀ ਨੇੜੇ ਪੁੱਜਾ ਛੋਟਾ ਯਾਤਰੀ ਜਹਾਜ, ਐਫ - 16 ਆਇਆ ਹਰਕਤ ਵਿੱਚ

**ਫਰਿਜ਼ਨੋ (ਕੈਲੇਫੋਰਨੀਆਂ)–** ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਵਿਚ ਕੁਝ ਦਿਨ ਹੀ ਬਚੇ ਹਨ। ਇਸ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਪ੍ਰਚਾਰ ਮੁਹਿੰਮ ਤੇਜ਼ ਕਰ ਦਿੱਤੀਹੈ। ਟਰੰਪ ਦੇ ਚੋਣ ਪ੍ਰਚਾਰ ਦੌਰਾਨ ਬੁੱਧਵਾਰ ਨੂੰ ਉਸ ਸਮੇਂ ਹਫੜਾ-ਦਫੜੀ ਮਚ ਗਈ ਜਦੋਂ ਇਕ ਯਾਤਰੀ ਜਹਾਜ਼ ਅਰੀਜ਼ੋਨਾ ਵਿਚ ਚੁਣਾਵੀ ਰੈਲੀ ਥਾਂ ਦੇ ਬਹੁਤਕਰੀਬ ਪਹੁੰਚ ਗਿਆ। ਪਾਬੰਦੀਸ਼ੁਦਾ ਹਵਾਈ ਇਲਾਕੇ ਵਿਚ ਯਾਤਰੀ ਜਹਾਜ਼ ਦੇ ਆਉਣ 'ਤੇ ਅਮਰੀਕੀ ਰਾਸ਼ਟਰਪਤੀ ਦੀ ਸੁਰੱਖਿਆ ਵਿਚ ਤਾਇਨਾਤਸੀਕਰਟ ਸਰਵਿਸ ਹਰਕਤ ਵਿਚ ਆਈ ਅਤੇ ਤੁਰੰਤ ਯੂ.ਐਸ. ਏਅਰਫੋਰਸ ਨੇ ਆਪਣੇ ਇਕ ਂ-16 ਲੜਾਕੂ ਜਹਾਜ਼ ਨੂੰ ਭੇਜਿਆ। ਰੈਲੀ ਸਥਲ 'ਤੇ ਲੜਾਕੂਜਹਾਜ਼ ਨੂੰ ਦੇਖ ਕੇ ਟਰੰਪ ਖੁਦ ਹੈਰਾਨ ਰਹਿ ਗਏ। ਐਫ-16 ਜੈਟ ਨੇ ਅੱਗ ਦੀਆਂ ਲਪਟਾਂ ਛੱਡ ਕੇ ਯਾਤਰੀ ਜਹਾਜ਼ ਨੂੰ ਭੱਜਣ ਲਈ ਮਜਬੂਰ ਕੀਤਾ। ਅਮਰੀਕੀਹਵਾਈ ਸੈਨਾ ਦੇ ਇਕ ਬੁਲਾਰੇ ਜੌਨ ਕੋਰਨੇਲਿਓ ਨੇ ਕਿਹਾ ਕਿ



ਐਫ-16 ਨੂੰ ਇਕ ਛੋਟੇ ਜਿਹੇ ਜਹਾਜ਼ ਦੀ ਜਾਣਕ-ਾਰੀ ਲੈਣ ਲਈ ਭੇਜਿਆ ਗਿਆ ਸੀ। ਉਹਨਾਂ ਨੇਕਿਹਾ ਕਿ ਇਹ ਜਹਾਜ਼ ਰਾਸ਼ਟਰਪਤੀ ਟਰੰਪ ਦੀ ਰੈਲੀ ਦੇ ਹਵਾਈ ਇਲਾਕੇ ਵਿਚ ਆ ਗਿਆ ਸੀ। ਇਸ ਛੋਟੇ ਜਿਹੇ ਜਹਾਜ਼ ਨੇ ਪਹਿਲਾਂ ਕੋਈ ਜਵਾਬ ਨਹੀਂਦਿੱਤਾ ਸੀ ਪਰ ਜਦੋਂ ਐਫ-16 ਨੇ ਅੱਗ ਦੀਆਂ ਲਪਟਾਂ ਛੱਡੀਆਂ ਤਾਂ ਯਾਤਰੀ ਜਹਾਜ਼ ਦੇ ਪਾਇਲਟ ਨੇ ਰੇਡੀਓ 'ਤੇ ਜਵਾਬ ਦਿੱਤਾ।

ਜਦੋਂ ਰੈਲੀ ਨੇੜੇ ਲੜਾਕੂਜਹਾਜ ਨੇ ਯਾਤਰੀ ਜਹਾਜ ਨੂੰ ਵਾਰਨਿੰਗ ਦੇਣ ਲਈ ਫ਼ਾਇਰ ਸ਼ਾਟ ਛੱਡੇ ਤਾਂ ਟਰੰਪ ਨੇ ਕਿਹਾ ਕਿ ਵੇਖੋ ਵੇਖੋ ਇਹ ਰਾਸ਼ਟਰਪਤੀ ਨੂੰ ਸਲਾਮੀ ਦੇਣ ਆਇਆ ਅਤੇਮੈਨੂੰ ਇਹ ਅਵਾਜ਼ ਬਹੁਤ ਪਸੰਦ ਤਾਂ ਇਸ ਪਿੱਛੋਂ ਚੋਣ ਰੈਲੀ ਵਿੱਚ ਮਜੂਦ ਲੋਕਾਂ ਨੇ ਯੂ. ਐਸ. ਏ. , ਯੂ. ਐਸ. ਏ. ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ। ਇਸਪਿੱਛੋਂ ਯਾਤਰੀ ਜਹਾਜ ਪਾਬੰਦੀਸ਼ੁਦਾ ਇਲਾਕੇ ਵਿੱਚੋਂ ਬਾਹਰ ਚੱਲਿਆ ਗਿਆ।

# ਫਰਿਜ਼ਨੋ ਖੇਤਰ ਦੇ ਅਧਿਆਪਕਾਂ ਅਨੁਸਾਰ ਸਕੂਲ ਖੋਲਣ ਦਾ ਫੈਸਲਾ ਹੈ ਇੱਕ ਜਲਦਬਾਜ਼ੀ


**ਗੁਰਿੰਦਰਜੀਤ ਨੀਟਾ ਮਾਛੀਕੇ,ਫਰਿਜ਼ਨੋ(ਕੈਲੀਫੋਰ-ਨੀਆਂ)–** ਫਰਿਜ਼ਨੋ ਵਿੱਚ ਕੋਰੋਨਾਂ ਵਾਇਰਸ ਮਹਾਂਮਾਰੀ ਕਰਕੇ ਕੀਤੀ ਤਾਲਾਬੰਦੀ ਅਤੇ ਸਾਵਧਾਨੀਆਂ ਕਰਕੇ ਬੰਦ ਕੀਤੇ ਗਏ ਸਕੂਲ ਅਗਲੇ ਹਫਤੇ ਖੁੱਲਣ ਜਾ ਰਹੇ ਹਨ। ਜਿਲ੍ਹਾ ਪ੍ਰਸ਼ਾਸਨ ਨੇ ਸੋਮਵਾਰ ਤੋਂ ਸਕੂਲ ਚਾਲੂ ਕਰਨ ਲਈ ਅਧਿਆਪਕਾਂ ਨੂੰ ਕਿਹਾ ਹੈ। ਪਰ ਕੁਝ ਅਧਿਆਪਕਾਂ ਅਤੇ ਮਾਪਿਆਂ ਦਾ ਕਹਿਣਾ ਹੈ ਕਿ ਇਹ ਇੱਕ ਜਲਦਬਾਜ਼ੀ ਵਾਲਾ ਫੈਸਲਾ ਹੈ ਅਤੇ ਉਨ੍ਹਾਂ ਦੁਬਾਰਾ ਇਸ ਬਾਰੇ ਗੱਲਬਾਤ ਬੰਦ ਕਰ ਦਿੱਤੀ ਗਈ ਹੈ। ਸੰਗੇਰ ਯੂਨੀਫਾਈਡ ਸਕੂਲ ਦੇ ਅਧਿਆਪਕਾਂ ਨੂੰ ਸੋਮਵਾਰ ਨੂੰ ਕੈਂਪਸ ਵਾਪਸ ਜਾਣ ਲਈ ਕਿਹਾ ਗਿਆ ਹੈ ਪਰ ਉਹਨਾਂ ਅਨੁਸਾਰ ਉਹ ਕੋਰੋਨਾਂ ਵਾਇਰਸ ਮਹਾਂਮਾਰੀ ਦੇ ਦੌਰਾਨ ਵਾਪਸ ਆਉਣਾ ਸੁਰੱਖਿਅਤ ਮਹਿਸੂਸ ਨਹੀਂ ਕਰਦੇ ਹਨ। ਇੱਕ ਹੋਰ ਅਧਿਆਪਕ ਅਨੁਸਾਰ ਸਕੂਲ ਖੋਲਣ ਸੰਬੰਧੀ ਇੱਕ ਸਰਵੇ ਕਰਵਾਉਣ ਦੀ ਲੋੜ ਹੈ। ਸੰਗੇਰ ਯੂਨੀਫਾਈਡ ਸੁਪਰਡੈਂਟ ਐਡੀਲਾ ਜੋਨਸ ਨੇ ਕਿਹਾ ਕਿ ਇਹ ਜ਼ਿਲ੍ਹਾ, ਜਿਸ ਵਿਚ ਤਕਰੀਬਨ 700 ਸਿੱਖਿਅਕ ਅਤੇ 12,600 ਵਿਦਿਆਰਥੀ ਹਨ ਜਦਕਿ ਅਧਿਆਪਕਾਂ ਨੂੰ ਨਹੀਂ ਪੁੱਛਿਆ



ਗਿਆ ਕਿ ਉਹ ਵਾਪਿਸ ਆਉਣਾ ਚਾਹੁੰਦੇ ਹਨ ਜਾਂ ਨਹੀ। ਇੱਕ ਅਧਿਆਪਕ ਯੂਨੀਅਨ ਅਨੁਸਾਰ ਪਿਛਲੇ ਹਫ਼ਤੇ ਸੈਂਸਰ ਯੂਨੀਫਾਈਡ ਟੀਚਰਜ਼ ਐਸੋਸੀਏਸ਼ਨ ਦੀ ਬੈਠਕ ਦੌਰਾਨ, ਲਗਭਗ 200 ਅਧਿਆਪਕਾਂ ਦਾ ਸਰਵੇਖਣ ਕੀਤਾ ਗਿਆ ਸੀ ਅਤੇ 81% ਨੇ ਕਿਹਾ ਸੀ ਕਿ ਉਹ ਵਿਅਕਤੀਗਤ ਅਧਿਆਪਨ ਵਿੱਚ ਵਾਪਸ ਪਰਤਣਾ ਸੁਰੱਖਿਅਤ ਨਹੀਂ ਮਹਿਸੂਸ ਕਰਦੇ ਕਿਉਂਕਿ ਮਹਾਂਮਾਰੀ ਦਾ ਖਤਰਾ ਅਜੇ ਟਲਿਆ ਨਹੀਂ ਹੈ। ਸਕੂਲ ਖੋਲ੍ਹਣ ਸੰਬੰਧੀ ਯੂਨੀਫਾਈਡ ਦੀ ਪ੍ਰਸਤਾਵਿਤ ਯੋਜਨਾ ਦੇ ਅਨੁਸਾਰ, ਵਿਦਿਆਰਥੀਆਂ ਨੂੰ ਦੋ ਸਮੂਹਾਂ ਵਿੱਚ ਵੰਡਿਆ ਜਾਵੇਗਾ ਅਤੇ ਵਿਦਿਆਰਥੀਆਂ ਦਾ ਹਰੇਕ ਸਮੂਹ ਗ੍ਰੇਡ ਦੇ ਹਿਸਾਬ ਨਾਲ ਹਫਤੇ ਦੇ ਚਾਰ ਦਿਨ ਸਵੇਰੇ ਜਾਂ ਦੁਪਹਿਰ ਨੂੰ ਦੋ ਘੰਟੇ ਅਤੇ 45 ਮਿੰਟ ਦੇ ਵਿਚਕਾਰ ਕੈਂਪਸ ਵਿੱਚ ਰਹੇਗਾ। ਬਾਕੀ ਦਿਨ ਵਿਦਿਆਰਥੀ ਘਰ ਤੋਂ ਆਨਲਾਈਨ ਕੰਮ ਕਰਨਗੇ ।ਸੁਪਰਡੈਂਟ ਜੋਨਸ ਨੇ ਕਿਹਾ ਕਿ ਜ਼ਿਲੇ ਵਿੱਚ ਸਕੂਲ ਮੁੜ ਖੋਲ੍ਹਣ ਵਾਲੀ ਟਾਸਕ ਫੋਰਸ ਹੈ ਜਿਸ ਵਿਚ 125 ਅਧਿਆਪਕ, ਸਟਾਫ ਅਤੇ ਮਾਪੇ ਸ਼ਾਮਲ ਹਨ। ਵੱਖ ਵੱਖ ਅਧਿਆਪਕ ਸਮੂਹਾਂ ਦੇ ਨਾਲ ਮਿਲ ਕੇ ਇਹ ਟਾਸਕ ਫੋਰਸ ਮਾਰਗ ਦਰਸ਼ਨ ਦਿੰਦੀ ਹੈ।

# ਭਾਰਤੀ ਮੂਲ ਦੇ ਵਿਅਕਤੀ ਨੇ ਚੁਰਾਈ ਤਿੰਨ ਸਾਲਾਂ ਬੱਚੀ ਸਮੇਤ ਕਾਰ

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–** ਭਾਰਤੀ ਵਿਅਕਤੀ ਦੁਨੀਆਂ ਵਿੱਚ ਕਿਤੇ ਵੀ ਹੋਣ ਕਿਸੇ ਨਾਂ ਕਿਸੇ ਕਾਰਨ ਕਰਕੇ ਸੁਰਖੀਆਂ ਵਿੱਚ ਆ ਹੀ ਜਾਂਦੇ ਹਨ। ਅਮਰੀਕਾ ਵਿੱਚ ਹੁਣ ਇੱਕ ਭਾਰਤੀ ਮੂਲ ਦੇ ਵਿਅਕਤੀ ਨੇ ਕਾਰ ਦੀ ਚੋਰੀ ਕਰਕੇ ਆਪਣੇ ਲਈ ਖਬਰਾਂ ਵਟੋਰੀਆਂ ਹਨ। ਹਰਦੇਵ ਸਿੰਘ ਨਾਮ ਦੇ ਇਸ ਵਿਅਕਤੀ ਨੇ ਸੋਮਵਾਰ ਨੂੰ ਮਰਸੀਡ ਵਿੱਚ ਇੱਕ ਕਾਰ ਨੂੰ ਰਾਸਤੇ ਵਿੱਚੋਂ ਬੱਚੇ ਸਮੇਤ ਚੁਰਾ ਲਿਆ। ਉਸ ਨੂੰ ਹਿਰਾਸਤ ਵਿੱਚ ਲੈਣ ਲਈ ਚੌਅਚਿਲਾ ਅਤੇ ਮਰਸੀਡ ਦੀ ਪੁਲਿਸ ਨੇ ਮਿਲ ਕੇ ਕੰਮ ਕੀਤਾ। ਮਰਸੀਡ ਪੁਲਿਸ ਵਿਭਾਗ ਦੇ ਕੈਪਟਨ ਜੇ ਸਟਰੂਬਲ ਅਨੁਸਾਰ ਬੱਚੀ ਦੀ ਮਾਂ ਨੇ ਕਾਰ ਨੂੰ ਰੋਕਣ ਦਾ ਪਿੱਛਾ ਵੀ ਕੀਤਾ ਪਰ ਅਸਫਲ ਰਹੀ। ਪਰ ਕੁੱਝ ਸਮੇਂ ਬਾਅਦ ਬੱਚੀ ਜਿਸਦਾ ਨਾਮ ਜੈਸੀ ਸਨਚੇਜ਼ ਹੈ ਨੂੰ ਦੋਸ਼ੀ ਕਾਰ ਸਮੇਤ ਅਲਰਟ ਜਾਰੀ ਕਰਨ ਤੋਂ ਤੁਰੰਤ ਬਾਅਦ ਇੱਕ ਗੈਸ ਸਟੇਸ਼ਨ 'ਤੇ ਛੱਡ ਗਿਆ।







ਉਸ ਵਕਤ ਬੱਚੀ ਇਕ ਘੰਟੇ ਤੋਂ ਜ਼ਿਆਦਾ ਸਮੇਂ ਲਈ ਕਾਰ ਵਿਚ ਇਕੱਲੀ ਰਹੀ ਸੀ ਪਰ ਫਿਰ ਉਹ ਸਹੀ ਸਲਾਮਤ ਘਰ ਪਹੁੰਚ ਗਈ ਸੀ। ਅਗਲੇ ਦਿਨ ਹਰਦੇਵ ਸਿੰਘ ਨੂੰ ਗੈਸ ਸ਼ਟੇਸ਼ਨ ਦੇ ਨੇੜਿਓਂ ਹੀ ਗ੍ਰਿਫਤਾਰ ਕਰ ਲਿਆ ਗਿਆ। ਉਹ ਹੁਣ ਮਰਸੀਡ ਕਾਉਂਟੀ ਜੇਲ੍ਹ ਵਿਚ ਹੈ। ਪੁਲਿਸ ਦੁਆਰਾ ਪੁੱਛ-ਪੜਤਾਲ ਕਰਨ ਤੇ ਉਸਨੇ ਸਾਰੀ ਘਟਨਾ ਦਾ ਇਕਬਾਲ ਕਰਦਿਆਂ ਦੱਸਿਆ ਕਿ ਉਹ ਰਿਚਮੰਡ ਤੋਂ ਫਰਿਜ਼ਨੋ ਜਾ ਰਿਹਾ ਸੀ ਅਤੇ ਉਸਦੇ ਡਰਾਈਵਰ ਨਾਲ ਲੜਾਈ ਹੋਣ ਤੋਂ ਬਾਅਦ ਯਾਤਰਾ ਨੂੰ ਪੂਰਾ ਕਰਨ ਲਈ ਉਸਨੇ ਇੱਕ ਕਾਰ ਚੋਰੀ ਕਰਨ ਦਾ ਫੈਸਲਾ ਕੀਤਾ। ਅਧਿਕਾਰੀਆਂ ਅਨੁਸਾਰ ਉਸ ਦਾ ਬੱਚੇ ਨੂੰ ਨੁਕਸਾਨ ਪਹੁੰਚਾਉਣ ਦਾ ਕੋਈ ਇਰਾਦਾ ਨਹੀਂ ਸੀ।

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

## ਅਮਰੀਕਾ 'ਚ ਅਗਾਊ ਵੋਟਿੰਗ ਵਿਚ ਬਣਿਆ ਰਿਕਾਰਡ

# ਟੈਕਸਾਸ ਵਿਚ 2016 ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਪਈਆਂ ਕੁੱਲ ਵੋਟਾਂ ਤੋਂ ਵੋਟਿੰਗ ਟੱਪੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** 2020 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਅਗਾਊਂ ਵੋਟਿੰਗ ਦੇ ਨਵੇਂ ਰਿਕਾਰਡ ਬਣ ਰਹੇ ਹਨ ਖਾਸ ਤੌਰ 'ਤੇ ਟੈਕਸਾਸ ਵਿਚ ਅਗਾਊਂ ਵੋਟਿੰਗ 4 ਸਾਲ ਪਹਿਲਾਂ ਪਈਆਂ ਕੁਲ ਵੋਟਾਂ ਨਾਲੋਂ ਟੱਪ ਗਈ ਹੈ। ਟੈਕਸਾਸ ਸਕੱਤਰ ਦੇ ਸਟੇਟ ਦਫ਼ਤਰ ਅਨੁਸਾਰ 2016 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਕੁਲ ਰਜਿਸਟਰਡ 15,101,087 ਵੋਟਰਾਂ ਵਿਚੋਂ 8,969,226 ਵੋਟਰਾਂ ਨੇ ਵੋਟਾਂ ਪਾਈਆਂ ਸਨ ਜਦ ਕਿ ਇਸ ਵਾਰ ਹੁਣ ਤੱਕ 9,009,850 ਵੋਟਾਂ ਭੁਗਤ ਚੁੱਕੀਆਂ ਹਨ। ਇਹ ਜਾਣਕਾਰੀ ਸਰਕਾਰੀ ਤੌਰ 'ਤੇ ਮਿਲੀ ਹੈ। 8,062,615 ਵੋਟਰਾਂ ਨੇ ਨਿੱਜੀ ਤੌਰ 'ਤੇ ਪੋਲਿੰਗ ਸਥਾਨ 'ਤੇ ਪਹੁੰਚ ਕੇ ਵੋਟ ਬਕਸਿਆਂ ਵਿਚ ਵੋਟ ਪਾਈ ਹੈ ਜਦ ਕਿ 947235 ਵੋਟਰਾਂ ਨੇ ਡਾਕ ਰਾਹੀਂ ਵੋਟ ਪਾਈ ਹੈ। ਵੋਟਾਂ ਵਿਚ 4 ਦਿਨ ਹੋਰ ਪਏ ਹਨ। ਇਸ ਲਈ 2016 ਦੀ ਤੁਲਨਾ ਵਿਚ ਵੋਟ ਪ੍ਰਤੀਸ਼ਤ ਵਧਣ ਦੀ ਸੰਭਾਵਨਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕੋਰੋਨਾ ਮਹਾਂਮਾਰੀ ਕਾਰਨ ਵੋਟਰਾਂ ਨੇ ਡਾਕ ਰਾਹੀ ਜਾਂ ਅਗਾਊਂ ਨਿੱਜੀ ਤੌਰ 'ਤੇ ਵੋਟਾਂ ਪਾਉਣ ਨੂੰ ਤਰਜੀਹ ਦਿੱਤੀ ਹੈ। ਟੈਕਸਾਸ ਵਿਚ ਵੋਟਰ ਕਿਸੇ ਪਾਰਟੀ ਦੁਆਰਾ ਰਜਿਸਟਰ ਨਹੀਂ ਕੀਤੇ ਗਏ ਇਸ ਲਈ ਅਗਾਊਂ ਵੋਟਿੰਗ ਤੋਂ ਇਹ ਅੰਦਾਜਾ ਨਹੀਂ ਲਾਇਆ ਜਾ ਸਕਦਾ ਕਿ ਜਿਆਦਾ ਵੋਟ ਡੈਮੋਕਰੈਟਸ ਪਾਰਟੀ ਜਾਂ ਰਿਪਬਲੀਕਨ ਪਾਰਟੀ ਨੂੰ ਪਏ ਹਨ। ਟੈਕਸਾਸ ਅਮਰੀਕਾ ਦੀ ਸਭ ਤੋਂ ਵਧ ਆਬਾਦੀ ਵਾਲਾ ਦੂਸਰਾ ਰਾਜ ਹੈ। 4 ਸਾਲ ਪਹਿਲਾਂ ਡੋਨਾਲਡ ਟਰੰਪ ਇਸ ਰਾਜ ਵਿਚ 9% ਅੰਕਾਂ ਨਾਲ ਜੇਤੂ ਰਹੇ ਸਨ। 1994 ਤੋਂ ਬਾਅਦ ਟੈਕਸਾਸ ਵਿਚ ਰਿਪ-ਬਲੀਕਨ ਹੀ ਜਿੱਤਦੇ ਆ ਰਹੇ ਹਨ।

ਇਸ ਵਾਰ ਡੈਮੋਕਰੈਟਸ ਉਲਟ ਫੇਰ ਦੀ ਉਮੀਦ ਰਖਦੇ ਹਨ। ਸਮੁੱਚੇ ਅਮਰੀਕਾ ਦੀ ਗੱਲ ਕਰੀਏ ਤਾਂ 8.40 ਕਰੋੜ ਵੋਟਰ ਵੋਟ ਪਾ ਚੁੱਕੇ ਹਨ ਜੋ 2016 ਵਿਚ ਪਈਆਂ ਕੁਲ ਵੋਟਾਂ ਦਾ ਤਕਰੀਬਨ 61% ਬਣਦਾ ਹੈ।

# ਅਸੀ ਪਹਿਲਾਂ ਨਾਲੋਂ ਚੰਗੀ ਸਥਿੱਤੀ ਵਿਚ ਹਾਂ- ਰਾਸ਼ਟਰਪਤੀ ਟਰੰਪ

## ਡਾਕ ਵਾਲੀਆਂ ਵੋਟਾਂ ਦੀ ਗਿਣਤੀ ਕਾਰਨ ਨਤੀਜੇ ਦੇ ਐਲਾਨ ਵਿਚ ਹੋ ਸਕਦੀ ਹੈ ਦੇਰੀ

**ਸੈਕਰਾਮੈਂਟੋ ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਚੰਗੀ ਸਥਿੱਤੀ ਵਿਚ ਹਨ ਤੇ ਚੋਣ ਵਾਲੇ ਦਿਨ ਨੂੰ ਲੈ ਕੇ ਪ੍ਰੇਸ਼ਾਨ ਨਹੀਂ ਹਨ।

ਹਾਲਾਂ ਕਿ ਚੋਣ ਸਰਵੇਖਣਾਂ ਵਿਚ ਤੇ ਅਗਾਊਂ ਵੋਟਿੰਗ ਵਿਚ ਟਰੰਪ ਦੇ ਪਛੜਨ ਦੇ ਅਨੁਮਾਨ ਲਾਏ ਗਏ ਹਨ ਪਰ ਟਰੰਪ ਇਸ ਤੋਂ ਬੇਫਿਕਰ ਹਨ। ਕੇਨੋਸ਼ਾ (ਵਿਸਕਾਨਸਨ) ਵਿਚ ਇਕ ਚੋਣ ਰੈਲੀ ਲਈ ਜਾਣ ਸਮੇ ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੇਰਾ ਵਿਚਾਰ ਹੈ ਕਿ ਅਸੀਂ ਪਹਿਲਾਂ ਨਾਲੋਂ ਕਿਤੇ ਵਧ ਮਜਬੂਤ ਸਥਿੱਤੀ ਵਿਚ ਹਾਂ। ਰਾਸ਼ਟਰਪਤੀ ਨੇ ਪੈਨਸਿਲਵਾਨੀਆ ਨੂੰ ਲੈ ਕੇ ਚਿੰਤਾ ਜਾਹਿਰ ਕੀਤੀ ਤੇ ਕਿਹਾ ਕਿ ਉਹ ਰਾਜ ਦੀ ਸੁਪਰੀਮ ਕੋਰਟ ਦੇ ਉਸ ਹੁਕਮ ਦਾ ਮੁੜ ਵਿਰੋਧ ਕਰਦੇ ਹਨ ਜਿਸ ਤਹਿਤ ਚੋਣ ਅਧਿਕਾਰੀਆਂ ਨੂੰ ਚੋਣ ਵਾਲੇ ਦਿਨ



ਮੰਗਲਵਾਰ ਤੋਂ ਬਾਅਦ ਤਿੰਨ ਦਿਨ ਤੱਕ ਡਾਕ ਰਾਹੀਂ ਵੋਟਾਂ ਸਵਿਕਾਰ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਨੇ ਅਦਾਲਤ ਦੇ ਆਦੇਸ਼ ਉਪਰ ਟਵੀਟ ਕਰਦਿਆਂ ਕਿਹਾ ਸੀ ਕਿ ''ਇਹ ਖਤਰਨਾਕ ਨਿਰਨਾ ਹੈ ਇਸ ਨਾਲ ਸੜਕਾਂ ਉਪਰ ਹਿੰਸਾ ਫੈਲ ਸਕਦੀ ਹੈ।'' ਰਾਸ਼ਟਰਪਤੀ ਨੇ ਮੁੜ ਕਿਹਾ ਕਿ ਇਹ ਗਲਤ ਫੈਸਲਾ ਹੈ, ਇਸ ਨਾਲ ਹੇਰਾਫੇਰੀ ਹੋ ਸਕਦੀ ਹੈ।'' ਇਥੇ ਜਿਕਰਯੋਗ ਹੈ ਕਿ ਇਸ ਵਾਰ ਰਿਕਾਰਡ ਅਗਾਊਂ ਵੋਟਿੰਗ ਹੋਈ ਹੈ।

1 ਨਵੰਬਰ ਤੱਕ 9.30 ਕਰੋੜ ਵੋਟਰ ਆਪਣੀਆਂ ਵੋਟਾਂ ਪਾ ਚੁੱਕੇ ਹਨ। ਚੋਣ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਜੇਕਰ ਦੋਨਾਂ ਉਮੀਦਵਾਰਾਂ ਵਿਚਾਲੇ ਵੋਟਾਂ ਦਾ ਅੰਤਰ ਬਹੁਤ ਥੋੜਾ ਰਹਿ ਜਾਂਦਾ ਹੈ ਤਾਂ 3 ਨਵੰਬਰ ਤੋਂ ਬਾਅਦ ਤਿੰਨ ਦਿਨ ਤੱਕ ਪੈਣ ਵਾਲੀਆਂ ਡਾਕ ਰਾਹੀਂ ਵੋਟਾਂ ਦੀ ਗਿਣਤੀ ਕਰਨੀ ਜਰੂਰੀ ਹੋ ਜਾਵੇਗੀ। ਇਸ ਕਾਰਨ ਚੋਣ ਨਤੀਜੇ ਦੇ ਐਲਾਨ ਵਿਚ ਦੇਰੀ ਹੋ ਸਕਦੀ ਹੈ।

# ਟੈਕਸਾਸ ਵਿਚ ਅਦਾਕਾਰ ਐਡੀ ਹਸਲ ਦੀ ਗੋਲੀਆਂ ਮਾਰ ਕੇ ਹੱਤਿਆ


ਸੈਕਰਾਮੈਂਟੋ ਕੈਲੀਫੋਰਨੀਆ (ਹੁਸਨ ਲੜੋਆ ਬੰਗਾ) — 2010 ਵਿਚ ਆਸਕਾਰ ਲਈ ਨਾਮਜ਼ਦ ਫਿਲਮ ' ਦ ਕਿਡਜ਼ ਆਰ ਆਲ ਰਾਈਟ' ਤੇ ਐਨ ਬੀ ਸੀ ਲੜੀਵਾਰ 'ਸਰਫੇਸ' ਵਿਚ ਕੰਮ ਕਰਨ ਵਾਲੇ 30 ਸਾਲਾ ਅਦਾਕਾਰ ਐਡੀ ਹਸਲ ਦੀ ਟੈਕਸਾਸ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।




ਜਨਤਿਕ ਸੂਚਨਾ ਅਧਿਕਾਰੀ ਚੈਲਸੀ ਕਰੇਟਜ਼ ਅਨੁਸਾਰ ਘਟਨਾ ਦਾ ਪਤਾ ਲੱਗਣ 'ਤੇ ਗਰੈਂਡ ਪਰੇਰੀ ਪੁਲਿਸ ਅਧਿਕਾਰੀ ਮੌਕੇ ਉਪਰ ਪੁੱਜੇ ਤਾਂ ਉਨ•ਾਂ ਨੇ ਐਡੀ ਨੂੰ ਜ਼ਮੀਨ ਉਪਰ ਡਿੱਗਿਆਂ ਵੇਖਿਆ। ਉਸ ਦੇ ਗੋਲੀਆਂ ਦੇ ਜ਼ਖਮ ਸਨ। ਉਸ ਨੂੰ ਨਾਲ ਲੱਗਦੇ ਹਸਪਤਾਲ ਲੈ ਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਕਰੇਟਜ਼ ਨੇ ਦਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਪਰੰਤੂ ਪੁਲਿਸ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਮੌਕੇ ਉਪਰੋਂ ਇਕ ਕਾਰ ਜਾਂਦੀ ਵੇਖੀ ਗਈ ਸੀ ਜਿਸ ਨੂੰ ਬਾਅਦ ਵਿਚ ਬਰਾਮਦ ਕਰ ਲਿਆ ਗਿਆ ਹੈ। ਅਦਾਕਾਰ ਮਾਰਕ ਰੂਫਾਲੋ ਨੇ ਇਕ ਟਵੀਟ ਵਿਚ ਐਡੀ ਦੀ ਮੌਤ ਉਪਰ ਦੁੱਖ ਪ੍ਰਗਟ ਕਰਦਿਆਂ ਉਸ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਹੈ ਤੇ ਕਿਹਾ ਹੈ ਕਿ ''ਪਾਗਲਾਂ ਵਾਲੀ ਗੰਨ ਹਿੰਸਾ, ਸਾਡੇ ਦੇਸ਼ ਨੂੰ ਪਲੇਗ ਦੀ ਤਰਾਂ ਚੰਬੜੀ ਹੋਈ ਹੈ। ਇਹ ਬੰਦ ਹੋਣੀ ਚਾਹੀਦੀ ਹੈ।''

# ਗਸ਼ਤੀ ਪੁਲਿਸ ਪਾਰਟੀ ਉਪਰ ਚਲਾਈਆਂ ਗੋਲੀਆਂ ਨਾਲ ਦੋ ਅਫਸਰ ਜ਼ਖਮੀ, ਇਕ ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਨਿਊ ਓਰਲੀਨਜ਼ ਵਿਚ ਇਕ ਗਸ਼ਤੀ ਪੁਲਿਸ ਗੱਡੀ ਉਪਰ ਇਕ ਰਿਕਸ਼ਾ ਕੈਬ ਵਿਚ ਸਵਾਰ ਵਿਅਕਤੀ ਵੱਲੋਂ ਕੀਤੀ ਫਾਇਰਿੰਗ ਨਾਲ ਦੋ ਪੁਲਿਸ ਅਫਸਰ ਜ਼ਖਮੀ ਹੋ ਗਏ ਜਿਹਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਦਸੀ ਜਾ ਰਹੀ ਹੈ। ਸਿਟੀ ਪੁਲਿਸ ਸੁਪਰਡੈਂਟ ਸ਼ੌਨ ਫਰਗੁਸਨ ਨੇ ਪੱਤਰਕਾਰਾਂ ਨੂੰ ਦਸਿਆ ਕਿ ਇਹ ਘਟਨਾ ਸ਼ੁੱਕਰਵਾਰ ਦੁਪਹਿਰ ਵੇਲੇ ਵਾਪਰੀ। ਦੋਨਾਂ ਅਫਸਰਾਂ ਉਪਰ ਰਾਇਲ ਤੇ ਸੇਂਟ ਫਿਲਿਪ




ਸਟਰੀਟ ਦੇ ਚੁਰਾਹੇ ਵਿਚ ਘਾਤ ਲਾ ਕੇ ਹਮਲਾ ਕੀਤਾ ਗਿਆ। ਇਕ ਪੁਲਿਸ ਅਫਸਰ ਦੇ ਗੋਲੀ ਖੱਬੀ ਗੱਲ ਵਿਚ ਅੱਖ ਤੋਂ ਹੇਠਾਂ ਵੱਜੀ। ਉਸ ਦੀ ਹਾਲਤ ਗੰਭੀਰ ਪਰ ਸਥਿਰ ਹੈ।

ਇਹ ਅਫਸਰ ਪਿਛਲੇ 4 ਸਾਲ ਤੋਂ ਪੁਲਿਸ ਵਿਭਾਗ ਵਿਚ ਕੰਮ ਕਰ ਰਿਹਾ ਹੈ। ਦੂਸਰਾ ਪੁਲਿਸ ਅਫਸਰ ਜੋ 16 ਸਾਲ ਤੋਂ ਵਿਭਾਗ ਵਿਚ ਕੰਮ ਕਰ ਰਿਹਾ ਹੈ, ਦਾ ਜ਼ਖਮ ਗੰਭੀਰ ਨਹੀਂ ਹੈ। ਉਹਨਾਂ ਹੋਰ ਕਿਹਾ ਕਿ ਸਾਡੇ ਪੁਲਿਸ ਅਫਸਰਾਂ ਲਈ ਇਹ ਕਾਲਾ ਦਿਨ ਹੈ। ਦੋਸ਼ੀ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ।

# ਸਿੱਖਾਂ ਬਾਰੇ ਭੁਲੇਖੇ ਦੂਰ ਕਰਨ ਲਈ ਮਨਾਇਆ ਜਾ ਰਿਹਾ ਹੈ ਜਾਗਰੂਕਤਾ ਮਹੀਨਾ


## ਰਾਸ਼ਟਰੀ ਮਾਰਗਾਂ ਉਪਰ ਸਿੱਖਾਂ ਦੀ ਪਛਾਣ ਬਾਰੇ ਬੋਰਡ ਲਾਏ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਕੈਲੀਫੋਰਨੀਆ ਰਾਜ ਨੇ ਨਵੰਬਰ ਨੂੰ ਸਿੱਖ ਜਾਗਰੂਕਤਾ ਤੇ ਸ਼ਲਾਘਾ ਮਹੀਨੇ ਵਜੋਂ ਮਾਨਤਾ ਦਿੱਤੀ ਹੋਈ ਹੈ। ਹਰ ਸਾਲ ਇਸ ਮਹੀਨੇ ਦੌਰਾਨ ਸਿੱਖ ਸੰਸਥਾਵਾਂ ਵੱਲੋਂ ਸਿੱਖਾਂ ਦੀ ਪਛਾਣ ਬਾਰੇ ਭੁਲੇਖੇ ਦੂਰ ਕਰਨ ਤੇ ਸਿੱਖਾਂ ਦੇ ਸਭਿਆਚਾਰ ਬਾਰੇ ਅਮਰੀਕਨ ਲੋਕਾਂ ਨੂੰ ਜਾਣੂ ਕਰਵਾਉਣ ਲਈ ਮੁਹਿੰਮ ਚਲਾਈ ਜਾਂਦੀ ਹੈ। ਇਸ ਵਾਰ ਵੀ ਟਰੇਸੀ, ਮਾਊਨਟੇਨ ਹਾਊਸ , ਮਨਟਿਕਾ ਤੇ ਹੋਰ ਖੇਤਰਾਂ ਦੇ ਸਿੱਖ ਭਾਈਚਾਰੇ ਵੱਲੋਂ ਇਸ ਮੁਹਿੰਮ ਵਿਚ ਹਿੱਸਾ ਲਿਆ ਜਾ ਰਿਹਾ ਹੈ । ਗੁਰੂ ਘਰਾਂ, ਸੈਂਟਰਲ ਵੈਲੀ ਆਰਗੇਨਾਈਜੇਸ਼ਨ ਜੈਕਾਰਾ ਮੂਵਮੈਂਟ ਤੇ ਸਥਾਨਕ ਸਮਾਜ ਸੇਵਿਕਾਂ ਦੇ ਸਹਿਯੋਗ ਨਾਲ ਸੈਨ ਜੈਕੁਇਨ ਕਾਊਂਟੀ ਦੇ ਸਿੱਖ ਭਾਈਚਾਰੇ ਵੱਲੋਂ ਵੱਖ ਵੱਖ ਰਾਸ਼ਟਰੀ ਮਾਰਗਾਂ ਉਪਰ ਸਿੱਖਾਂ ਦੀ ਪਛਾਣ ਸਬੰਧੀ ਬੋਰਡ ਲਾਏ ਗਏ ਹਨ। ਸਿੱਖਸ ਆਫ ਟਰੇਸੀ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ''ਇਸ ਮੁਹਿੰਮ ਦਾ ਸਿੱਧਾ ਸਾਧਾ ਸੰਦੇਸ਼ ਇਹ ਹੈ ਕਿ ਅਮਰੀਕਨ ਲੋਕ ਸਿੱਖਾਂ ਦੇ ਸਭਿਆਚਾਰ ਤੇ ਸਿੱਖਇਜ਼ਮ ਬਾਰੇ ਜਾਣ ਸਕਣ। ਸਿੱਖ ਧਰਮ ਨੂੰ ਗਲਤ ਪਛਾਣ ਕਾਰਨ ਨਿਸ਼ਾਨਾ ਬਣ-ਾਇਆ ਜਾਂਦਾ ਹੈ ਤੇ ਸਿੱਖਾਂ ਨੂੰ ਨਫ਼ਰਤ ਨਾਲ ਵੇਖਿਆ ਜਾਂਦਾ ਹੈ। ਗਲਤ ਪਛਾਣ ਕਾਰਨ ਸਿੱਖਾਂ ਉਪਰ ਹਮਲੇ ਹੁੰਦੇ ਹਨ। ਅਗਸਤ 2019 ਵਿਚ ਟਰੇਸੀ ਵਾਸੀ 64 ਸਾਲਾ ਪਰਮਜੀਤ ਸਿੰਘ ਇਸੇ ਨਫ਼ਰਤ ਦਾ ਸ਼ਿਕਾਰ ਹੋਇਆ ਸੀ ਤੇ ਉਸ ਦੀ ਚਾਕੂ ਮਾਰਕੇ ਹੱਤਿਆ ਕਰ ਦਿੱਤੀ ਗਈ ਸੀ।'' ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ ਇਹੋ ਜਿਹੀਆਂ ਵਾਪਰੀਆਂ ਅਫਸੋਸਨਾਕ ਘਟਨਾਵਾਂ ਨੇ ਜਾਗਰੂਕਤਾ ਮੁਹਿੰਮ ਚਲਾਉਣ ਲਈ ਪ੍ਰੇਰਿਆ ਹੈ ਤਾਂ ਜੋ ਭਵਿੱਖ ਵਿਚ ਹੋਰ ਕੋਈ ਸਿੱਖ ਗਲਤ ਪਛਾਣ ਕਾਰਨ ਨਿਸ਼ਾਨਾ ਨਾ ਬਣੇ। ਇਥੇ ਵਰਨਣਯੋਗ ਹੈ ਕਿ ਟਰੇਸੀ ਦੇ ਸਿੱਖਾਂ ਤੇ ਉਨਾਂ ਦੀਆਂ ਸਹਿਯੋਗੀ ਸੰਸਥਾਵਾਂ ਵੱਲੋਂ ਅਪਣਾਏ ਗਏ ਰਾਸ਼ਟਰੀ ਮਾਰਗਾਂ ਦੇ ਹਿੱਸੇ ਉਪਰ ਨਿ-ਰੰਤਰ ਸਫ਼ਾਈ ਕੀਤੀ ਜਾਂਦੀ ਹੈ।




# ਮਰਨ ਤੋਂ ਪਹਿਲਾਂ 20 ਸਾਲਾ ਕੈਂਸਰ ਪੀੜਤ ਕੁੜੀ ਨੇ ਪਾਈ ਵੋਟ

**ਸੈਕਰਾਮੈਂਟੋ ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਵਿਸਕਾਨਸਿਨ ਰਾਜ ਦੀ 20 ਸਾਲਾ ਅੰਬਰ ਪਫਲੂਘੋਫਟ ਨਾਮੀ ਲੜਕੀ ਜੋ ਪਿਛਲੇ ਇਕ ਦਹਾਕੇ ਤੋਂ ਕੈਂਸਰ ਨਾਲ ਜੂਝ ਰਹੀ ਸੀ, ਨੇ ਵੋਟ ਪਾਉਣ ਉਪਰੰਤ ਦਮ ਤੋੜ ਦਿੱਤਾ। 2016 ਦੀਆਂ ਚੋਣਾਂ ਵਿਚ ਉਹ ਬੋਨ ਮੈਰੋ ਟਰਾਂਸਪਲਾਂਟ ਕਾਰਨ ਹਸਪਤਾਲ ਵਿਚ ਸੀ ਪਰੰਤੂ ਰਾਜਨੀਤੀ ਵਿਚ ਉਸ ਦੀ ਪੂਰੀ ਦਿਲਚਸਪੀ ਸੀ। ਇਸ ਵਾਰ ਦੀਆਂ ਚੋਣਾਂ ਵਿਚ ਉਹ ਵੋਟ ਪਾਉਣ ਲਈ ਬਹੁਤ ਉਤਸਕ ਸੀ। ਕੁਝ ਦਿਨ ਪਹਿਲਾਂ ਉਸ ਨੇ ਆਪਣੀ ਵੋਟ ਡਾਕ ਰਾਹੀਂ ਪਾਈ। ਇਸ ਉਪਰੰਤ ਉਸ ਦੀ ਹਾਲਤ ਬਹੁਤ ਵਿਗੜ ਗਈ। ਉਸ ਨੂੰ ਮਿਲਵਾਉਕੀ ਦੇ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਈ। ਮਰਨ ਤੋਂ ਪਹਿਲਾਂ ਉਸ ਨੇ ਨਰਸਾਂ ਤੇ ਡਾਕਟਰਾਂ ਨੂੰ ਦਸਿਆ ਕਿ ਉਸ ਨੇ ਵੋਟ ਪਾ ਦਿੱਤੀ ਹੈ। ਵਿਸਕਾਨਸਿਨ ਚੋਣ ਕਾਨੂੰਨ ਅਨੁਸਾਰ ਵੋਟ ਪਾ ਕੇ ਜੋ ਵਿਅਕਤੀ ਮਰ ਜਾਂਦਾ ਹੈ, ਉਸ ਦੀ ਵੋਟ ਗਿਣੀ ਨਹੀਂ ਜਾਂਦੀ। ਇਸ ਤਰਾਂ ਮਰਨ ਤੋਂ ਪਹਿਲਾਂ ਪਹਿਲੀ ਵਾਰ ਵੋਟ ਪਾਉਣ ਵਾਲੀ ਅੰਬਰ ਪਫਲੂਘੋਫਟ ਦੀ ਵੋਟ ਵੀ ਗਿਣੀ ਨਹੀਂ ਜਾਵੇਗੀ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਹੋਰ ਵੀ ਬਹੁਤ ਸਾਰੇ ਲੋਕ ਹਨ ਜਿਨਾਂ ਦੀ ਵੋਟ ਪਾਉਣ ਉਪਰੰਤ ਮੌਤ ਹੋ ਚੁੱਕੀ ਹੈ, ਉਨਾਂ ਦੀਆਂ ਵੋਟਾਂ ਵੀ ਗਿਣੀਆਂ ਨਹੀਂ ਜਾਣਗੀਆਂ।



# ਗੁਰਚੇਤਨ ਸਿੰਘ ਮਿਲਟਰੀ ਟਰੇਨਿੰਗ ਵਿਚ ਗਰੈਜੂਏਟ ਬਣਨ ਵਾਲਾ ਪਹਿਲਾ ਭਾਰਤੀ ਮੂਲ ਦਾ ਅਮਰੀਕੀ ਸਿੱਖ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਪੰਜਾਬੀਆਂ ਨੇ ਅਮਰੀਕਾ ਵਿਚ ਆ ਕੇ ਬਹੁਤ ਮਾਣ ਮੱਤੀਆਂ ਪ੍ਰਾਪਤੀਆਂ ਕੀਤੀਆਂ ਹਨ ਜਿਨਾਂ ਉਪਰ ਪੂਰੇ ਭਾਰਤੀਆਂ ਨੂੰ ਮਾਣ ਹੈ। ਅਜਿਹੀ ਹੀ ਪ੍ਰਾਪਤੀ ਏਅਰਮੈਨ ਫਸਟ ਕਲਾਸ ਗੁਰਚੇਤਨ ਸਿੰਘ ਦੇ ਹਿੱਸੇ ਆਈ ਹੈ ਜੋ ਲੈਕਲੈਂਡ ਏਅਰ ਫੋਰਸ ਬੇਸ ਟੈਕਸਾਸ ਤੋਂ ਬੇਸਿਕ ਮਿਲਟਰੀ ਟਰੇਨਿੰਗ ਵਿਚ ਗਰੈਜੂਏਸ਼ਨ ਕਰਨ ਵਾਲਾ ਪਹਿਲਾ ਸਿੱਖ ਬਣਿਆ ਹੈ। ਇਹ ਜਾਣਕਾਰੀ ਸਿੱਖ ਕੁਲੀਸ਼ਨ ਨੇ ਦਿੱਤੀ ਹੈ। ਉਸ ਨੂੰ ਬੀ ਐਮ ਟੀ ਆਨਰ ਗਰੈਜੂਏਟ ਰਿਬਨ ਨਾਲ ਸਨਮਾਨਿਤ ਕੀਤਾ ਜਾਵੇਗਾ ਜੋ ਸਨਮਾਨ ਅਕੈਡਮਿਕ ਤੇ ਮਿਲਟਰੀ ਟਰੇਨਿੰਗ ਦੇ ਸਾਰੇ ਪੜਾਵਾਂ ਵਿਚ ਸ਼ਾਨਦਾਰ ਕਾਰਗੁਜਾਰੀ ਕਰਨ ਵਾਲੇ 10% ਟਰੇਨਿੰਗ ਫਲਾਈਟ ਗਰੈਜੂਏਟਾਂ ਨੂੰ ਦਿੱਤਾ ਜਾਂਦਾ ਹੈ। ਗੁਰਚੇਤਨ ਸਿੰਘ ਆਪਣੇ ਪਿਤਾ ਨੂੰ ਮਿਲੀ ਸ਼ਰਨ ਤੋਂ ਬਾਅਦ 2012 ਵਿਚ ਅਮਰੀਕਾ ਆਇਆ ਸੀ। ਉਸ ਨੂੰ 2013 ਵਿਚ ਅਮਰੀਕੀ ਨਾਗਰਿਕਤਾ ਮਿਲੀ ਸੀ। ਉਸ ਉਪਰੰਤ ਉਸ ਨੇ ਅਮਰੀਕੀ ਫੌਜ ਵਿਚ ਜਾਣ ਦਾ ਮੰਨ ਬਣਾਇਆ।



# 99 ਸਾਲਾ ਸਾਬਕਾ ਫੌਜੀ ਨੇ ਪਾਈ ਵੋਟ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-**ਇਸ ਵਾਰ ਦੀਆਂ ਰਾਸ਼ਟਰਪਤੀ ਚੋਣਾਂ ਵਿਚ ਲੋਕਾਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਹੈ। ਔਰਤਾਂ, ਮਰਦ, ਨੌਜਵਾਨ ਤੇ ਬਜ਼ੁਰਗ ਲੰਬੀਆਂ ਲਾਈਨਾਂ ਵਿਚ ਲੱਗਕੇ ਵੋਟ ਪਾਉਂਦੇ ਵੇਖੇ ਗਏ। 99 ਸਾਲਾ ਰਾਬਰਟ ਐਚ ਸਮਿਥ ਸੀਨੀਅਰ ਜਿਸ ਨੇ ਦੂਸਰੀ ਵਿਸ਼ਵ ਜੰਗ ਵਿਚ ਹਿੱਸਾ ਲਿਆ ਸੀ, ਨੇ ਵੋਟ ਪਾਉਣ ਉਪਰੰਤ ਕਿਹਾ ਕਿ ਮੈਨੂੰ ਵੋਟ ਪਾਉਣ 'ਤੇ ਮਾਣ ਹੈ। ਉਸ ਨੇ ਜੈਕਸਨ, ਮਿਸੀਸਿਪੀ ਵਿਚ ਵੋਟ ਪਾਈ। ਇਸ ਮੌਕੇ ਸਮਿਥ ਨੇ ਉਹ ਸਮਾਂ ਯਾਦ ਕਰਦਿਆਂ ਜਦੋਂ ਉਸ ਸਮੇਤ ਬਹੁਤ ਸਾਰੇ ਅਫਰੀਕਨ ਅਮਰੀਕਨ ਵੋਟ ਨਹੀਂ ਪਾ ਸਕੇ ਸਨ, ਦੱਸਿਆ ਕਿ 1942 ਵਿਚ ਉਹ 21 ਸਾਲ ਦਾ ਸੀ ਤੇ ਉਸ ਨੂੰ ਵੋਟ ਪਾਉਣ ਵਾਸਤੇ ਲੁਸਿਆਨਾ ਵਿਚ ਰਜਿਸਟਰ ਨਹੀਂ ਕੀਤਾ ਗਿਆ ਸੀ। ਉਸ ਨੂੰ ਜੰਗ ਤੋਂ ਵਾਪਿਸ ਆ ਕੇ 1946 ਵਿਚ ਵੋਟ ਪਾਉਣ ਦਾ ਮੌਕਾ ਮਿਲਿਆ ਸੀ।



# ਜ਼ੀਟਾ ਤੂਫ਼ਾਨ ਨੇ ਮਚਾਈ ਭਾਰੀ ਤਬਾਹੀ, 6 ਲੋਕਾਂ ਦੀ ਮੌਤ






**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆਂ)-** ਅਮਰੀਕਾ ਵਾਸੀਆਂ ਨੂੰ ਕੋਰੋਨਾਂ ਵਾਇਰਸ ਅਤੇ ਜੰਗਲੀ ਅੱਗਾਂ ਦੁਆਰਾ ਦਿੱਤੇ ਜਖ਼ਮ ਅਜੇ ਅੱਲੇ ਹੀ ਸਨ ਕਿ ਇਸਦੇ ਨਾਲ ਹੀ ਜ਼ੀਟਾ ਤੂਫ਼ਾਨ ਇਹਨਾਂ ਜਖ਼ਮਾਂ ਨੂੰ ਕੁਰੇਦ ਰਿਹਾ ਹੈ। ਬੀਤੇ ਦਿਨਾਂ ਤੋਂ ਮੂਲਕ ਦੇ ਕਈ ਰਾਜਾਂ ਵਿੱਚ ਸ਼ੁਰੂ ਹੋਏ ਇਸ ਗਰਮ ਖੰਡੀ ਤੂਫਾਨ ਨੇ ਭਾਰੀ ਤਬਾਹੀ ਮਚਾ ਦਿੱਤੀ ਹੈ। ਇਸ ਦੀਆਂ ਤੇਜ਼ ਹਵਾਵਾਂ, ਭਾਰੀ ਬਾਰਸ਼ ਅਤੇ ਕੁਝ ਖੇਤਰਾਂ ਵਿਚ 10 ਫੁੱਟ ਤੱਕ ਤੂਫਾਨ ਦੇ ਵਾਧੇ ਕਾਰਨ ਘੱਟੋ ਘੱਟ ਛੇ ਲੋਕਾਂ ਦੀ ਮੌਤ ਹੋ ਗਈ ਹੈ। ਤੂਫਾਨ ਨੇ ਦੱਖਣੀ ਪੂਰਬੀ ਲੂਸੀਆਨਾ ਵਿੱਚ ਵੀ ਬੁੱਧਵਾਰ ਨੂੰ ਦਸਤਕ ਦਿੱਤੀ ਜਿਸ ਨਾਲ ਲੱਖਾਂ ਲੋਕਾਂ ਨੂੰ ਗਲਫ ਕੋਸਟ ਤੇ ਬਿਨਾਂ ਬਿਜਲੀ ਦੇ ਰਹਿਣਾ ਪੈ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਤੂਫ਼ਾਨ ਕਾਰਨ ਦਰੱਖਤ ਡਿੱਗਣ ਕਾਰਨ ਜਾਰਜ਼ੀਆ ਵਿਚ ਤਿੰਨ ਅਤੇ ਅਲਾਬਮਾ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ।ਇਸ ਤੋਂ ਇਲਾਵਾ ਲੂਸੀਆਨਾ ਵਿਚ ਵੀ ਇਕ 55 ਸਾਲਾਂ ਬਜ਼ੁਰਗ ਵਿਅਕਤੀ ਦੀ ਨੀਵੀਂ ਪਾਵਰ ਲਾਈਨ ਨੂੰ ਛੂਹਣ ਤੋਂ ਬਾਅਦ ਮੌਤ ਹੋਣ ਦੀ ਘਟਨਾ ਵਾਪਰੀ ਹੈ। ਇਹਨਾਂ ਦੇ ਨਾਲ ਦੋ ਹੋਰ ਵਿਅਕਤੀਆਂ ਨੇ ਵੀ ਆਪਣੀ ਜਾਨ ਜ਼ੀਟਾ ਕਰਕੇ ਗਵਾਈ ਹੈ। ਤੇਜ਼ ਰਫ਼ਤਾਰ ਹਵਾਵਾਂ ਕਰਕੇ ਵੀਰਵਾਰ ਦੁਪਹਿਰ ਤਕ, ਜਾਰਜੀਆ, ਲੂਸੀਆਨਾ, ਓਕਲਾਹੋਮਾ, ਅਲਾਬਾਮਾ ਅਤੇ ਮਿਸੀਸਿਪੀ ਵਿਚ ਲਗਭਗ 20 ਲੱਖ ਲੋਕ ਬਿਜਲੀ ਦੀ ਸਮੱਸਿਆ ਦਾ ਸਾਹਮਣਾ ਵੀ ਕਰ ਰਹੇ ਹਨ । ਰਾਸ਼ਟਰਪਤੀ ਟਰੰਪ ਨੇ ਲੂਸੀਆਨਾ ਅਤੇ ਮਿਸੀਸਿਪੀ ਲਈ ਤਬਾਹੀ ਘੋਸ਼ਣਾਵਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤੂਫ਼ਾਨ ਨੇ ਬੁੱਧਵਾਰ ਦੀ ਰਾਤ ਨੂੰ ਲੂਸੀਆਨਾ ਦੇ ਤੱਟ ਤੇ 110 ਮੀਲ ਪ੍ਰਤੀ ਘੰਟਾ ਦੀ ਤੇਜ਼ ਹਵਾਵਾਂ ਨਾਲ ਕੁਝ ਖੇਤਰਾਂ ਵਿੱਚ ਹੜ੍ਹਾਂ ਦੀ ਸਥਿਤੀ ਵੀ ਪੈਦਾ ਕੀਤੀ ਅਤੇ ਕਈ ਇਮਾਰਤਾਂ ਦੀਆਂ ਛੱਤਾਂ ਵੀ ਉਡਾ ਦਿੱਤੀਆਂ। ਜ਼ੀਟਾ ਇੱਕ ਰਿਕਾਰਡ ਤੋੜ ਅਤੇ ਵਿਨਾਸ਼ਕਾਰੀ ਤੂਫਾਨ ਹੈ ਜਿਸ ਨੇ ਰਾਸ਼ਟਰਪਤੀ ਦੀਆਂ ਚੋਣਾਂ ਦਰਮਿਆਨ ਤਬਾਹੀ ਮਚਾਈ ਹੈ ਅਤੇ ਲੁਸੀਆਨਾ ਦੇ ਰਾਜਪਾਲ ਜੋਹਨ ਬੈਲ ਐਡਵਰਡਜ਼ ਅਨੁਸਾਰ ਚੋਣਾਂ ਦੇ ਮੱਦੇਨਜ਼ਰ ਪੋਲਿੰਗ ਦੀਆਂ ਥਾਵਾਂ ਨੂੰ ਸੇਫ ਰੱਖਣ ਨੂੰ ਪਹਿਲ ਦਿੱਤੀ ਜਾਵੇਗੀ।

## 17 ਸਾਲਾ ਵਿਅਕਤੀ ਨੂੰ ਕਤਲ ਦੇ ਦੋਸ਼ਾਂ ਵਿੱਚ ਮੁਕੱਦਮਾ ਚਲਾਉਣ ਲਈ ਹਵਾਲਗੀ ਦਿੱਤੀ



**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆਂ)-** ਕੇਨੋਸ਼ਾ, ਵਿਸਕਾਨਸਿਨ ਵਿੱਚ ਦੋ ਪ੍ਰਦਰਸ਼ਨਕਾਰੀਆਂ ਦੀ ਹੱਤਿਆ ਕਰਨ ਦੇ ਦੋਸ਼ ਵਿੱਚ ਇਲੀਨੋਏ ਦੇ ਰਹਿਣ ਵਾਲੇ ਇੱਕ 17 ਸਾਲਾ ਵਿਅਕਤੀ ਨੂੰ ਕਤਲ ਦੇ ਦੋਸ਼ਾਂ ਵਿੱਚ ਮੁਕੱਦਮਾ ਚਲਾਉਣ ਲਈ ਹਵਾਲਗੀ ਦੇ ਦਿੱਤੀ ਗਈ ਹੈ। ਆਪਣੇ ਫੈਸਲੇ ਵਿੱਚ ਜੱਜ ਪਾਲ ਨੋਵਾਕ ਨੇ ਕਾਈਲ ਰੀਟੇਨਹਾਊਸ ਦੇ ਇਲੀਨੋਇਸ ਵਿੱਚ ਰਹਿਣ ਦੀ ਜਾਚਿਕਾ ਨੂੰ ਰੱਦ ਕਰ ਦਿੱਤਾ। ਨੋਵਾਕ ਨੇ ਛੇ ਪੰਨਿਆਂ ਦੇ ਫੈਸਲੇ ਵਿੱਚ ਕਿਹਾ ਕਿ ਇਲੀਨੋਏ ਅਦਾਲਤ ਕਿਸੇ ਵਿਸਕਾਨਸਿਨ ਜ਼ਿਲ੍ਹਾ ਅਟਾਰਨੀ ਦੀ ਰਾਜਨੀਤਿਕ ਪ੍ਰਭਾਵਾਂ ਦੀ ਜਾਂਚ ਨਹੀਂ ਕਰੇਗੀ। ਇਸਦਾ ਨਿਰਣਾ ਵਿਸਕਾਨਸਿਨ ਕੋਰਟ ਦੁਆਰਾ ਹੀ ਨਿਰਧਾਰਤ ਕੀਤਾ ਜਾਵੇ। ਸ਼ੈਰਿਫ ਦਫ਼ਤਰ ਦੇ ਬੁਲਾਰੇ ਕ੍ਰਿਸਟੋਫਰ ਕੋਵੇਲੀ ਅਨੁਸਾਰ ਨੋਵਾਕ ਦੁਆਰਾ ਇਹ ਫ਼ੈਸਲਾ ਜਾਰੀ ਕਰਨ ਤੋਂ ਤੁਰੰਤ ਬਾਅਦ ਅਧਿਕਾਰੀਆਂ ਨੇ ਰੀਟੇਨਹਾਊਸ ਨੂੰ ਚੁੱਕ ਇਲੀਨੋਏ, ਵਿਸਕਾਨਸਿਨ ਸਰਹੱਦ ਤੋਂ ਪੰਜ ਮੀਲ (ਅੱਠ ਕਿਲੋਮੀਟਰ) ਤੱਕ ਲਿਜਾਇਆ ਗਿਆ ਅਤੇ ਦੁਪਹਿਰ ਲਗਭਗ 3: 45 ਵਜੇ ਸਟੇਟ ਲਾਈਨ ਵਿਖੇ ਕੇਨੋਸ਼ਾ ਕਾਊਂਟੀ ਦੇ ਅਧਿਕਾਰੀਆਂ ਹਵਾਲੇ ਕਰ ਹਵਾਲੇ ਕਰ ਦਿੱਤਾ।ਇਹ ਗੋਲੀਬਾਰੀ 25 ਅਗਸਤ ਨੂੰ , ਇੱਕ ਗੋਰੇ ਪੁਲਿਸ ਅਧਿਕਾਰੀ ਦੁਆਰਾ ਯਾਕੂਬ ਬਲੇਕ ਨਾਮ ਦੇ ਵਿਅਕਤੀ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ ਕਰਨ ਵੇਲੇ ਗੋਲੀ ਮਾਰਨ ਤੋਂ ਦੋ ਦਿਨ ਬਾਅਦ ਹੋਈ । ਪੁਲਿਸ ਦੀ ਗੋਲੀਬਾਰੀ ਦੀ ਵੀਡੀਓ ਨੇ ਲੋਕਾਂ ਵਿੱਚ ਵਿਰੋਧ ਪ੍ਰਦਰਸ਼ਨਾਂ ਨੂੰ ਵਧਾਵਾ ਦਿੱਤਾ। ਰੀਟੇਨਹਾਊਸ ਨੇ ਵੀ ਰਾਈਫਲ ਫੜ ਕੇ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਭਾਗ ਲਿਆ। ਇਸ ਦੌਰਾਨ ਰੀਟੇਨਹਾਊਸ ਤੇ ਇਰਾਦਾ ਕਤਲ, ਹੱਤਿਆ ਕਰਨ ਦੇ ਯਤਨ ਦੇ ਨਾਲ-ਨਾਲ ਹਥਿਆਰ ਰੱਖਣ ਦਾ ਦੋਸ਼ ਵੀ ਹੈ।ਉਸਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਸਵੈ-ਰੱਖਿਆ ਵਿਚ ਵਿਅਕਤੀ ਮਾਰੇ ਗਏ ਸਨ।

ਗੋਲੀਬਾਰੀ ਦੇ ਇੱਕ ਦਿਨ ਬਾਅਦ ਕਾਈਲ ਨੇ ਕੇਨੋਸ਼ਾ ਤੋਂ ਦੱਖਣ-ਪੱਛਮ ਵਿੱਚ ਲਗਭਗ 10 ਮੀਲ (16 ਕਿਲੋਮੀਟਰ) ਦੂਰ ਆਪਣੇ ਇਲੀਨੋਏ ਦੇ ਸ਼ਹਿਰ ਐਂਟੀਓਕ ਵਿੱਚ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ ਸੀ। ਇਸ ਘਟਨਾਂ ਦੇ ਸੰਬੰਧ ਵਿੱਚ ਇੱਕ ਵੀਡੀਓ ਸਪਸ਼ਟ ਕਰਦੀ ਹੈ ਕਿ ਸਿਲਵਰ ਲੇਕ ਦੇ 26 ਸਾਲਾ ਐਂਥਨੀ ਹੁਬਰ ਨੇ ਕਾਈਲ ਨੂੰ ਸਕੇਟ ਬੋਰਡ ਨਾਲ ਮਾਰਿਆ ਅਤੇ ਉਸਦੀ ਰਾਈਫਲ ਚੁੱਕਣ ਦੀ ਕੋਸ਼ਿਸ਼ ਕੀਤੀ।ਇਸ ਦੌਰਾਨ ਦੋਸ਼ੀ ਨੇ ਗੋਲੀਬਾਰੀ ਕੀਤੀ ਜਿਸ ਵਿੱਚ ਹੁਬਰ ਤੇ ਹੋਰ ਦੀ ਮੌਤ ਨਾਲ ਹੋਰ ਲੋਕ ਜਖਮੀਂ ਹੋ ਗਏ ਸਨ।

## ਤੂਫ਼ਾਨ ਨੇ ਕੀਤੀ ਪ੍ਰਭਾਵਿਤ ਇਲਾਕਿਆਂ ਦੀ ਬਿਜਲੀ ਗੁੱਲ

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ(ਕੈਲੀਫੋਰਨੀਆਂ)-** ਕੁਦਰਤੀ ਆਫਤਾਂ ਦਾ ਸਾਹਮਣਾ ਕਰ ਰਹੇ ਅਮਰੀਕਾ ਵਿੱਚ ਨਿਊ ਓਰਲੀਨਜ਼ ਤੋਂ ਬਾਅਦ ਗਰਮ ਖੰਡੀ ਤੂਫਾਨ ਜ਼ੀਟਾ, ਸੰਯੁਕਤ ਰਾਜ ਦੇ ਦੱਖਣ ਵਿੱਚ ਘੁੰਮ ਰਿਹਾ ਹੈ। ਇਹ ਲਗਭੱਗ 1.9 ਮਿਲੀਅਨ ਘਰਾਂ ਅਤੇ ਕਾਰੋਬਾਰਾਂ ਵਿੱਚ ਹਨੇਰਾ ਕਰਕੇ ਅਤੇ ਲੂਸੀਆਨਾ ਤੋਂ ਉੱਤਰੀ ਕੈਰੋਲਾਇਨਾ ਤੱਕ ਰਾਹ ਵਿੱਚ ਮਲਬਾ ਛੱਡ ਦਿੱਤਾ ਹੈ। ਰਾਸ਼ਟਰੀ ਤੂਫਾਨ ਕੇਂਦਰ ਦੇ ਅਨੁਸਾਰ, ਜ਼ੀਟਾ ਨੇ 110 ਮੀਲ (177 ਕਿਲੋਮੀਟਰ) ਪ੍ਰਤੀ ਘੰਟਾ ਦੀਆਂ ਹਵਾਵਾਂ ਨਾਲ, ਕੋਕੋਡਰੀ, ਲੂਸੀਆਨਾ ਨੇੜੇ ਲੈਂਡਫਾਲ ਬਣਾਇਆ ਸੀ। ਕੋਲੋਰਾਡੋ ਸਟੇਟ ਯੂਨੀਵਰਸਿਟੀ ਦੇ ਤੂਫਾਨ ਦੇ ਖੋਜ਼ ਕਰਤਾ ਫਿਲ ਕਲੋਟਜ਼ਬੈਚ ਅਨੁਸਾਰ ਇਕੋ ਮੌਸਮ ਵਿਚ ਲੂਸੀਆਨਾ ਜਾਂ ਸੰਯੁਕਤ ਰਾਜ ਨੂੰ ਕਦੇ ਵੀ ਇੰਨੇ ਵੱਡੇ ਤੂਫਾਨ ਕਦੇ ਨਹੀਂ ਝੱਲਣੇ ਪਏ ਹਨ। ਜ਼ੀਟਾ ਨੇ ਨਿਊ ਓਰਲੀਨਜ਼ ਵਿਚ ਇਕ ਘੰਟੇ ਵਿਚ 31 ਮੀਲ ਦੀ ਰਫਤਾਰ ਨਾਲ ਪਾੜ ਪਾ ਦਿੱਤੇ ਹਨ, ਜਿਸ ਦੇ ਚੱਲਦਿਆਂ ਘੱਟੋ ਘੱਟ ਇਕ ਦੀ ਮੌਤ ਵੀ ਹੋ ਗਈ ਹੈ। ਇਸ ਨਾਲ ਹੋਏ ਨੁਕਸਾਨ ਵੀ 5 ਬਿਲੀਅਨ ਡਾਲਰ ਤੱਕ ਹੋ ਸਕਦੇ ਹਨ।ਓਰਲੀਨਜ਼ ਦੇ ਅਧਿਕਾਰੀਆਂ ਨੇ ਬੁੱਧਵਾਰ ਦੇਰ ਸ਼ਾਮ ਇੱਕ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਤੂਫ਼ਾਨ ਨਾਲ ਰੁੱਖ ਅਤੇ ਬਿਜਲੀ ਦੇ ਖੰਭੇ ਟੁੱਟ ਗਏ ਹਨ ਜਿਸ ਨਾਲ ਮੁੱਖ ਬਿਜਲੀ ਦੀ ਸਪਲਾਈ ਵਿੱਚ ਵਿਘਨ ਪਿਆ ਹੈ। ਪਾਵਰ ਆਉਟੇਜ ਯੂ.ਐਸ. ਦੇ ਅਨੁਸਾਰ, ਬਿਜਲੀ ਸਪਲਾਈ ਤੋਂ ਪ੍ਰਭਾਵਿਤ ਲਗਭਗ 1.9 ਮਿਲੀਅਨ ਮਾਮਲੇ ਜਾਰਜੀਆ, ਲੂਸੀਆਨਾ, ਅਲਾਬਾਮਾ ਅਤੇ ਮਿਸੀਸਿਪੀ ਵਿੱਚ ਹਨ। ਸਰਕਾਰੀ ਅਧਿਕਾਰੀਆਂ ਨੇ ਵਸਨੀਕਾਂ ਨੂੰ ਸੜਕਾਂ ਤੋਂ ਦੂਰ ਰਹਿਣ ਦੀ ਚੇਤਾਵਨੀ ਵੀ ਦਿੱਤੀ ਹੈ।







ਦੇਸ਼ ਦੁਆਬਾ

# ਚੋਣਾਂ ਦੇ ਦਿਲਚਸਪ ਤੱਥ

ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਦੀਆਂ ਚੋਣਾਂ ਦਾ ਅਸਰ ਦੇਸ਼ ਅਤੇ ਵਿਦੇਸ਼ਾਂ ਦੋਹਾਂ 'ਚ ਹੁੰਦਾ ਹੈ। ਇਸ ਲਈ ਇਸ ਦੇ ਨਤੀਜੇ ਲਗਭਗ ਸਭ ਨੂੰ ਪ੍ਰਭਾਵਿਤ ਕਰਦੇ ਹਨ। ਅਮਰੀਕਾ ਦਾ ਅਗਲਾ ਰਾਸ਼ਟਰਪਤੀ ਚੁਣਨ ਲਈ ਵੋਟਾਂ ਪੈ ਚੁੱਕੀਆਂ ਹਨ। ਰਿਪਬਲਿਕਨਜ਼ ਅਮਰੀਕਾ ਦੀ ਕੰਜ਼ਰਵੇਟਿਵ ਪਾਰਟੀ ਹੈ ਅਤੇ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਦੂਜੀ ਵਾਰ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਸਨ ਅਤੇ ਡੈਮੋਕ੍ਰੇਟਜ਼ ਦੇ ਉਮੀਦਵਾਰ ਜੋਅ ਬਾਇਡਨ ਸਨ।

ਅਮਰੀਕਾ ਵਿੱਚ 50 ਸੂਬਿਆਂ ਵਿੱਚ 9 ਟਾਈਮ ਜ਼ੋਨਸ ਵਿੱਚ ਵੋਟਾਂ ਪਾਈਆਂ ਜਾ ਰਹੀਆਂ ਹਨ। ਅਮਰੀਕਾ ਵਿੱਚ ਤੜਕੇ ਸਵੇਰ ਤੋਂ ਹੀ ਵੋਟ ਪਾਉਣ ਲਈ ਲੋਕਾਂ ਦੀਆਂ ਲਾਈਨਾਂ ਲਗੀਆਂ ਹੋਈਆਂ ਸਨ। ਪੋਲਿੰਗ ਸਟੇਸ਼ਨ ਪੂਰੇ ਦੇਸ ਵਿੱਚ ਵੱਖ-ਵੱਖ ਤਰੀਕੇ ਦੀਆਂ ਥਾਵਾਂ 'ਤੇ ਬਣਾਏ ਗਏ ਜਿਵੇਂ ਸਕੂਲ, ਲਾਈਬ੍ਰੇਰੀਆਂ ਨੂੰ ਵੀ ਪੋਲਿੰਗ ਸਟੇਸ਼ਨ ਬਣਾਇਆ ਗਿਆ ਸੀ।

ਇਸ ਵਾਰ ਉਪ-ਰਾਸ਼ਟਰਪਤੀ ਲਈ ਰਿਪਬਲਿਕਨਸ ਵੱਲੋਂ ਮਾਈਕ ਪੈਂਸ ਤੇ ਡੈਮੋਕਰੈਟਸ ਵੱਲੋਂ ਕਮਲਾ ਹੈਰਿਸ ਵਿਚਕਾਰ ਮੁਕਾਬਲਾ ਹੋ ਰਿਹਾ ਸੀ। ਕਮਲਾ ਹੈਰਿਸ ਦੀ ਜਿੱਤ ਲਈ ਤਮਿਲਨਾਡੂ ਦੀ ਰਾਜਧਾਨੀ ਚੇਨੱਈ ਤੋਂ 350 ਕਿਲੋਮੀਟਰ ਦੂਰ ਥੁਲਾਸੇਨਦਰਾ-ਪੁਰਮ ਪਿੰਡ ਵਿੱਚ ਉਨ੍ਹਾਂ ਦੇ ਨਾਨਾ ਪੀਵੀ ਗੋਪਾਲਨ ਰਿਹਾ ਕਰਦੇ ਸਨ। ਹੁਣ ਉਨ੍ਹਾਂ ਦਾ ਪਰਿਵਾਰ ਚੇਨੱਈ ਜਾ ਕੇ ਵਸ ਗਿਆ ਹੈ। ਪਿੰਡ ਵਾਲਿਆਂ ਨੇ ਕਮਲਾ ਹੈਰਿਸ ਨੂੰ ਜਿੱਤ ਲਈ ਸ਼ੁਭਕਾਮਾਨਾਵਾਂ ਦਿੰਦੇ ਹੋਏ ਪੋਸਟਰ ਵੀ ਲਾਏ ਸਨ।

ਵੋਟ ਪਾਉਣ ਤੋਂ ਪਹਿਲਾਂ ਹੈਂਡ ਸੈਨੀਟਾਈਜ਼ਰ ਬਾਰੇ ਕੀ ਚੇਤਾਵਨੀ ਦਿੱਤੀ ਜਾ ਰਹੀ ਜੀ। ਹੈਂਡ ਸੈਨੇਟਾਈਜ਼ਰਸ ਨਾਲ ਬੈਲਟ ਪੇਪਰ ਨੂੰ ਨੁਕਸਾਨ ਪਹੁੰਚ ਸਕਦਾ ਸੀ। ਯੂਐੱਸ ਸੈਂਟਰਜ਼ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਨੇ ਚੇਤਾਵਨੀ ਦਿੱਤੀ ਹੈ ਕਿ ਐਲਕੋਹਲ ਬੇਸ ਹੈਂਡ ਸੈਨੀਟਾਈਜ਼ਰਸ ਪੇਪਸ ਬੈਲਟ ਨੂੰ ਨੁਕਸਾਨ ਪਹੁੰਚਾ ਸਕਦੇ ਸਨ।

ਇਹ ਇਸ ਲਈ ਕਿਉਂਕਿ ਜੋ ਬੈਲਟ ਗਿੱਲੇ ਹੋ ਜਾਣਗੇ ਉਹ ਆਸਾਨੀ ਨਾਲ ਫਟ ਸਕਦੇ ਸਨ ਤੇ ਇਲੈਕਟਰੋਨਿਕ ਵੋਟਿੰਗ ਮਸ਼ੀਨ ਵਿੱਚ ਫਸ ਸਕਦੇ ਸਨ। ਸੀਡੀਸੀ ਨੇ ਕਿਹਾ ਹੈ ਕਿ ਪੋਲਿੰਗ ਸਟੇਸ਼ਨਾਂ 'ਤੇ ਵਾਇਰਸ ਤੋਂ ਸੁਰੱਖਿਅਤ ਹੋਣ ਲਈ ਵੋਟਰਾਂ ਨੂੰ ਸੈਨੀਟਾਈਜ਼ਰਸ ਮੁਹੱਈਆ ਕਰਵਾਏ ਜਾਣ ਪਰ ਨਾਲ ਹੀ ਇਹ ਵੀ ਧਿਆਨ ਰੱਖਿਆ ਜਾਵੇ ਕਿ ਬੈਲਟ ਪੇਪਰ ਫੜ੍ਹਨ ਤੋਂ ਪਹਿਲਾਂ ਵੋਟਰਾਂ ਦਾ ਹੱਥ ਸੁੱਕੇ ਹੋਣ।

ਮਾਹਿਰਾਂ ਦਾ ਮੰਨਣਾ ਹੈ ਕਿ ਇਸ ਵਾਰ ਦੀਆਂ ਚੋਣਾਂ ਵਿੱਚ ਅਮਰੀਕਾ ਵਿੱਚ ਰਿਕਾਰਡ ਤੋੜ ਵੋਟਿੰਗ ਹੋ ਸਕਦੀ ਹੈ। ਇਸ ਦੇ ਨਾਲ ਹੀ ਇਹ ਵੀ ਸੰਭਵ ਹੈ ਕਿ ਜ਼ਿਆਦਾ ਵੋਟ ਮਿਲਣ ਮਗਰੋਂ ਵੀ ਉਮੀਦਵਾਰ ਹਾਰ ਜਾਵੇ। ਅਮਰੀਕਾ ਵਿੱਚ ਵੋਟਰ ਸੂਬਾ-ਪੱਧਰੀ ਮੁਕਾਬਲੇ ਦੇ ਨਤੀਜਿਆਂ ਵਿੱਚ ਭੂਮਿਕਾ ਨਿਭਾਉਂਦੇ ਹਨ। ਉਹ ਰਾਸ਼ਟਰਪਤੀ ਦੇ ਉਮੀਦਵਾਰ ਨੂੰ ਸਿੱਧਾ ਵੋਟ ਨਹੀਂ ਪਾਉਂਦੇ ਹਨ।

ਰਾਸ਼ਟਰਪਤੀ ਬਣਨ ਲਈ ਇੱਕ ਉਮੀਦਵਾਰ ਨੂੰ ਇਲੈਕਟੋਰਲ ਕਾਲਜ ਵਿੱਚ 270 ਵੋਟ ਚਾਹੀਦੇ ਹੁੰਦੇ ਹਨ। ਅਮਰੀਕਾ ਦੇ ਹਰ ਸੂਬੇ ਨੂੰ ਆਪਣੀ ਆਬਾਦੀ ਅਨੁਸਾਰ ਵੋਟ ਮਿਲਦੇ ਹਨ। ਟੋਟਲ ਵੋਟਾਂ ਦੀ ਗਿਣਤੀ 530 ਹੁੰਦੀ ਹੈ।

ਇਹ ਸੰਭਵ ਹੈ ਕਿ ਕੁਝ ਸੂਬਾ ਪੱਧਰੀ ਮੁਕਾਬਲੇ ਜਿੱਤ ਲੈਣ ਨਾਲ ਉਮੀਦਵਾਰ ਰਾਸ਼ਟਰਪਤੀ ਚੁਣਿਆ ਜਾਵੇ, ਭਾਵੇਂ ਪੂਰੇ ਦੇਸ ਵਿੱਚ ਉਸ ਨੂੰ ਘੱਟ ਵੋਟਾਂ ਪੈਣ। ਡੈਮੋਕਰੇਟਿਕ ਕਾਂਗਰਸਵੂਮਨ, ਪ੍ਰਮਿਲਾ ਜਾਇਪਾਲ ਨੇ ਉਪ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਕਮਲਾ ਹੈਰਿਸ ਦੇ ਸਨਮਾਨ ਵਿੱਚ ਪਨੀਰ ਟਿੱਕਾ ਬਣਾਇਆ। ਪ੍ਰਮਿਲਾ ਅਨੁਸਾਰ ਕਮਲਾ ਹੈਰਿਸ ਇੰਸਟਾਗ੍ਰਾਮ 'ਤੇ ਕਹਿ ਚੁੱਕੇ ਹਨ ਕਿ ਟਿੱਕਾ ਉਨ੍ਹਾਂ ਦਾ ਮਨਪਸੰਦ ਭਾਰਤੀ ਖਾਣਾ ਹੈ। ਪਰ ਟਵਿੱਟਰ 'ਤੇ ਪ੍ਰਮਿਲਾ ਦੇ ਪਨੀਰ ਟਿੱਕੇ ਦੀ ਰੈਸੇਪੀ ਬਾਰੇ ਚਰਚਾ ਵੀ ਕੀਤੀ ਜਾ ਰਹੀ ਸੀ। ਕਈ ਯੂਜ਼ਰਸ ਕਹਿ ਰਹੇ ਹਨ ਕਿ ਪਨੀਰ ਟਿੱਕਾ ਤਾਂ ਬਿਨਾਂ ਗ੍ਰੇਵੀ ਦੇ ਹੁੰਦਾ ਹੈ। ਕੁਝ ਲੋਕ ਹੋਰ ਖਾਣਿਆਂ ਦੀ ਤਸਵੀਰਾਂ ਨੂੰ ਗਲਤ ਨਾਂ ਨਾਲ ਸੋਸ਼ਲ ਮੀਡੀਆ 'ਤੇ ਪਾ ਰਹੇ ਸਨ।

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

ਲੜੀ ਨੰਬਰ-156

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਦੀਵਾਲੀ ਬਾਰੇ ਵਿਸਥਾਰਥ ਤੇ ਜਥਾਰਥ ਵਿਆਖਿਆ



ਅਵਤਾਰ ਸਿੰਘ ਮਿਸ਼ਨਰੀ
510-432-5827

ਦੀਵਾਲੀ ਨਾਲ ਸਬੰਧਤ ਦੀਵੇ, ਤੇਲ ਅਤੇ ਲਛਮੀ ਪੂਜਾ-ਦੀਪ ਸੰਸਕ੍ਰਿਤ, ਦੀਪਕ ਹਿੰਦੀ, ਦੀਵਾ, ਦਿਵਾਲੀ ਪੰਜਾਬੀ, ਲਛਮੀ ਅਤੇ ਪੂਜਾ ਸੰਸਕ੍ਰਿਤ ਦੇ ਸ਼ਬਦ ਹਨ। ਹਿੰਦੀ ਵਿੱਚ ਦੀਪਾਵਲੀ ਅਤੇ ਪੰਜਾਬੀ ਵਿੱਚ ਦੀਵਾਲੀ ਕਿਹਾ ਜਾਂਦਾ ਹੈ। ਲਛਮੀ ਧੰਨ ਦੌਲਤ ਅਤੇ ਪੂਜਾ ਪੂਜਨ ਨੂੰ ਕਹਿੰਦੇ ਹਨ। ਦੀਵੇ ਓਦੋਂ ਤੋਂ ਹੀ ਜਗਾਏ ਜਾ ਰਹੇ ਹਨ ਜਦੋਂ ਤੋਂ ਤੇਲ ਜਾਂ ਘਿਓ ਹੋਂਦ ਵਿੱਚ ਆਏ ਨੇ ਕਿਉਂਕਿ-ਬਿਨ ਤੇਲ ਦੀਵਾ ਕਿਉਂ ਜਲੇ॥(੨੫) ਚਾਰ ਬੱਤੀਆਂ ਵਾਲੇ ਦੀਵੇ ਨੂੰ ਚਰਾਗ ਕਿਹਾ ਜਾਂਦਾ ਹੈ। ਗੁਰਬਾਣੀ ਵਿੱਚ ਵੀ ਚਰਾਗ ਦਾ ਜਿਕਰ ਹੈ-ਬਲਿਓ ਚਰਾਗੁ ਅੰਧਿਆਰ ਮਹਿ..॥(੧੩੮੭) ਚਰਾਗ ਰੋਸ਼ਨੀ ਅਤੇ ਅੰਧਿਆਰ ਹਨੇਰੇ ਦਾ ਪ੍ਰਤੀਕ ਹੈ। ਅੰਧਕਾਰ ਅਤੇ ਚਰਾਗ ਦੀਵੇ ਵੀ ਕਈ ਪ੍ਰਕਾਰ ਦੇ ਹਨ। ਇੱਕ ਕੁਦਰਤੀ ਹਨੇਰਾ ਜੋ ਸੂਰਜ-ਚੰਦ ਅਤੇ ਰੋਸ਼ਨੀ ਦੀ ਅਣਹੋਂਦ, ਦਿਨ ਤੋਂ ਬਾਅਦ ਰਾਤ ਸਮੇਂ ਹੁੰਦਾ ਹੈ। ਦੂਜੇ ਅੰਧੇਰੇ ਅਗਿਆਨਤਾ, ਵਹਿਮ-ਭਰਮ, ਕਰਮਕਾਂਡ, ਬੇਅਕਲ, ਹੰਕਾਰ, ਬਲਹੀਨਤਾ, ਮੰਦੇ ਕਰਮ, ਔਰਤ-ਮਰਦ ਵਿਤਕਰਾ, ਕਲਪਿਤ ਨਰਕ-ਸਵਰਗ, ਅੰਧ-ਵਿਸ਼ਵਾਸ਼, ਮਿਥਿਹਾਸ, ਜਾਤ-ਪਾਤ, ਅਤੇ ਛੂਆ-ਛਾਤ ਆਦਿ। ਦੀਵਾ ਬਲਣਾ ਜਾਂ ਜਗਣਾ ਰੋਸ਼ਨੀ ਦਾ ਪ੍ਰਤੀਕ ਹੈ। ਗੁਰੂ ਨਾਨਕ ਗਿਆਨ ਦਾ ਸੂਰਜ, ਸੱਚ ਦਾ ਚਰਾਗ, ਤਰਕ ਦਾ ਦਿਨ ਅਤੇ ਸ਼ੁਭ ਕਰਮਾਂ ਦਾ ਚਾਨਣ ਸਨ ਤਾਂ ਹੀ ਉਨ੍ਹਾਂ ਨੂੰ "ਬਲਿਓ ਚਰਾਗੁ ਅੰਧਿਆਰ ਮਹਿ" ਕਿਹਾ ਗਿਆ ਹੈ। ਦੀਵਾਲੀ-ਦੀਵਿਆਂ ਵਾਲੀ, ਦੀਵਿਆਂ ਦੀ ਪਾਲ ਜੋ ਇਕੱਠੇ ਬਲ ਕੇ ਵੱਧ ਰੋਸ਼ਨੀ ਕਰਦੇ ਹਨ। ਵਿਦਿਆ ਵੀ ਚਾਨਣ ਅਤੇ ਤੀਜਾ ਨੇਤਰ ਹੈ। ਦੁਨੀਆਂ ਦੀਆਂ ਸਾਰੀਆਂ ਕੌਮਾਂ ਅਤੇ ਬੋਲੀਆਂ ਵੀ ਵਿਦਿਆ ਦੀ ਪਾਲ, ਸਰਬਸਾਂਝੀਵਾਲਤਾ ਦੀ ਰੋਸ਼ਨੀ ਦਾ ਪ੍ਰਤੀਕ ਹਨ। ਇਸ ਕਰਕੇ ਜਦੋਂ ਤੋਂ ਵੀ ਮਨੁੱਖ ਨੂੰ ਸੋਝੀ ਆਈ, ਉਸ ਨੇ ਰੋਸ਼ਨੀ ਦੇ ਦੀਵੇ ਬਾਲੇ ਹਨ। ਮਿਥਿਹਾਸਕ ਤੌਰ ਤੇ ਹਿੰਦੂਆਂ ਵਿੱਚ ਦੀਵਾਲੀ, ਸ੍ਰੀ ਰਾਮ ਚੰਦਰ ਦੇ ੧੪ ਸਾਲ ਦਾ ਬਨਵਾਸ ਕੱਟ ਕੇ, ਅਯੁੱਧਿਆ ਆਉਣ ਦੀ ਖੁਸ਼ੀ ਵਿੱਚ ਮਨਾਈ ਅਤੇ ਲਛਮੀ ਪੂਜਨ ਕੀਤਾ ਜਾਂਦਾ ਹੈ। ਜਰਾ ਸੋਚੋ! ਕੀ ਰਾਮ ਚੰਦਰ ਦੇ ਬਨਵਾਸ ਕੱਟ ਕੇ ਆਉਣ ਤੋਂ ਪਹਿਲਾਂ, ਲੋਕ ਖੁਸ਼ੀ ਦੇ ਦੀਵੇ ਨਹੀਂ ਬਾਲਦੇ ਸਨ? ਹਾਂ ਪਹਿਲੇ ਵੀ ਲੋੜ ਅਤੇ ਖੁਸ਼ੀ ਵੇਲੇ ਦੀਵਾਲੀਆਂ ਜਗਦੀਆਂ ਸਨ। ਇੱਕ ਮਨੌਤ ਅਨੁਸਾਰ ਲਛਮੀ ਧੰਨ ਦੌਲਤ ਦੀ ਦੇਵੀ ਜੋ ਪੁਰਾਣਾ ਵਿੱਚ ਵਿਸ਼ਨੂੰ ਦੀ ਇਸਤਰੀ ਲਿਖੀ ਹੈ। ਇਸ ਨੂੰ ਕਾਮ ਦੀ ਮਾਤਾ ਮੰਨਿਆਂ ਅਤੇ ਸਮੁੰਦਰ ਰਿੜਕਣ ਤੋਂ ਇਸ ਦਾ ਪ੍ਰਗਟ ਹੋਣਾ ਕਲਪਿਆ ਹੈ। ਇਸੇ ਲਈ ਇਸ ਦਾ ਨਾਮ ਇੰਦਰਾ ਅਤੇ ਜਲਧਿਜਾ ਵੀ ਹੈ। ਇਸ ਦੇ ਹੱਥ ਵਿੱਚ ਕਮਲ ਹੋਣ ਕਰਕੇ ਇਸ ਦਾ ਨਾਂ ਪਦਮਾਂ ਵੀ ਪ੍ਰਸਿੱਧ ਹੈ (ਮਹਾਨ ਕੋਸ਼-੧੦੫੫) ਡਾ. ਰਤਨ ਸਿੰਘ ਜੱਗੀ "ਗੁਰੂ ਗ੍ਰੰਥ ਵਿਸ਼ਵਕੋਸ਼" ਦੇ ਸਫਾ ੪੬੧ ਤੇ ਲਿਖਦੇ ਹਨ ਕਿ ਲਛਮੀ ਚਾਰ ਭੁਜਾਵਾਂ ਵਾਲੀ ਸੁੰਦਰਤਾ ਦੀ ਸਾਕਾਰ ਮੂਰਤੀ ਹੈ। ਇਸਦੇ ਹੱਥ ਵਿੱਚ ਕਮਲ ਫੜਿਆ ਹੁੰਦਾ ਅਤੇ ਇਸ ਦਾ ਆਪਣਾ ਕੋਈ ਮੰਦਿਰ ਜਾਂ ਧਰਮ-ਧਾਮ ਨਹੀਂ ਪਰ ਇਸ ਨੂੰ ਧੰਨ ਅਤੇ ਚੰਗੀ ਕਿਸਮਤ ਦੀ ਦੇਵੀ ਮੰਨ ਲੈਣ ਨਾਲ, ਇਸ ਦੀ ਪੂਜਾ ਹੁੰਦੀ ਰਹਿੰਦੀ ਹੈ। ਦੀਵਾਲੀ ਵਾਲੇ ਦਿਨ ਤਾਂ ਇਸ ਦੀ ਉਚੇਚੀ ਪੂਜਾ ਹੁੰਦੀ ਅਤੇ ਇਹ ਵਿਸ਼ਵਾਸ਼ ਕੀਤਾ ਜਾਂਦੈ ਕਿ ਦਿਵਾਲੀ ਵਾਲੇ ਦਿਨ, ਲਛਮੀ ਦੇਵੀ ਹਰ ਘਰ ਦੇ ਅੰਦਰ ਜਾਂਦੀ ਹੈ। ਇਸ ਲਈ ਲੋਕੀਂ ਆਪਣਾ ਘਰ-ਬਾਰ ਸਜਾ, ਸਾਰੀ ਰਾਤ ਦੀਵੇ ਬਾਲ, ਇਸ ਦੇ ਆਉਣ ਦੀ ਇੰਤਜਾਰ ਕਰਦੇ ਅਤੇ ਵਕਤ ਪਾਸ ਕਰਨ ਲਈ ਜੂਆ ਆਦਿ ਵੀ ਖੇਡਦੇ ਹਨ। ਇਸ ਮਨੌਤ ਦਾ ਨਕਾਰਾਤਮਕ ਜ਼ਿਕਰ ਭਗਤ ਤ੍ਰਿਲੋਚਨ ਜੀ ਨੇ ਵੀ ਕੀਤਾ ਹੈ-ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਸਰਪ ਜੋਨਿ ਵਲਿ ਵਲਿ ਅਉਤਰੈ॥੧॥(੫੨੬)

ਸਿੱਖਾਂ ਵਿੱਚ ਵੀ ਇਹ ਪ੍ਰਚੱਲਤ ਕਰ ਦਿੱਤਾ ਗਿਆ ਕਿ ਜਦ ਛੇਵੇਂ ਗੁਰੂ ਹਰਗੋਬਿੰਦ ਸਾਹਿਬ, ਗੁਵਾਲੀਅਰ ਦੇ ਕਿਲੇ ਚੋਂ ਰਿਹਾ ਹੋ ਕੇ, ਅੰਮ੍ਰਿਤਸਰ ਆਏ ਤਾਂ ਸਿੱਖਾਂ ਨੇ ਇਸ ਖੁਸ਼ੀ ਵਿੱਚ ਦੀਪਮਾਲਾ ਕੀਤੀ। ਅੱਜ ਕੱਲ੍ਹ ਇਸ ਦਿਨ ਨੂੰ, ਬੰਦੀ ਛੋੜ ਦਿਵਸ ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ। ਇਤਿਹਾਸ ਨੂੰ ਪੜ੍ਹਨ ਅਤੇ ਵਾਚਨ ਵਾਲੇ ਲੋਕ ਜਾਣਦੇ ਨੇ ਕਿ ਭੱਟ ਵਹੀਆਂ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਤਾਂ ਦੀਵਾਲੀ ਤੋਂ ਕਈ ਮਹੀਨੇ ਪਿੱਛੋਂ, ਫਰਵਰੀ ਦੇ ਅੰਤ 'ਤੇ ਅੰਮ੍ਰਿਤਸਰ ਪੁੱਜੇ ਸਨ। ਦੂਜਾ ਬਾਬਰ ਦੀ ਕੈਦ ਵਿੱਚ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੂੰ ਰੱਖਿਆ ਗਿਆ ਜਿੱਥੇ ਚੱਕੀਆਂ ਪੀਹਣ ਦੀ ਸਜਾ ਭੁਗਤ ਰਹੇ ਲੋਕਾਂ ਨੂੰ ਬਾਬਰ ਦੀ ਬੰਦੀ ਵਿੱਚੋਂ ਛੁਡਾਇਆ ਸੀ। ਪਹਿਲੇ ਬੰਦੀ ਛੋੜ ਤਾਂ "ਜ਼ਾਹਰ ਪੀਰ ਜਗਤ ਗੁਰ ਬਾਬਾ" ਗੁਰੂ ਨਾਨਕ ਸਾਹਿਬ ਹਨ। ਉਸ ਪਹਿਲੇ ਬੰਦੀ ਛੋੜ ਦਾਤੇ ਦਾ "ਬੰਦੀ ਛੋੜ ਦਿਵਸ" ਕਿਉਂ ਵਿਸਾਰ ਦਿੱਤਾ ਗਿਆ ਤੇ ਸਿੱਖਾਂ ਦੇ ਤਿਉਹਾਰ ਅਤੇ ਗੁਰ ਪੁਰਬ ਹਿੰਦੂਆਂ ਨਾਲ ਮਿਲਗੋਭਾ ਕਿਉਂ ਕੀਤੇ ਗਏ ਹਨ? ਜਿਵੇਂ ਗੁਰੂ ਨਾਨਕ ਸਹਿਬ ਦਾ ਪ੍ਰਕਾਸ਼ ਵੈਸਾਖ ਦੀ ਥਾਂ ਕੱਤਕ ਦੀ ਪੂਰਨਮਾਸ਼ੀ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਵਸ ਦੀ ਥਾਂ, ਹਜ਼ੂਰ ਸਾਹਿਬ ਦਸਹਿਰਾ ਮਨੌਣਾ, ਸ੍ਰੀ ਕੇਸਗੜ੍ਹ ਸਾਹਿਬ ਵੈਸਾਖੀ ਦੀ ਥਾਂ ਹੋਲਾ ਅਤੇ ਸ੍ਰੀ ਮੁਕਤਸਰ ਸਾਹਿਬ ਗਰਮੀਆਂ ਵਿਖੇ ਹੋਏ ਯੁੱਧ ਦਾ ਦਿਨ ਛੱਡ ਕੇ, ਮਾਘੀ ਮਨਾਉਣਾ ਆਦਿਕ।

ਹੋਰ ਤਾਂ ਹੋਰ ਅੱਜ ਬਹੁਤੇ ਗੁਰਦੁਆਰਿਆਂ ਵਿੱਚ-ਥਿਤਿ ਵਾਰ ਸੇਵਹਿ ਮੁਗਧ ਗਵਾਰ॥(੮੪੩) ਗੁਰੂ ਦੇ ਇਸ ਹੁਕਮ ਉੱਲਟ ਪੂਰਨਮਾਸ਼ੀ, ਮੱਸਿਆ ਅਤੇ ਸੰਗ੍ਰਾਂਦ ਆਦਿ ਹਿੰਦੂ ਪੁਰਬ ਬੜੀ ਧੂੰਮ-ਧਾਮ ਨਾਲ ਮਨਾਏ ਜਾਂਦੇ ਹਨ। ਮਿਲਗੋਭਾ ਕੀਤੇ ਗਏ ਇਤਿਹਾਸ ਨੂੰ ਗੁਰਮਤਿ ਦੀ ਰੋਸ਼ਨੀ ਵਿੱਚ ਦੁਬਾਰਾ ਵਾਚਨ ਅਤੇ ਲਿਖਣ ਦੀ ਅਤਿਅੰਤ ਲੋੜ ਹੈ। ਸਿੱਖ ਨੇ ਗੁਰੂ ਤੋਂ ਰੋਸ਼ਨੀ ਲੈਣੀ ਨਾਂ ਕਿ ਮਿਥਿਹਾਸਕ ਗ੍ਰੰਥਾਂ ਤੇ ਸੋ ਕਾਲਡ ਕਹਾਣੀਆਂ ਦੇ ਅੰਧੇਰੇ ਵਿੱਚ ਹੀ ਫਸੇ ਰਹਿਣਾ ਹੈ। ਗੁਰਮਤਿ ਵਿੱਚ ਲਛਮੀ ਪੂਜਾ ਨੂੰ ਕੋਈ ਥਾਂ ਨਹੀਂ ਸਗੋਂ-ਪੂਜਹੁ ਰਾਮੁ ਏਕੁ ਹੀ ਦੇਵਾ॥ਸਾਚਾ ਨਾਵਣੁ ਗੁਰ ਕੀ ਸੇਵਾ॥(ਕਬੀਰ-੪੮੪)ਪੂਜਹੁ ਭਾਵ ਸਤਿਕਾਰ ਨਾਲ ਮੰਨੋ ਕਿ ਇਕ ਰਵਿਆ ਰਾਮ ਹੀ (ਦੇਵਾ) ਪ੍ਰਕਾਸ਼ ਰੂਪ ਤੇ ਅਸਲੀ ਇਸ਼ਨਾਨ ਗੁਰੂ ਦੀ ਸੇਵਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਤਾਂ ਹਰ ਵੇਲੇ ਗੁਰਬਾਣੀ ਗਿਆਨ ਦੀ ਦੀਵਾਲੀ ਜਗਦੀ ਰਹਿੰਦੀ, ਵਾਤਵਰਣ ਸਵੱਸ਼ ਤੇ ਸਾਫ ਹੁੰਦਾ, ਗੁਰਬਾਣੀ ਮਨ ਨੂੰ ਸ਼ਾਤ ਕਰਦੀ ਅਤੇ ਉਖੜਿਆ ਮਨ ਵੀ ਟਿਕ ਜਾਂਦਾ ਹੈ। ਇਸੇ ਕਰਕੇ ਗੁਰੂ ਸਾਹਿਬਾਨਾਂ ਨੇ ਆਪਣੇ ਮਜੂਦਾ ਸਰੀਰਕ ਜੀਵਨ ਸਮੇਂ, ਇਸ ਪਵਿੱਤ੍ਰ ਗਿਆਨ ਦੇ ਸੋਮੇਂ ਅਤੇ ਸਰਬਸਾਂਝੇ ਅਸਥਾਨ ਨੂੰ ਯੁੱਧ ਦਾ ਅਖਾੜਾ ਨਹੀਂ ਬਣਾਇਆ ਸਗੋਂ ਸਾਰੇ ਜੰਗ-ਯੁੱਧ ਬਾਹਰ ਹੀ ਲੜੇ। ਫਿਰ ਕੀ ਐਸੇ ਸਾਫ-ਸੁਥਰੇ ਤੇ ਮਨ ਦੇ ਟਿਕਾ ਵਾਲੇ ਪਵਿਤ੍ਰ ਥਾਂ ਤੇ ਅਤਸ਼ਬਾਜੀ ਦਾ ਜ਼ਹਿਰ ਅਤੇ ਵਾਤਾਵਰਣ ਨੂੰ ਗੰਧਲਾ ਕਰਨ ਵਾਲੇ ਪਟਾਕੇ ਚਲਾਉਣੇ ਅਤੇ ਕੀ ਸਿੱਖਾਂ ਨੂੰ ਇਸ ਦਿਨ ਕਰੋੜਾਂ ਰੁਪਿਆ ਭੰਗ ਦੇ ਭਾੜੇ ਫੂਕਣਾ ਚਾਹੀਦਾ ਹੈ? ਗੁਰੂ ਤਾਂ ਲੋੜਵੰਦਾਂ ਦੀ ਮਦਦ ਕਰਦੇ ਇਸੇ ਕਰਕੇ ਧੜਾ-ਧੜ ਲੋਕ, ਅਧੁਨਿਕ ਵਿਗਿਆਨਕ ਅਤੇ ਅਗਾਂਹ ਵਧੂ ਸਿੱਖ ਧਰਮ ਨੂੰ ਅਪਣਾਈ ਜਾ ਰਹੇ ਸਨ। ਕੀ ਗੁਰੂ ਜੀ ਅਜਿਹੇ ਦੀਵਾਲੀਆਂ, ਦਸਹਿਰਿਆਂ ਵਾਲੇ ਅਡੰਬਰ ਰਚ, ਲੋਕਾਂ ਨੂੰ ਪ੍ਰਭਾਵਿਤ ਕਰਕੇ ਸਿੱਖ ਬਣਾਉਂਦੇ ਸਨ? ਹਾਂ ਜੇ ਥੋੜੇ ਬਹੁਤੇ ਪਟਾਕੇ ਚਲਾਉਣੇ ਹੀ ਨੇ ਤਾਂ ਸ਼ਹਿਰ ਦੇ ਬਾਹਰਵਾਰ, ਕੋਈ ਨਵੇਕਲੀ ਜਗ੍ਹਾ ਹੋਣੀ ਚਾਹੀਦੀ ਹੈ। ਦੇਖੋ! ਅਮਰੀਕਾ ਵਿਖੇ ਵੀ ਲੋਕ "ਫੋਰਥ ਜੁਲਾਈ" ਨੂੰ ਅਬਾਦੀ ਤੋਂ ਦੂਰ, ਸੁਰੱਖਿਅਤ ਥਾਵਾਂ 'ਤੇ ਸੌਫਟ ਅਤਸ਼ਬਾਜੀ ਚਲਾਉਂਦੇ ਨੇ ਜੋ ਧੂੰਆਂ ਤੇ ਖੜਕਾ ਘੱਟ ਅਤੇ ਰੋਸ਼ਨੀ ਵੱਧ ਕਰਦੀ ਹੈ।

ਦੀਵਾਲੀ ਬਾਲਣ ਲਈ ਸਭਿਅਕ ਢੰਗ ਅਪਨਾਉਣਾ ਚਾਹੀਦਾ ਹੈ। ਪੈਸੇ ਦਾ ਬਚਾ ਕਰਕੇ, ਲੋੜਵੰਦ ਜੋ ਢਿੱਡੋਂ ਭੁੱਖੇ, ਸਰੀਰੋਂ ਨੰਗੇ, ਛੱਤੋਂ ਵਾਂਝੇ, ਫੁੱਟ ਪਾਥਾਂ ਜਾਂ ਹਨੇਰੀਆਂ ਝੁੱਗੀਆਂ ਵਿੱਚ, ਦਿਨ ਕਟੀ ਕਰ ਰਹੇ ਨੇ, ਉਥੇ ਭੋਜਨ, ਪਾਣੀ ਅਤੇ ਰੋਸ਼ਨੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਮਠਾਈਆਂ ਵਿੱਚ ਰਹਿੰਦ-ਖੂੰਹਦ ਦੀ ਥਾਂ ਸ਼ੁੱਧ ਅਤੇ ਨਰੋਏ ਪਦਾਰਥ ਹੀ ਵਰਤਨੇ ਚਾਹੀਦੇ ਹਨ। ਇਸ ਦਿਨ ਸ਼ਰਾਬਾਂ ਪੀਣੀਆਂ ਅਤੇ ਜੂਏ ਖੇਲ੍ਹਣੇ ਕਿੱਧਰ ਦੀ ਖੁਸ਼ੀ ਅਤੇ ਸਭਿਅਤਾ ਹੈ? ਸਿੱਖਾਂ ਨੂੰ ਇਹ ਦਿਨ ਗਿਆਨ ਦੇ ਚਰਾਗ ਵਜੋਂ ਹੀ ਮਨਾਉਣਾ ਚਾਹੀਦਾ ਹੈ ਕਿਉਂਕਿ ਗਿਆਨ ਦੇ ਚਰਾਗ ਹੀ ਬੁਝੇ ਹੋਏ ਮਨ ਦੇ ਦੀਵਿਆਂ ਨੂੰ ਜਗਾ ਸਕਦੇ ਹਨ। ਜਿਵੇਂ 1000 ਵਾਟ ਦੇ ਬਲਬ ਸਾਹਮਣੇ ੧੦੦ ਵਾਟ ਦੀ ਕੀ ਵੁਕਤ ਹੈ?

ਚਰਾਗ ਦੀ ਥਾਂ ਛੋਟੇ ਦੀਵੇ ਦੀ, ਇਵੇਂ ਹੀ "ਸ਼ਬਦ ਗੁਰੂ ਗ੍ਰੰਥ ਰੂਪ ਗਿਆਨ ਸੂਰਜ" ਦੀ ਥਾਂ ਹੋਰ ਕਿੱਸੇ ਕਹਾਣੀਆਂ, ਕੋਈ ਵੁਕਤ ਨਹੀਂ ਰੱਖਦੀਆਂ। ਸਿੱਖਾਂ ਨੂੰ ਇਸ ਦਿਨ ਗੁਰਬਾਣੀ ਅਰਥਾਂ ਦੀਆਂ ਪੋਥੀਆਂ, ਗੁਰਮਤਿ ਫਿਲਾਸਫੀ ਦੀਆਂ ਕਿਤਾਬਾਂ ਅਤੇ ਗੁਰਬਾਣੀ ਦੀ ਕਸਵੱਟੀ 'ਤੇ ਪਰਖੇ ਸ਼ੁੱਧ ਇਤਿਹਾਸ ਦੀਆਂ ਪੁਸਤਕਾਂ, ਸੀਡੀਆਂ, ਅਧੁਨਿਕ ਮੀਡੀਏ ਦੇ ਦੀਵੇ, ਮਹਿੰਗੇ ਪਟਾਕਿਆਂ ਅਤੇ ਵੰਨ-ਸੁਵੰਨੀਆਂ ਮਠਿਆਈਆਂ ਦੀ ਥਾਂ ਵੰਡਣੇ ਚਾਹੀਦੇ ਨੇ ਨਾਂ ਕਿ "ਦੀਵਾਲੀ ਕੀ ਰਾਤ ਦੀਵੇ ਬਾਲੀਅਨ" ਵਾਲੀ ਤੁਕ ਹੀ ਰਟੀ ਜਾਣੀ ਚਾਹੀਦੀ ਹੈ ਜੋ ਭਾਈ ਗੁਰਦਾਸ ਜੀ ਨੇ ਕਿਸੇ ਹੋਰ ਭਾਵ ਵਿੱਚ ਅਜਿਹੀਆਂ ਕਈ ਹੋਰ ਉਦਾਹਰਣਾ ਦੇ ਕੇ ਸਮਝਾਉਂਦਿਆਂ ਲਿਖੀ ਸੀ। ਗੁਰਮਤਿ ਨਾਲ, ਲਛਮੀ ਪੂਜਨ ਵਾਲੀ ਦੀਵਾਲੀ ਦਾ ਕੋਈ ਸਬੰਧ ਨਹੀਂ ਸਗੋਂ ਕਿਰਤ ਕਰਕੇ ਲਛਮੀ ਪੈਦਾ ਕਰਨੀ ਜਾਂ ਕਮਾਉਣੀ ਚਾਹੀਦੀ ਹੈ। ਲਛਮੀ ਤਾਂ ਹੱਥਾਂ ਦੀ ਕਿਰਤ ਹੈ ਨਾਂ ਕਿ ਕੋਈ ਮਿਥਿਹਾਸਕ ਦੇਵੀ ਜੋ ਸਾਡੇ ਰਾਤ ਨੂੰ ਘਰ ਦੇ ਦਰਵਾਜੇ ਖੁੱਲ੍ਹੇ ਰੱਖਣ ਨਾਲ ਹੀ ਅੰਦਰ ਆਉਂਦੀ ਹੈ। ਐਸਾ ਹੁੰਦਾ ਹੋਵੇ ਤਾਂ ਗਰੀਬ ਲੋਕ ਜਿਨ੍ਹਾਂ ਦੇ ਕੋਈ ਘਰ ਘਾਟ ਨਹੀਂ ਜਾਂ ਟੁੱਟੀਆਂ-ਫੁੱਟੀਆਂ ਖੁੱਲ੍ਹੀਆਂ ਝੁੱਗੀਆਂ ਹੀ ਹੁੰਦੀਆਂ ਨੇ, ਕਥਿਤ ਲਛਮੀ ਓਥੇ ਪਹਿਲੇ ਕਿਉਂ ਨਹੀਂ ਜਾਂਦੀ? ਕਹਿੰਦੇ ਨੇ ਕਿ ਸ੍ਰੀ ਕ੍ਰਿਸ਼ਨ ਜੀ ਗਰੀਬ ਬਿਦਰ ਦੇ ਘਰ ਅਤੇ ਸ੍ਰੀ ਰਾਮ ਚੰਦ ਜੀ ਗਰੀਬ ਭੀਲਣੀ ਕੋਲ ਗਏ ਸਨ। ਗੁਰੂ ਨਾਨਕ ਸਾਹਿਬ ਜੀ ਦਾ ਤਾਂ ਅਕੱਟ ਸਬੂਤ ਇਤਿਹਾਸ ਕਿ ਉਹ ਮਲਕ ਭਾਗੋ ਦੇ ਮਹਿਲ ਤੇ ਪਕਵਾਨ ਛੱਡ, ਇੱਕ ਗਰੀਬ ਕਿਰਤੀ ਭਾਈ ਲਾਲੋ ਦੇ ਘਰ ਗਏ। ਉਨ੍ਹਾਂ ਨੇ ਗੁਰਬਾਣੀ ਵਿੱਚ ਵੀ ਲਿਖਿਆ ਹੈ ਕਿ-ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ॥ ਨਾਨਕ ਤਿਨ ਕੇ ਸੰਗਿ ਸਾਥ ਵਡਿਆਂ ਸਿਉਂ ਕਿਆ ਰੀਸ॥(੧੫)

ਲਛਮੀ ਕੋਈ ਦੇਵੀ ਨਹੀਂ ਸਗੋਂ ਹੱਥਾਂ ਦੀ ਕਿਰਤ ਜੋ ਮਿਹਨਤ ਕਰਨ ਨਾਲ ਹੀ ਪ੍ਰਾਪਤ ਹੁੰਦੀ ਨਾਂ ਕਿ ਘਰ ਦੇ ਦਰਵਾਜੇ ਖੁੱਲ੍ਹੇ ਰੱਖਣ ਦੇ ਵਹਿਮ ਨਾਲ, ਖੁੱਲ੍ਹੇ ਦਰਵਾਜਿਆਂ ਵਿੱਚ ਤਾਂ ਸਗੋਂ ਕਈ ਵਾਰ ਕੁੱਤੇ ਬਿੱਲੇ ਅਤੇ ਚੋਰ ਆ ਵੜਦੇ ਨੇ ਜੋ ਖਾ ਪੀ ਕੇ ਘਰ ਵਿੱਚ ਪਈ ਲਛਮੀ ਨੂੰ ਵੀ ਲੁੱਟ ਲੈ ਜਾਂਦੇ ਹਨ। ਪਾਠਕ ਜਨੋ! ਗੁਰਮਤਿ ਇੱਕ ਆਲਮਗੀਰ ਮੱਤ ਹੈ ਜੋ ਮਿੱਥਾਂ ਦੀ ਥਾਂ ਤੱਥਾਂ ਨੂੰ ਮਾਨਤਾ ਦਿੰਦਾ ਹੈ। ਆਓ ਗੁਰਬਾਣੀ ਗਿਆਨ ਦੇ ਦੀਵੇ ਬਾਲ ਕੇ ਮਨ ਦੀਆਂ ਬੁਝੀਆਂ ਬੱਤੀਆਂ ਨੂੰ ਬਾਲੀਏ ਜੋ ਹੋਰਨਾਂ ਨੂੰ ਵੀ ਗਿਆਨ ਦੀ ਰੋਸ਼ਨੀ ਦੇ ਸੱਕਣ। ਪੰਜਾਬੀ ਦੀ ਕਹਾਵਤ ਹੈ "ਸਦਾ ਦੀਵਾਲੀ ਸਾਧ ਕੀ ਅੱਠੇ ਪਹਿਰ ਬਸੰਤ" ਸਾਧ ਭਲਾ ਪੁਰਖ ਨਾਂ ਕਿ ਭੇਖਧਾਰੀ। ਇਹ ਸੀ ਥੋੜੀ ਜਿਹੀ ਵਿਚਾਰ ਦੀਵੇ, ਦੀਵਾਲੀ, ਲਛਮੀ ਪੂਜਾ ਅਤੇ ਗੁਰਮਤਿ ਬਾਰੇ ਜਿਸ ਨੂੰ ਪਾਠਕ ਜਨ, ਗੁਰਬਾਣੀ ਅਤੇ ਗੁਰ ਇਤਿਹਾਸ ਦੇ ਸੰਦਰਭ ਵਿੱਚ ਵਾਚਨ ਦੀ ਕ੍ਰਿਪਾਲਤਾ ਕਰਨ। ਗੁਰੂ ਗਿਆਨ ਦੀ ਰੋਸ਼ਨ ਜੋਤ ਨਾਲ, ਆਪਣੇ ਦਿਲਾਂ ਦੇ ਦੀਵੇ ਜਗਾਉਣ ਜੋ ਮਾਇਕ ਪਦਾਰਥਾਂ ਦੀ ਹਵਾ ਤੇ ਵਿਸ਼ੇ ਵਿਕਾਰਾਂ ਦੇ ਝੱਖੜਾਂ ਨੇ ਬੁਝਾ ਦਿੱਤੇ ਨਾਂ ਕਿ ਲਛਮੀ ਪੂਜਾ ਲਈ ਬੂਹੇ ਖੁੱਲ੍ਹੇ ਰੱਖ ਕੇ ਜਗਾਏ ਬਾਹਰੀ ਦੀਵਿਆਂ, ਬਰੂਦੀ ਪਟਾਕਿਆਂ, ਮਿਲਾਵਟੀ ਬਜਾਰੀ ਜਹਿਰੀਲਆਂ ਮਿਠਿਆਈਆਂ ਅਤੇ ਮਾਰੂ ਨਸ਼ਿਆਂ ਦਾ ਸੇਵਨ, ਲੱਖਾਂ ਕਰੋੜਾਂ ਰੁਪਈਆ ਹਰ ਸਾਲ ਬਰਬਾਦ ਕਰਕੇ, ਹਾਦਸਿਦਆਂ ਵਿੱਚ ਗਰੀਬਾਂ ਦੀਆਂ ਝੁੱਗੀਆਂ ਤੇ ਕਿਰਸਾਨਾਂ ਦੀਆਂ ਅਨਾਜ ਨਾਲ ਭਰੀਆਂ ਫਸਲਾਂ ਸਾੜਨ ਦਾ ਕਾਰਨ ਬਣਨਾ ਦੀਵਾਲੀ ਮਨਾਉਣੀ ਹੈ।

# ਸਿਆਟਲ ਵਿਚ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)** ਸ੍ਰੀ ਗੁਰੂ ਰਾਮਦਾਸ ਸੰਸਥਾ ਵੱਲੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਹੈਡ ਗ੍ਰੰਥੀ ਗਿਆਨੀ ਸੇਰ ਸਿੰਘ ਨੇ ਕਥਾ ਰਾਹੀਂ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਭਾਈ ਜਰਨੇਲ ਸਿੰਘ, ਭਾਈ ਵਰਿਆਮ ਸਿੰਘ ਤੇ ਭਾਈ ਕੁਲਬੀਰ ਸਿੰਘ ਦੇ ਕੀਰਤਨੀ ਜਥਿਆਂ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜੱਸ ਗਾਇਨ ਕੀਤਾ। ਭਾਈ ਸ਼ਮਸ਼ੇਰ ਸਿੰਘ ਸਰਬਤ ਦੇ ਭਲੇ ਲਈ ਅਰਦਾਸ ਕੀਤੀ। ਸ੍ਰੀ ਗੁਰੂ ਰਾਮਦਾਸ ਸੰਸਥਾ ਵੱਲੋਂ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਤੇ ਲਗਨ ਨਾਲ ਨਿਭਾਈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਲੂਇਸੀਆਨਾ ਵਾਸੀ ਨੂੰ 3 ਚਰਚਾਂ ਅੱਗ ਦੀ ਭੇਂਟ ਚੜ੍ਹਾਉਣ ਦੇ ਦੋਸ਼ ਵਿੱਚ ਹੋਈ 25 ਸਾਲ ਦੀ ਕੈਦ


**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ ਫਰਿਜ਼ਨੋ( ਕੈਲੀਫੋਰਨੀਆਂ)-** ਲੂਇਸੀਆਨਾ ਦੇ ਇਕ ਵਿਅਕਤੀ ਨੂੰ ਇਸ ਖੇਤਰ ਦੀਆਂ ਤਿੰਨ ਚਰਚਾਂ ਨੂੰ ਉਸ ਦੁਆਰਾ ਅੱਗ ਲਾਉਣ ਦੇ ਦੋਸ਼ ਨੂੰ ਮੰਨਣ ਤੇ ਸਜ਼ਾ ਸੁਣਾਈ ਗਈ ਹੈ। ਇਸ ਵਿਅਕਤੀ ਦੁਆਰਾ ਆਪਣੇ ਆਪ ਨੂੰ "ਬਲੈਕ ਮੈਟਲ" ਸੰਗੀਤਕਾਰ ਵਜੋਂ ਮਸ਼ਹੂਰ ਕਰਨ ਲਈ ਤਿੰਨ ਅਫਰੀਕੀ ਅਮਰੀਕੀ ਚਰਚਾਂ ਨੂੰ ਸਾੜ ਦਿੱਤਾ ਗਿਆ ਸੀ। ਜਿਸਦੇ ਦੋਸ਼ ਤਹਿਤ ਅਦਾਲਤ ਦੁਆਰਾ ਸੋਮਵਾਰ ਨੂੰ 25 ਸਾਲ ਕੈਦ ਦੀ ਸਜਾ ਸੁਣਾਈ ਗਈ ਅਤੇ ਚਰਚਾਂ ਨੂੰ 2.6 ਮਿਲੀਅਨ ਡਾਲਰ ਦਾ ਭੁਗਤਾਨ ਕਰਨ ਦਾ ਆਦੇਸ਼ ਵੀ ਦਿੱਤਾ ਗਿਆ। ਸੰਯੁਕਤ ਰਾਜ ਦੇ ਅਟਾਰਨੀ ਅਲੈਗਜ਼ੈਂਡਰ ਵੈਨ ਹੁੱਕ ਨੇ ਇਕ ਨਿਊਜ਼ ਰੀਲੀਜ਼ ਵਿਚ ਦੱਸਿਆ ਕਿ ਲਫੈਯੇਟ ਦੇ ਜ਼ਿਲ੍ਹਾ ਜੱਜ ਰਾਬਰਟ ਸਮਰਹੇਜ ਨੇ ਹੋਲਡੇਨ ਮੈਥਿਊਜ਼ ਨਾਮ ਦੇ ਇਸ 23 ਸਾਲਾ ਵਿਅਕਤੀ ਨੂੰ ਸ਼ਜਾ ਦਿੱਤੀ ਹੈ ਜੋ ਕਿ ਪਹਿਲਾਂ ਹੀ 18 ਮਹੀਨੇ ਜੇਲ ਵਿਚ ਰਿਹਾ ਹੈ। ਇੱਕ ਬਿਆਨ ਅਨੁਸਾਰ



ਮੈਥਿਊਜ਼ ਨੇ 1990 ਦੇ ਦਹਾਕੇ ਵਿਚ ਨਾਰਵੇ ਵਿਚ ਇਸ ਤਰ੍ਹਾਂ ਦੇ ਅਪਰਾਧ ਦੀ ਨਕਲ ਕਰਦਿਆਂ 'ਬਲੈਕ ਮੈਟਲ' ਸੰਗੀਤਕਾਰ ਵਜੋਂ ਉਸ ਦੀ ਪ੍ਰੋਫਾਈਲ ਬਨਾਉਣ ਲਈ ਇਨ੍ਹਾਂ ਇਮਾਰਤਾਂ ਦੀ ਧਾਰਮਿਕ ਮਹੱਤਤਾ ਕਾਰਕੇ ਅੱਗ ਲਗਾਉਣ ਦਾ ਦੋਸ਼ ਮੰਨਿਆ ਹੈ। ਕਿਉਂਕਿ ਨਾਰਵੇ ਵਿੱਚ ਬਲੈਕ ਮੈਟਲ ਸੰਗੀਤ ਦੀ ਕਿਸਮ ਨੂੰ ਕੁਝ ਮਾਮਲਿਆਂ ਵਿੱਚ ਈਸਾਈ ਗਿਰਜਾਘਰਾਂ ਵਿਚ ਅੱਗ ਲਾਉਣ ਨਾਲ ਜੋੜਿਆ ਗਿਆ ਹੈ। ਇਸ ਵਿਅਕਤੀ ਨੂੰ ਰਾਜ ਅਤੇ ਕੇਂਦਰ ਪੱਧਰ ਤੇ ਦੋਸ਼ੀ ਮੰਨਿਆ ਗਿਆ ਸੀ। ਜਿਕਰਯੋਗ ਹੈ ਕਿ ਮਾਰਚ ਅਤੇ ਅਪ੍ਰੈਲ 2019 ਵਿੱਚ ਇਹ ਤਿੰਨੇ ਚਰਚ ਸੜ ਗਏ ਸਨ ਪਰ ਅੱਗ ਲੱਗਣ ਵੇਲੇ ਚਰਚ ਖਾਲੀ ਸਨ ਅਤੇ ਕੋਈ ਵੀ ਜ਼ਖਮੀ ਨਹੀਂ ਹੋਇਆ ਸੀ। ਇਹ ਮੁੱਖ ਤੌਰ ਤੇ ਅਫਰੀਕੀ ਅਮਰੀਕੀ ਈਸਾਈਆਂ ਲਈ ਇਕੱਠੇ ਹੋਣ, ਅਰਦਾਸ ਕਰਨ, ਪੂਜਾ ਕਰਨ ਅਤੇ ਉਨ੍ਹਾਂ ਦੇ ਵਿਸ਼ਵਾਸ ਕਰਨ ਦੀ ਜਗ੍ਹਾ ਸਨ। ਜਿਹਨਾਂ ਨੂੰ ਕਿ ਦੋਸ਼ੀ ਨੇ ਅੱਗ ਦੇ ਹਵਾਲੇ ਕਰ ਦਿੱਤਾ ਸੀ।

# ਚੋਣ ਦਿਵਸ ਦੇ ਮੱਦੇਨਜ਼ਰ ਦੇਸ਼ ਭਰ ਵਿੱਚ ਹੋਏ ਸੁਰੱਖਿਆ ਦੇ ਪੁਖਤਾ ਇੰਤਜ਼ਾਮ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ ਫਰਿਜ਼ਨੋ( ਕੈਲੀਫੋਰਨੀਆਂ)-** 3 ਨਵੰਬਰ 2020- ਅਮਰੀਕਾ ਵਿੱਚ ਚੋਣਾਂ ਦਾ ਮਾਹੌਲ ਹੋਣ ਕਰਕੇ ਲੋਕਾਂ ਵਿੱਚ ਪੂਰਾ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।ਇਸ ਸਮੇਂ ਚੋਣ ਦਿਵਸ ਹੋਣ ਕਰਕੇ ਅਮਰੀਕਾ ਵਿੱਚ ਸੁਰੱਖਿਆ ਏਜੰਸੀਆਂ ਦੀ ਚਿੰਤਾ ਵਧੀ ਹੋਈ ਹੈ। ਚੋਣ ਦਿਵਸ ਨਾਲ ਜੁੜੀ ਬੇਚੈਨੀ ਅਤੇ ਚਿੰਤਾਵਾਂ ਕਾਰਨ ਦੇਸ਼ ਭਰ ਵਿਚ ਸੁਰੱਖਿਆ ਸਖਤ ਕੀਤੀ ਜਾ ਰਹੀ ਹੈ। ਸੋਮਵਾਰ ਨੂੰ ਵ੍ਹਾਈਟ ਹਾਊਸ ਕੰਪਲੈਕਸ ਨੂੰ ਕਿਸੇ ਤਰ੍ਹਾਂ ਦੀ ਹਿੰਸਕ ਗਤੀਵਿਧੀ ਤੋਂ ਬਚਾਉਣ ਲਈ ਇਸਦੇ ਆਲੇ ਦੁਆਲੇ ਨਵੀਂ ਸਟੀਲ ਦੀ ਵਾੜ ਕੀਤੀ ਗਈ ਹੈ ਜਦਕਿ ਨਿਊਯਾਰਕ ਸਿਟੀ ਪੁਲਿਸ ਵਿਭਾਗ ਨੇ ਸਾਵਧਾਨੀ ਦੇ ਤੌਰ 'ਤੇ ਉਥੇ ਸਟੋਰ ਅਤੇ ਆਲੇ ਦੁਆਲੇ ਦੇ ਕਾਰੋਬਾਰਾਂ ਨੂੰ ਅਲਰਟ' ਤੇ ਪਾ ਦਿੱਤਾ ਹੈ। ਚੋਣ ਦਿਨ ਦੇ ਆ ਜਾਣ ਕਾਰਨ ਰਾਜਨੀਤਿਕ ਤਣਾਅ ਵੀ ਵਧ ਰਿਹਾ ਹੈ। ਇੰਨਾ ਹੀ ਨਹੀਂ ਕੁੱਝ ਕੁ ਸਰਾਰਤੀ ਅਨਸਰਾਂ ਨੇ ਹਿੰਸਕ ਘਟਨਾਵਾਂ ਨੂੰ ਵੀ ਅੰਜਾਮ ਦਿੱਤਾ ਹੈ। ਹਿਊਸਟਨ ਵਿਚ, ਬਦਮਾਸ਼ਾਂ ਨੇ ਕਾਉਂਟੀ ਦੇ ਡੈਮੋਕ੍ਰੇਟਿਕ ਪਾਰਟੀ ਦੇ ਮੁੱਖ ਦਫਤਰ ਨੂੰ ਨਿਸ਼ਾਨਾ ਬਣਾਇਆ ਅਤੇ ਉੱਥੇ ਵਿੰਡੋਜ਼ ਉੱਪਰ "ਚੋਣਾਂ ਨਹੀਂ .. ਇਨਕਲਾਬ " ਦੇ ਸ਼ਬਦਾਂ ਨਾਲ ਸਪਰੇਅ ਕੀਤਾ।



ਇਸਦੇ ਇਲਾਵਾ ਬੇਵਰਲੀ ਹਿੱਲਜ਼ ਵਿਚ, ਪ੍ਰਦਰਸ਼ਨਕਾਰੀ ਅਤੇ ਉਨ੍ਹਾਂ ਦਾ ਵਿਰੋਧ ਕਰਨ ਵਾਲੇ ਧੱਕਾ ਮੁੱਕੀ ਵੀ ਹੋਏ।ਬੇਵਰਲੀ ਹਿਲਜ਼ ਦੇ ਪੁਲਿਸ ਮੁਖੀ ਨੇ ਚੋਣ ਪ੍ਰਤੀ ਹਿੰਸਾ ਬਾਰੇ ਚੇਤਾਵਨੀ ਦਿੱਤੀ ਹੈ। ਉਹਨਾਂ ਦੱਸਿਆ ਕਿ ਅਧਿਕਾਰੀ ਸ਼ਾਂਤੀ ਬਣਾਈ ਰੱਖਣ ਲਈ ਬਿਨਾਂ ਕਿਸੇ ਛੁੱਟੀ ਦੇ 12 ਘੰਟੇ ਦੀ ਸ਼ਿਫਟ ਵਿੱਚ ਕੰਮ ਕਰ ਰਹੇ ਹਨ। ਕੁੱਝ ਹਫਤਿਆਂ ਪਹਿਲਾਂ ਐਫ ਬੀ ਆਈ ਨੇ ਮਿਲੀਸ਼ੀਆ ਦੇ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਥਿਤ ਤੌਰ ਤੇ ਹਮਲਿਆਂ ਦੀ ਯੋਜਨਾ ਬਣਾ ਰਹੇ ਸਨ। ਇੰਨਾ ਹੀ ਨਹੀਂ ਮੰਗਲਵਾਰ ਤੋਂ, ਅਧਿਕਾਰੀ ਐਫ ਬੀ ਆਈ ਹੈੱਡਕੁਆਰਟਰ ਦੇ ਕਮਾਂਡ ਸੈਂਟਰ ਤੋਂ ਦੇਸ਼ ਭਰ ਦੇ ਸਮਾਗਮਾਂ ਦੀ ਨਿਗਰਾਨੀ ਵੀ ਕਰਨਗੇ। ਸੁਰੱਖਿਆ ਮਾਮਲਿਆਂ ਵਿੱਚ ਵਾਸ਼ਿੰਗਟਨ ਡੀ.ਸੀ., ਵੱਲ ਵਧੇਰੇ ਧਿਆਨ ਹੋਣ ਦੀ ਸੰਭਾਵਨਾ ਹੈ। ਸ਼ਹਿਰ ਦੇ ਹੋਮਲੈਂਡ ਸੁਰੱਖਿਆ ਅਧਿਕਾਰੀ ਅਗਲੇ ਕਈ ਦਿਨਾਂ ਵਿੱਚ ਅੱਧੀ ਦਰਜਨ ਦੇ ਕਰੀਬ ਹੋ ਰਹੇ ਪ੍ਰਦਰਸ਼ਨਾਂ ਨੂੰ ਵੀ ਰੋਕ ਰਹੇ ਹਨ। ਡੀ .ਸੀ. ਵਿਚ ਹੋਮਲੈਂਡ ਸਿਕਿਓਰਿਟੀ ਐਂਡ ਐਮਰਜੈਂਸੀ ਮੈਨੇਜਮੈਂਟ ਏਜੰਸੀ ਦੇ ਡਾਇਰੈਕਟਰ ਡਾ. ਕ੍ਰਿਸਟੋਫਰ ਰੌਡਰਿਗੁਜ਼ ਅਨੁਸਾਰ ਜ਼ਿਲ੍ਹੇ ਵਿਚ ਹਿੰਸਾ, ਸ਼ਰਾਰਤ ਜਾਂ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਪੰਜਾਬ ਵਿੱਚ ਪ੍ਰਦਰਸ਼ਨ ਕਰ ਰਹੀਆਂ ਕਿਸਾਨ ਯੂਨੀਅਨਾਂ 'ਚੱਕਾ ਜਾਮ' ਲਈ ਦ੍ਰਿੜ੍ਹ

**ਚੰਡੀਗੜ੍ਹ-** ਪੰਜਾਬ ਦੀਆਂ ਪ੍ਰਦਰਸ਼ਨ ਕਰ ਰਹੀਆਂ 30 ਕਿਸਾਨ ਯੂਨੀਅਨਾਂ ਨੇ ਕਿਸੇ ਦਬਾਅ ਹੇਠ ਆਉਣ ਤੋਂ ਇਨਕਾਰ ਕਰਦਿਆਂ ਕੇਂਦਰ ਦੁਆਰਾ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਆਪਣਾ ਅੰਦੋਲਨ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਕਿਸਾਨ ਯੂਨੀਅਨਾਂ ਵੀਰਵਾਰ ਨੂੰ 'ਚੱਕਾ ਜਾਮ' ਰਾਹੀਂ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਲਈ ਤਿਆਰ ਹਨ। ਕਿਸਾਨ ਜਿਨ੍ਹਾਂ ਨੂੰ ਆਲ ਇੰਡੀਆ ਕਿਸਾਨ ਸੰਘਰਸ਼ ਕਮੇਟੀ ਨਾਲ ਸਬੰਧਤ 200 ਹੋਰ ਯੂਨੀਅਨਾਂ ਦਾ ਸਮਰਥਨ ਪ੍ਰਾਪਤ ਹੈ, ਦੁਪਹਿਰੇ 12 ਤੋਂ ਸ਼ਾਮ 4 ਵਜੇ ਤੱਕ ਸਾਰੇ ਕੌਮੀ ਸ਼ਾਹਰਾਹਾਂ 'ਤੇ ਜਾਮ ਲਗਾਉਣਗੇ। ਪੰਜਾਬ ਵਿਚ ਸਾਰੇ ਰਾਜ ਮਾਰਗਾਂ ਅਤੇ ਕੌਮੀ ਸ਼ਾਹਰਾਹਾਂ 'ਤੇ ਜਾਮ ਲਾਇਆ ਜਾਵੇਗਾ।

ਬੀ.ਕੇ.ਯੂ ਏਕਤਾ ਉਗਰਾਹਾਂ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੂੰ ਛੱਡ ਕੇ ਰਾਜ ਦੀਆਂ 30 ਕਿਸਾਨ ਯੂਨੀਅਨਾਂ ਦੀ ਅੱਜ ਹੋਈ ਮੀਟਿੰਗ ਵਿੱਚ 20 ਨਵੰਬਰ ਤੱਕ ਸੂਬੇ ਵਿਚੋਂ ਮਾਲ ਗੱਡੀਆਂ ਨੂੰ ਲੰਘਣ ਦੀ ਆਗਿਆ ਦੇਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਨੇ ਪਹਿਲਾਂ 4 ਨਵੰਬਰ ਤਕ ਮਾਲ ਗੱਡੀਆਂ ਲੰਘਣ ਦੀ ਇਜਾਜ਼ਤ ਦਿੱਤੀ ਸੀ। ਪਰ ਕੇਂਦਰੀ ਰੇਲ ਮੰਤਰਾਲੇ ਨੇ ਪੰਜਾਬ ਲਈ ਰੇਲਵੇ ਸੇਵਾ ਨੂੰ ਮੁਅੱਤਲ ਰੱਖਣ ਦਾ ਫੈਸਲਾ ਕੀਤਾ ਹੈ। ਬੀਕੇਯੂ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ, ਟੌਲ ਪਲਾਜ਼ਿਆਂ ਅਤੇ ਪੈਟਰੋਲ ਪੰਪਾਂ ਤੇ ਪ੍ਰਚੂਨ ਕਾਰੋਬਾਰਾਂ ਅਤੇ ਪੰਜਾਬ ਵਿੱਚ ਭਾਜਪਾ ਨੇਤਾਵਾਂ ਦੇ ਘਰਾਂ ਦਾ ਘਿਰਾਓ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੌਰਾਨ ਪੰਜਾਬ ਸਰਕਾਰ ਦੇ ਵਫ਼ਦ ਜਿਸ ਵਿੱਚ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਮੁੱਖ ਮੰਤਰੀ ਦੇ ਰਾਜਨੀਤਕ ਸਲਾਹਕਾਰ ਕੈਪਟਨ ਸੰਦੀਪ ਸੰਧੂ ਸ਼ਾਮਲ ਸਨ ਨੇ ਅੱਜ ਇਨ੍ਹਾਂ 30 ਯੂਨੀਅਨਾਂ ਦੇ ਨੁਮਾਇੰਦਿਆਂ ਅਤੇ ਬੀਕੇਯੂ ਏਕਤਾ ਉਗਰਾਹਾਂ ਦੇ ਨੁਮਾਇੰਦਿਆਂ ਨਾਲ ਵੱਖਰੇ ਤੌਰ 'ਤੇ ਮੁਲਾਕਾਤ ਕੀਤੀ। ਕੱਲ੍ਹ ਵਫ਼ਦ ਨੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ ਸੀ ਤੇ ਉਨ੍ਹਾਂ ਨੂੰ ਰੇਲ ਸੇਵਾ ਦੀ ਮੁਅੱਤਲੀ ਦਾ ਸੂਬੇ ਦੀ ਆਰਥਿਕਤਾ ਉੱਤੇ ਪੈਣ ਵਾਲੇ ਨਤੀਜਿਆਂ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ।

## ਫਰਿਜ਼ਨੋ ਦੇ ਕੋਰੋਨਾਂ ਵਾਇਰਸ ਕੇਸਾਂ ਵਿੱਚ ਹੋਇਆ ਹੋਰ 55 ਨਵੇਂ ਕੇਸਾਂ ਦਾ ਵਾਧਾ

**ਗੁਰਿੰਦਰਜੀਤ ਨੀਟਾ ਮਾਛੀਕੇ /ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆਂ)-** ਫਰਿਜ਼ਨੋ ਵਿੱਚ ਵਾਇਰਸ ਦੇ ਕੇਸਾਂ ਵਿੱਚ ਵਾਧਾ ਲਗਾਤਾਰ ਜਾਰੀ ਹੈ। ਕੈਲੀਫੋਰਨੀਆਂ ਦੇ ਪਬਲਿਕ ਹੈਲਥ ਵਿਭਾਗ ਦੀ ਸੋਮਵਾਰ ਨੂੰ ਜਾਰੀ ਰਿਪੋਰਟ ਅਨੁਸਾਰ ਫਰਿਜ਼ਨੋ ਕਾਉਂਟੀ ਨੇ ਕੋਵਿਡ-19 ਦੇ 55 ਨਵੇਂ ਕੇਸ ਦਰਜ਼ ਕੀਤੇ ਹਨ ਜਿਸ ਨਾਲ ਮਾਰਚ ਵਿੱਚ ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਇੱਥੇ ਕੇਸਾਂ ਦੀ ਕੁੱਲ ਸੰਖਿਆ 31,613 ਹੋ ਗਈ ਹੈ।

ਸਟੇਟ ਦੇ ਅੰਕੜਿਆਂ ਅਨੁਸਾਰ ਇਹ ਵਾਧਾ ਪਿਛਲੇ ਰਿਪੋਰਟਿੰਗ ਦਿਨ ਤੋਂ 0.2% ਵਾਧੇ ਨੂੰ ਦਰਸਾਉਂਦਾ ਹੈ। ਇਸਦੇ ਨਾਲ ਹੀ ਸ਼ੁੱਕਰਵਾਰ ਨੂੰ ਫਰਿਜ਼ਨੋ ਵਿੱਚ ਚਾਰ ਨਵੀਆਂ ਮੌਤਾਂ ਵੀ ਹੋਈਆਂ ਹਨ ਅਤੇ ਕੋਰੋਨਾਂ ਵਾਇਰਸ ਕਾਰਨ ਹੋਈਆਂ ਮੌਤਾਂ ਦੀ ਗਿਣਤੀ 443 ਤੱਕ ਪਹੁੰਚ ਗਈ ਹੈ। ਇਸਦੇ ਇਲਾਵਾ ਨਵੇਂ ਅੰਕੜਿਆਂ ਅਨੁਸਾਰ ਕਾਉਂਟੀ ਵਿੱਚ 14 ਦਿਨਾਂ ਦੀ ਔਸਤਨ ਟੈਸਟ ਪੋਜ਼ੀਟਿਵਿਟੀ ਦਰ 4.5% ਹੈ। ਸਿਹਤ ਵਿਭਾਗ ਦੇ ਅਨੁਸਾਰ ਕੁੱਲ 109 ਮਰੀਜ਼ਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ, ਅਤੇ ਉਨ੍ਹਾਂ ਵਿੱਚੋਂ 32 ਸੋਮਵਾਰ ਤੱਕ ਇਨਟੈਂਸਿਵ ਕੇਅਰ ਯੂਨਿਟ ਵਿੱਚ ਸਨ।


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

## ਭਾਰਤ ਦੀ ਇਕ ਬਹੁਤ ਹੀ ਪੁਰਾਤਨ ਤੇ ਇਤਹਾਸਿਕ ਕਾਮਬੋਜਾ ਕੌਮ ਨੇ ਬ੍ਰਾਹਮਣਵਾਦ ਮੰਨੂਵਾਦ ਦੇ ਵਿਰੋਧ ਵਿੱਚ ਵਜਾਇਆ ਬਿੱਗਲ?

# ਆਂਧਰਾ ਪ੍ਰਦੇਸ਼ ਵਿੱਚ ਬਾਬਾ ਸਾਹਿਬ ਭੀਮਰਾਉ ਅੰਬੇਦਕਰ ਦਾ 125 ਫੁੱਟ ਉੱਚਾ ਬੁੱਤ ਲੱਗੇਗਾ









ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ ਵਿੱਚ ਬਹੁਗਿਣਤੀ ਵਿੱਚ ਕਾਮਾ, ਕਪੂ, ਰਾਂਵ, ਰੈਡੀ, ਕੁਰਮੀ ਆਦਿ ਵੱਖ ਵੱਖ ਜਾਤਾਂ ਰਹਿੰਦੀਆਂ ਹਨ ਇਹਨਾਂ ਸਬ ਦਾ ਸੰਬੰਧ ਭਾਰਤ ਦੀ ਇਕ ਇਤਹਾਸਿਕ ਜਾਤ ਕਾਮਬੋਜਾ ਨਾਲ ਹੈ ਜਿਸਨੇ ਗੋਤਮ ਬੁੱਧ ਤੋ ਪਹਿਲਾ ਹੁਣ ਦੇ ਰਾਜੋਰੀ ਉਸ ਸਮੇਂ ਰਾਜਪੁਰਾ ਤੋ ਲੈਕੇ ਸਾਰੇ ਪੰਜਾਬ ਤੋ ਗੰਧਾਰ ਹੁਣ ਦੇ ਕਾਬੁਲ ਤੱਕ ਰਾਜ ਕੀਤਾ ਸੀ ਫਿਰ ਇਸੇ ਕਾਮਬੋਜਾ ਕੌਮ ਨੇ ਭਾਰਤ ਦੀਆ ਚਾਰਾ ਦਿਸ਼ਾਵਾਂ ਵਿੱਚ ਵੀ ਅਪਨੇ ਰਾਜ ਸਥਾਪਿਤ ਕੀਤੇ ਤੇ ਕਾਮਬੋਜਾ ਤੇ ਯਵਨਾਂ ਨੇ ਹੀ ਸਬ ਤੋ ਪਹਿਲਾ ਬੁੱਧ ਧਰਮ ਨੂੰ ਅਪਣਾਇਆ ਸੀ ਤੇ ਕਾਲਿੰਗਾ ਦੀ ਲੜਾਈ ਵਿੱਚ ਅਸ਼ੋਕਾ ਦੀ ਫੋਜ ਵਿੱਚ ਸਬ ਤੋ ਜ਼ਿਆਦਾ ਗਿਣਤੀ ਵੀ ਕਾਮਬੋਜਾ ਤੇ ਯਵਨਾਂ ਦੀ ਹੀ ਸੀ ਬ੍ਰਾਹਮਣਾ ਵੱਲੋਂ ਬੁੱਧ ਧਰਮ ਦਾ ਖ਼ਾਤਮਾ ਕਰਨ ਤੋ ਬਾਅਦ ਮਨੂਸਿਮਰਤੀ ਵਿੱਚ ਅਧਿਆਇ ਨੰਬਰ 10 ਸਲੋਕ ਨੰਬਰ 43,44 ਵਿੱਚ ਕਾਮਬੋਜਾ ਨੂੰ ਕਸ਼ਤਰੀਯ ਤੋ ਸ਼ੂਦਰ ਘੋਸ਼ਿਤ ਕੀਤਾ ਗਇਆ ਤੇ ਹੁਣ ਤੱਕ ਭਾਰਤ ਸਮੇਤ ਦੁਨਿਆ ਦੀਆ ਸਾਰੀਆਂ ਵੱਡੀਆਂ ਯੁਨੀਵਰਸਟੀਆ ਨੇ ਭਾਰਤ ਤੇ ਜੋ ਹੁਣ ਤੱਕ ਜੋ ਖੋਜ ਕੀਤੀ ਹੈ ਉਹ ਸਾਰੇ ਕਾਮਬੋਜਾ ਮਹਾਜਨਪਦ (ਕਾਮਬੋਜ ਰਾਜ )ਬਾਰੇ ਇਕਮਤ ਰੱਖਦੇ ਹਨ ਤੇ ਹੁਣ ਤੱਕ ਦੀ ਹੋਈ ਖੋਜ ਤੋ ਇਹ ਗੱਲ ਵੀ ਸ਼ਪਸਟ ਹੋ ਚੁੱਕੀ ਹੈ ਕਿ ਸਾਰੇ ਭਾਰਤ ਵਿੱਚ ਗਿਣਤੀ ਦੇ ਹਿਸਾਬ ਨਾਲ ਕਾਮਬੋਜਾ ਭਾਰਤ ਦੀ ਸਬ ਤੋ ਵੱਡੀ ਕੌਮ ਹੈ ਤੇ ਜੋ ਭਾਰਤ ਵਿੱਚ ਕਿਤੇ ਕੋਚ ਰਾਜਵੰਸੀ, ਕਿਤੇ ਕੁਰਮੀ ਲਵਾ ਕੜਵਾ ਪਟੇਲ, ਕਿਤੇ ਆਦਿ-ਵਾਸੀ ਮੁੰਡਾ ਬੋਡੋ ਕੋਚ ਆਦਿ 500 ਤੋ ਵੱਧ ਨਾਵਾਂ ਤੇ ਭਾਰਤ ਵਿੱਚ ਰਹਿ ਰਹੀ ਹੈ ਹੁਣ ਇਹ ਕੌਮ ਸਾਰੇ ਭਾਰਤ ਵਿੱਚ ਅਪਨਾ ਇਤਿਹਾਸ ਕਾਮਬੋਜਾ ਪੜਕੇ ਇਕ ਪਲੇਟਫ਼ਾਰਮ ਤੇ ਇਕੱਠਾ ਹੋ ਰਹੀ ਹੈ ਕਿ ਭਾਰਤ ਦੀ ਸਬ ਤੋ ਤਾਕਤਵਰ ਤੇ ਮਾਰਸ਼ਲ ਕਸ਼ਤਰੀਯ ਕੌਮ ਨੂੰ ਬ੍ਰਾਹਮਣਾ ਨੇ ਵੰਡ ਵੰਡ ਕੇ ਸ਼ੂਦਰ ਬਨਾਇਆ ਹੈ ਹੁਣ ਉਹ ਬਾਬਾ ਸਾਹਿਬ ਭੀਮਰਾਉ ਦੀ ਸੋਚ ਤੇ ਸਾਰੇ ਭਾਰਤ ਵਿੱਚ ਇਕੱਠੇ ਹੋ ਰਹੇ ਹਨ ਤੇ ਜਿਸ ਦਿਨ ਸਾਰੇ ਭਾਰਤ ਦੇ ਕਾਮਬੋਜਾ ਇਕੱਠੇ ਹੋ ਗਏ ਇਹ ਇਕੱਲੀ ਕੌਮ ਹੀ ਭਾਰਤ ਵਿੱਚ ਏਨੀ ਵੱਡੀ ਗਿਣਤੀ ਵਿੱਚ ਹੈ ਕਿ ਭਾਰਤ ਵਿੱਚੋਂ ਬ੍ਰਾਹਮਣਵਾਦ ਦਾ ਇਕੱਲੇ ਹੀ ਸਫਾਈਆਂ ਵੀ ਕਰ ਸਕਦੀ ਹੈ।

ਵਲਭ ਭਾਈ ਪਟੇਲ, ਐਨ ਟੀ ਰਾਮਾਰਾਉ, ਨਿਤਿਸ਼ ਕੁਮਾਰ, ਸ਼ਹੀਦ ਉੱਧਮ ਸਿੰਘ ਇਸੇ ਕਾਮਬੋਜਾ ਕੌਮ ਵਿੱਚ ਪੈਦਾ ਹੋਏ ਕੋਚੀਨ ਸਟੇਟ ਦੀ 4000 ਏਕੜ ਤੋ ਵੱਧ ਦੀ ਮਾਲਕੀ ਹਾਲੇ ਵੀ ਕਾਮਬੋਜਾ ਰਾਜਾ ਪ੍ਰਵਾਰ ਕੋਲ ਹੈ ਤੇ 1947 ਤੱਕ ਕੋਚੀਨ ਵਿੱਚ ਕੋਚ ਰਾਜਵੰਸੀ ਕਾਮਬੋਜਾ ਦਾ ਰਾਜ ਰਿਹਾ ਤੇ ਭਾਰਤ ਸਰਕਾਰ ਹੁਣ ਵੀ ਕਾਮਬੋਜਾ ਸ਼ਾਹੀ ਪਰਿਵਾਰ ਨੂੰ ਪੈਨਸ਼ਨ ਦੇਂਦੀ ਹੈ ਜੋ ਕੋਚੀਨ ਵਿੱਚ ਸ਼ਾਹੀ ਮਹਿਲ ਵਿੱਚ ਰਹ ਰਿਹਾ ਹੈ, ਕੰਬੋਡੀਆ, ਸ੍ਰੀ ਲੰਕਾ, ਬੰਗਾਲ ਦੇਸ਼, ਵਿਯਤਨਾਮ, ਇੰਡੋਨੇਸ਼ੀਆ, ਥਾਈਲੈਂਡ ਆਦਿ ਹੋਰ ਭਾਰਤ ਦੇ ਨਾਲ ਵੱਸੇ ਛੋਟੇ ਛੋਟੇ ਦੇਸ਼ਾਂ ਵਿੱਚ ਹਾਲੇ ਵੀ ਰਾਜਸੀ ਸੱਤਾ ਕਾਮਬੋਜਾ ਦੇ ਹੱਥ ਵਿੱਚ ਹੈ ।

Bamcef International
Sarabjit Singh New York- 347-935-6589

# ਕੈਲੀਫੋਰਨੀਆਂ ਜੰਗਲੀ ਅੱਗ ਦੇ ਪੀੜਿਤਾਂ ਨੂੰ ਇਸ ਮਹੀਨੇ ਪੀ ਜੀ ਐਂਡ ਈ ਟਰੱਸਟ ਦੁਆਰਾ ਹੋ ਸਕਦੀ ਹੈ ਅਦਾਇਗੀ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤਧਾਲੀਆਂ ਫਰਿਜ਼ਨੋ(ਕੈਲੀਫੋਰਨੀਆਂ)–** ਕੈਲੀਫੋਰਨੀਆਂ ਦੀਆਂ ਜੰਗਲੀ ਅੱਗਾਂ ਵਿੱਚ ਹੋਏ ਨੁਕਸਾਨ ਲਈ ਇੱਥੋਂ ਦੀਆਂ ਬਿਜਲੀ ਕੰਪਨੀਆਂ ਵੀ ਜਿੰਮੇਵਾਰ ਹਨ। ਪੈਸੀਫਿਕ ਗੈਸ ਅਤੇ ਇਲੈਕਟ੍ਰਿਕ ਕੰਪਨੀ ਰਾਜ ਵਿੱਚ ਬਿਜ਼ਲੀ ਮੁਹੱਈਆ ਕਰਵਾਉਣ ਦੇ ਖੇਤਰ ਵਿੱਚ ਮੋਹਰੀ ਹੈ ਪਰ ਜੰਗਲੀ ਅੱਗਾਂ ਵਿੱਚ ਹੋਏ ਨੁਕਸਾਨ ਵਿੱਚ ਇਸ ਕੰਪਨੀ ਤੇ ਵੀ ਉਂਗਲੀ ਉੱਠਦੀ ਹੈ। 2017 ਅਤੇ 2018 ਦੀ ਜੰਗਲੀ ਅੱਗ ਦੇ ਪੀੜਤਾਂ ਨੇ ਉਹਨਾਂ ਦੇ ਨੁਕਸਾਨ ਲਈ ਪੀ ਜੀ ਐਂਡ ਈ ਨੂੰ ਜਿੰਮੇਵਾਰ ਠਹਿਰਾਇਆ ਸੀ ਅਤੇ ਆਪਣੀ ਭਰਭਾਈ ਦੀ ਮੰਗ ਕੀਤੀ ਸੀ।ਉਹਨਾਂ ਪੀੜਿਤਾਂ ਨੂੰ ਇਸ ਮਹੀਨੇ ਹਰੇਕ ਨੂੰ 25,000 ਡਾਲਰ ਦੀ ਮੁੱਢਲੀ ਰਾਸ਼ੀ



ਮਿਲਣ ਦੀ ਉਮੀਦ ਹੈ। ਕੰਪਨੀ ਦੇ ਜੰਗਲੀ ਅੱਗ ਦੇ ਦਾਅਵਿਆਂ ਦਾ ਭੁਗਤਾਨ ਕਰਨ ਲਈ ਸਥਾਪਤ ਕੀਤੇ ਗਏ ਪੀ ਜੀ ਐਂਡ ਈ ਫਾਇਰ ਵਿਕਟਿਮ ਟਰੱਸਟ ਨੇ ਸੋਮਵਾਰ ਦੇਰ ਰਾਤ ਤੱਕ ਐਲਾਨ ਕੀਤਾ ਕਿ ਪੀੜਿਤਾਂ ਨੂੰ 23 ਨਵੰਬਰ ਤੱਕ ਭੁਗਤਾਨ



ਕਰਨ ਦੀ ਉਮੀਦ ਹੈ। ਇਸ ਮਾਮਲੇ ਸੰਬੰਧੀ ਟਰੱਸਟ ਨੇ ਦੱਸਿਆ ਕਿ ਉਹ 2017 ਦੇ ਵਾਈਨ ਕੰਟਰੀ ਅਤੇ 2018 ਦੇ ਕੈਂਪ ਫਾਇਰ ਦੇ 80,000 ਅੱਗ ਪੀੜਿਤਾਂ ਨੂੰ ਲਗਭੱਗ 13.5 ਬਿਲੀਅਨ ਡਾਲਰ ਦੀ ਵੰਡ ਕਰੇਗੀ। ਪੀ ਜੀ ਐਂਡ ਈ ਨੂੰ ਇਹਨਾਂ ਅੱਗਾਂ ਵਿੱਚ ਹੋਏ ਨੁਕਸਾਨ ਦਾ ਦੋਸ਼ੀ ਮੰਨਿਆ ਮੰਨਿਆ ਗਿਆ ਸੀ ਜਿਸ ਵਿੱਚ 85 ਲੋਕ ਮਾਰੇ ਗਏ ਸਨ। ਅੱਗ ਦੇ ਪੀੜਿਤਾਂ ਨੂੰ ਭੁਗਤਾਨ ਪ੍ਰਾਪਤ ਕਰਨ ਲਈ ਟਰੱਸਟ ਦੀ ਵੈਬਸਾਈਟ ਤੇ 31 ਦਸੰਬਰ ਤੱਕ ਦਾਅਵੇ ਦਾਇਰ ਕਰਨੇ ਜਰੂਰੀ ਹਨ, ਭਾਵੇਂ ਕਿ ਉਹਨਾਂ ਨੇ ਪਹਿਲਾਂ ਹੀ ਅਦਾਲਤ ਵਿੱਚ ਦਾਅਵਾ ਪੇਸ਼ ਕਰ ਦਿੱਤਾ ਹੋਵੇ।ਟਰੱਸਟ ਦੇ ਪ੍ਰਬੰਧਕ ਕੈਥੀ ਯਾਂਨੀ ਅਨੁਸਾਰ ਉਹ ਹਰ ਦਾਅਵੇ ਦੀ ਕੇਸ ਦੇ ਅਧਾਰ ਤੇ ਸਮੀਖਿਆ ਕਰਨ ਜਾ ਰਹੇ ਹਨ ਤਾਂ ਕਿ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਬੇਨਤੀ ਕਰਤਾ 25,000 ਡਾਲਰ ਦੀ ਅਦਾਇਗੀ ਦੇ ਯੋਗ ਹੈ ਵੀ ਜਾਂ ਨਹੀਂ। ਇਸ ਲਈ ਤਨਦੇਹੀ ਨਾਲ ਕੰਮ ਕਰ ਰਹੇ ਹਨ ਤਾਂ ਕਿ ਹਰ ਕਿਸੇ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਦਿੱਤਾ ਜਾ ਸਕੇ।






# ਨਿਊਯਾਰਕ ਵਿੱਚ ਪੁਲਿਸ ਨੇ ਬੰਦ ਕਰਵਾਈ 400 ਲੋਕਾਂ ਦੀ ਗੈਰ ਕਾਨੂੰਨੀ ਹੈਲੋਵੀਨ ਪਾਰਟੀ

**ਗੁਰਿੰਦਰਜੀਤ ਨੀਟਾ ਮਾਛੀਕੇ /ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਵਿੱਚ ਇਸ ਸਮੇਂ ਕੋਰੋਨਾਂ ਵਾਇਰਸ ਆਪਣਾ ਪ੍ਰਕੋਪ ਦਿਖਾ ਰਿਹਾ ਹੈ, ਜਿਸ ਕਰਕੇ ਲੋਕ ਆਪਣੀਆਂ ਜਾਨਾਂ ਗਵਾ ਰਹੇ ਹਨ।ਸਰਕਾਰ ਦੁਆਰਾ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਬਹੁਤ ਸਾਰੇ ਨਿਯਮ ਅਤੇ ਸਾਵਧਾਨੀਆਂ ਜਾਰੀ ਕੀਤੀਆਂ ਗਈਆਂ ਹਨ। ਜਿਹਨਾਂ ਵਿੱਚ ਚਿਹਰੇ ਨੂੰ ਮਾਸਕ ਨਾਲ ਢਕਣਾ ਅਤੇ ਸਮੂਹਿਕ ਇਕੱਠ ਨਾਂ ਕਰਨਾ ਪ੍ਰਮੁੱਖ ਹਨ। ਪਰ ਕਈ ਬੇਪ੍ਰਵਾਹ ਲੋਕ ਇਹਨਾਂ ਨਿਯਮਾਂ ਨੂੰ ਟਿੱਚ ਜਾਣਦੇ ਹਨ। ਅਜਿਹਾ ਹੀ ਇੱਕ ਮਾਮਲਾ ਨਿਊਯਾਰਕ ਵਿੱਚ ਸਾਹਮਣੇ ਆਇਆ ਹੈ, ਜਿੱਥੇ ਲਗਭੱਗ 400 ਦੇ ਕਰੀਬ ਲੋਕ ਇਕੱਠੇ ਹੋ ਕੇ ਪਾਰਟੀ ਕਰ ਰਹੇ ਸਨ।ਨਿਊਯਾਰਕ ਸਿਟੀ ਵਿਚ ਸ਼ੈਰਿਫ ਦਫਤਰ ਨੇ ਸ਼ਨੀਵਾਰ ਨੂੰ ਦੱਸਿਆ ਕਿ




ਅਧਿਕਾਰੀਆਂ ਨੇ 387 ਤੋਂ ਵੱਧ ਲੋਕਾਂ ਦੀ ਇਕ ਗੈਰ ਕਾਨੂੰਨੀ ਹੈਲੋਵੀਨ ਪਾਰਟੀ ਬੰਦ ਕਰਵਾਈ ਜਿਹਨਾਂ ਨੇ ਕੋਰੋਨਾਂ ਵਾਇਰਸ ਮਹਾਂਮਾਰੀ ਦੌਰਾਨ ਵੱਡੇ ਇਕੱਠਾਂ ਤੇ ਰੋਕ ਲਗਾਉਣ ਦੇ ਐਮਰਜੈਂਸੀ ਆਦੇਸ਼ਾਂ ਦੀ ਉਲੰਘਣਾ ਕੀਤੀ ਹੈ। ਪੁਲਿਸ ਨੇ ਬਰੁਕਲਿਨ ਦੇ ਗੁਦਾਮ ਵਿੱਚ ਸ਼ਨਿਚਰਵਾਰ ਨੂੰ 1 ਵਜੇ ਦੇ ਕਰੀਬ ਛਾਪਾ ਮਾਰ ਕੇ ਇੱਕ ਵੱਡਾ ਇਕੱਠ ਖਦੇੜਿਆ। ਇਸ ਮਾਮਲੇ ਵਿੱਚ ਸ਼ੈਰਿਫ ਦਫ਼ਤਰ ਦੁਆਰਾ ਜਾਰੀ ਕੀਤੀ ਇਕ ਤਸਵੀਰ ਵਿਚ ਗੋਦਾਮ ਦੇ ਅੰਦਰਲੇ ਲੋਕਾਂ ਦਾ ਵੱਡਾ ਇਕੱਠ ਦਿਖਾਇਆ ਗਿਆ ਹੈ ਜੋ ਸਰੀਰਕ ਤੌਰ ’ਤੇ ਦੂਰੀ ਨਹੀਂ ਬਣਾ ਰਹੇ ਹਨ ਅਤੇ ਉਨ੍ਹਾਂ ਵਿੱਚ ਕੁਝ ਲੋਕਾਂ ਫੇਸ ਮਾਸਕ ਪਹਿਨੇ ਸਨ ਜਦਕਿ ਕਈ ਬਿਨਾਂ ਮਾਸਕ ਤੋਂ ਸਨ।ਇਸ ਪਾਰਟੀ ਦੇ ਵਿੱਚ ਤਿੰਨ ਬਾਰਾਂ ਦੇ ਨਾਲ ਨਾਲ ਇਕ ਡੀਜੇ ਸਿਸਟਮ ਦਾ ਵੀ ਪ੍ਰਬੰਧ ਸੀ। ਅਧਿਕਾਰੀਆਂ ਦੁਆਰਾ ਪਾਰਟੀ ਦੇ ਪ੍ਰਬੰਧਕਾਂ ਵਜੋਂ ਜ਼ਾਹਿਰ ਕੀਤੇ ਗਏ ਘੱਟੋ ਘੱਟ 9 ਵਿਅਕਤੀਆਂ ਉੱਤੇ ਸ਼ਹਿਰ ਅਤੇ ਰਾਜ ਦੇ ਕੋਰੋਨਾਂ ਵਾਇਰਸ ਦੇ ਐਮਰਜੈਂਸੀ ਆਦੇਸ਼ਾਂ ਦੀ ਕਥਿਤ ਤੌਰ ’ਤੇ ਅਣਦੇਖੀ ਅਤੇ ਸਿਹਤ ਦੀ ਉਲੰਘਣਾ ਕਰਨ ਦੇ ਦੋਸ਼ ਲਗਾਏ ਗਏ ਹਨ।ਨਿਊਯਾਰਕ ਸਿਟੀ ਦੇ ਮੇਅਰ ਬਿਲ ਡੀ ਬਲਾਸੀਓ ਨੇ ਵੀਰਵਾਰ ਨੂੰ ਕਿਹਾ ਕਿ ਸ਼ਹਿਰ ਵਿੱਚ ਵਾਇਰਸ ਦੇ ਮੱਦੇਨਜ਼ਰ ਇਸ ਤਰ੍ਹਾਂ ਦੀਆਂ ਪਾਰਟੀਆਂ ਲੋਕਾਂ ਦੀ ਮਹਾਂਮਾਰੀ ਪ੍ਰਤੀ ਲਾਪ੍ਰਵਾਹੀ ਪ੍ਰਗਟ ਕਰਦੀਆਂ ਹਨ।

# ਖਪਤਕਾਰ ਏਜੰਸੀ ਨੇ ਕੀਤੀ ਬਿਜਲੀ ਕੰਪਨੀ ਨੂੰ ਅਸੁਵਿਧਾ ਲਈ 166 ਮਿਲੀਅਨ ਡਾਲਰ ਦਾ ਜ਼ੁਰਮਾਨਾ ਕਰਨ ਦੀ ਮੰਗ

**ਗੁਰਿੰਦਰਜੀਤ ਨੀਟਾ ਮਾਛੀਕੇ /ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆਂ)–** ਕੈਲੀਫੋਰਨੀਆ ਦੇ ਪਬਲਿਕ ਯੂਟੀਲਿਟੀਜ਼ ਦੇ ਸਰਕਾਰੀ ਵਕੀਲ ਦੁਆਰਾ ਪਿਛਲੇ ਮਹੀਨੇ ਇੱਕ ਬਿਜਲੀ ਕੰਪਨੀ ਦੁਆਰਾ ਜੰਗਲੀ ਅੱਗ ਤੋਂ ਬਚਣ ਲਈ ਲਗਾਏ ਗਏ ਬਿਜਲੀ ਕੱਟਾਂ ਨੂੰ ਗਲਤ ਤਰੀਕੇ ਨਾਲ ਹੈਂਡਲ ਕਰਨ ਲਈ 165.7 ਮਿਲੀਅਨ ਡਾਲਰ ਜੁਰਮਾਨੇ ਦੀ ਮੰਗ ਕੀਤੀ ਹੈ। ਕਮਿਸ਼ਨ ਦੇ ਪਬਲਿਕ ਐਡਵੋਕੇਟ ਦਫਤਰ ਨੇ ਕਿਹਾ ਕਿ ਕਮਿਸ਼ਨ ਨੂੰ ਪੀ ਜੀ ਐਂਡ ਈ ਕਾਰਪੋਰੇਸ਼ਨ ਨੂੰ ਸੈਕੜੇ ਹਜ਼ਾਰਾਂ ਗਾਹਕਾਂ ਨੂੰ ਢੁਕਵੀਂ ਚੇਤਾਵਨੀ ਦੇਣ ਵਿੱਚ ਅਸਫਲ ਰਹਿਣ ਲਈ ਸਜ਼ਾ ਦੇਣੀ ਚਾਹੀਦੀ ਹੈ। ਜਿਨ੍ਹਾਂ ਵਿੱਚ ਜਿਆਦਾਤਰ ਬਿਜਲੀ ਉਪਕਰਣਾਂ ’ਤੇ ਨਿਰਭਰ ਲੋਕਾਂ ਸਨ। ਸ਼ੁੱਕਰਵਾਰ ਦੇਰ ਰਾਤ ਕਮਿਸ਼ਨ ਨੂੰ ਦਾਇਰ ਕਾਨੂੰਨੀ ਨੋਟ ਵਿੱਚ, ਵਕੀਲਾਂ ਨੇ ਕਿਹਾ ਕਿ ਇਕ ਇੱਕ ਵੱਡੀ ਜਨਤਕ ਸੁਰੱਖਿਆ ਅਸਫਲਤਾ ਸੀ। ਪੀ ਜੀ ਐਂਡ ਈ ਨੇ ਬਹੁਤ ਸਾਰੇ ਗਾਹਕਾਂ ਦੀ ਜਾਨ ਨੂੰ ਜੋਖਮ ਵਿੱਚ ਪਾ ਦਿੱਤਾ ਅਤੇ ਇਸ ਦੀਆਂ ਜ਼ਿੰਮੇਵਾਰੀਆਂ ਨੂੰ ਅਣਗੌਲਿਆਂ ਕੀਤਾ ਗਿਆ।

ਅਕਤੂਬਰ ਮਹੀਨੇ ਵਿੱਚ ਪੈਸੀਫਿਕ ਗੈਸ ਅਤੇ ਇਲੈਕਟ੍ਰਿਕ ਕੰਪਨੀ ਦੁਆਰਾ ਇੱਕ ਹਫਤੇ ਵਿੱਚ ਤਿੰਨ ਵਾਰ ਬਲੈਕਆਊਟ





ਕੀਤਾ ਗਿਆ ਜੋ ਇੱਕ ਵੱਡੀ ਗਿਰਾਵਟ ਸੀ ਜਦਕਿ ਕੰਪਨੀ ਪਹਿਲਾਂ ਹੀ ਆਰਥਿਕ ਸੰਕਟ ਵਿੱਚ ਹੈ। ਵਿਸ਼ੇਸ਼ ਤੌਰ ’ਤੇ, ਪੀ ਜੀ ਐਂਡ ਈ ਅਕਤੂਬਰ 2019 ਦੇ ਸ਼ੁਰੂ ਵਿਚ ਪਹਿਲੇ ਬਲੈਕਆਊਟ ਲਈ ਬਹੁਤ ਮਾੜੀ ਤਰ੍ਹਾਂ ਤਿਆਰ ਸੀ। ਚੰਗੀ ਤਰ੍ਹਾਂ ਸੂਚਿਤ ਨਾਂ ਕਰਨ ਤੇ ਇਸ ਦੇ ਕਾਲ ਸੈਂਟਰਾਂ ਅਤੇ ਵੈਬਸਾਈਟਾਂ ਉੱਪਰ ਜਾਣਕਾਰੀ ਮੰਗਣ ਵਾਲੇ ਗਾਹਕਾਂ ਦੀ ਬਹੁਤਾਤ ਸੀ। ਇਸ ਦੇ ਬਾਵਜੂਦ ਵੀ ਬਲੈਕਆਊਟ ਜੰਗਲੀ ਅੱਗ ਨੂੰ ਰੋਕਣ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋਏ ਸਨ। ਇੱਕ ਟਰਾਂਸਮਿਸ਼ਨ ਲਾਈਨ ਜੋ ਕਿ ਗੇਜ਼ਰਵਿਲੇ ਖੇਤਰ ਵਿੱਚ ਚਲਦੀ ਰਹੀ ਸੀ, ਨੇ ਕਿਨਕੇਡ ਅੱਗ ਨੂੰ ਭੜਕਾ ਦਿੱਤਾ ਸੀ ਅਤੇ ਉਸ ਅੱਗ ਨੇ ਸੈਂਕੜੇ ਇਮਾਰਤਾਂ ਨੂੰ ਤਬਾਹ ਅਤੇ ਲਗਭਗ 200,000 ਸੋਨੋਮਾ ਕਾਉਂਟੀ ਨਿਵਾਸੀਆਂ ਨੂੰ ਘਰ ਛੱਡਣ ਲਈ ਮਜਬੂਰ ਕੀਤਾ ਸੀ। ਪੀ ਜੀ ਐਂਡ ਈ ਨੇ ਉਸ ਸਮੇਂ ਕਿਹਾ ਸੀ ਕਿ ਇਹ ਟ੍ਰਾਂਸਮਿਸ਼ਨ ਲਾਈਨਾਂ ਨੂੰ ਬੰਦ ਨਹੀਂ ਕਰੇਗੀ ਕਿਉਂਕਿ ਇਹ ਜ਼ਮੀਨ ਤੋਂ ਉੱਚੀਆਂ ਅਤੇ ਵੰਡ ਲਾਈਨਾਂ ਨਾਲੋਂ ਘੱਟ ਖਤਰਨਾਕ ਹਨ। ਪੀ ਜੀ ਐਂਡ ਈ ਪਹਿਲਾਂ ਹੀ ਅਕਤੂਬਰ 2019 ਦੇ ਬਲੈਕਆਊਟ ਦੁਆਰਾ ਪ੍ਰਭਾਵਿਤ 738,000 ਗਾਹਕਾਂ ਨੂੰ ਰਿਫੰਡ ਦੇ ਚੁੱਕਾ ਹੈ। ਜੁਰਮਾਨੇ ਸੰਬੰਧੀ ਜਨਤਕ ਵਕੀਲਾਂ ਦੀ ਮੰਗ ਦਾ ਜਵਾਬ ਦਿੰਦਿਆਂ, ਪੀ ਜੀ ਐਂਡ ਈ ਨੇ ਕਿਹਾ ਕਿ ਅਕਤੂਬਰ 2019 ਦੇ ਬਲੈਕਆਊਟ ਨੂੰ ਬਿਹਤਰ ਤਰੀਕੇ ਨਾਲ ਲਾਗੂ ਕੀਤਾ ਜਾ ਸਕਦਾ ਸੀ ਅਤੇ ਕੰਪਨੀ ਨੇ ਆਪਣੀਆਂ ਕਮੀਆਂ ਲਈ ਜ਼ਿੰਮੇਵਾਰੀ ਲਈ ਹੈ।

# ਟੈਕਸਾਸ ਹਾਈਵੇਅ ’ਤੇ ਟਰੰਪ ਸਮਰਥਕਾਂ ਨੇ ਕੀਤੀ ਬਾਈਡੇਨ ਦੀ ਸਟਾਫ ਬੱਸ ਨੂੰ ਰੋਕਣ ਦੀ ਕੋਸ਼ਿਸ਼

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆਂ)–** ਸ਼ੁੱਕਰਵਾਰ ਦੁਪਹਿਰ ਨੂੰ ਟਰੰਪ ਦੀ ਮੁਹਿੰਮ ਦੇ ਝੰਡੇ ਅਤੇ ਸੰਕੇਤਾਂ ਵਾਲੇ ਵਾਹਨਾਂ ਦੇ ਕਾਫਲੇ ਨੇ ਸੈਨ ਐਂਟੋਨੀਓ ਅਤੇ ਆਸਟਿਨ ਦਰਮਿਆਨ ਹਾਈਵੇਅ ਤੇ ਸਾਬਕਾ ਉਪ ਰਾਸ਼ਟਰਪਤੀ ਬਾਈਡੇਨ ਦੀ ਮੁਹਿੰਮ ਵਾਲੀ ਬੱਸ ਨੂੰ ਘੇਰਿਆ ਗਿਆ। ਜਿਸ ਨਾਲ ਡੈਮੋਕ੍ਰੇਟਸ ਸਮਰੱਥਕਾਂ ਨੂੰ 911ਤੇ ਫੋਨ ਕਰਕੇ ਮੱਦਦ ਲੈਣੀ ਪਈ। ਬਾਈਡਨ ਮੁਹਿੰਮ ਦੇ ਵਰਕਰਾਂ ਅਨੁਸਾਰ ਦੂਜ਼ੇ ਵਾਹਨਾਂ ਨੇ ਬੱਸ ਨੂੰ ਘੇਰ ਲਿਆ ਅਤੇ ਇਸਨੂੰ ਹਾਈਵੇ ਦੇ ਵਿਚਕਾਰ ਵਿੱਚ ਹੌਲੀ ਕਰਨ ਦੀ ਕੋਸ਼ਿਸ਼ ਕੀਤੀ।

ਉਹਨਾਂ ਦੁਆਰਾ 911 ਸੰਪਰਕ ਕਰਨ ਤੋਂ ਬਾਅਦ ਸਥਾਨਕ ਕਨੂੰਨੀ ਅਧਿਕਾਰੀਆਂ ਨੇ ਬੱਸ ਨੂੰ ਆਸਟਿਨ ਤੱਕ ਪਹੁੰਚਣ ਵਿੱਚ ਸਹਾਇਤਾ ਕੀਤੀ। ਇੱਕ ਰਿਪੋਰਟ ਅਨੁਸਾਰ ਉਸ




ਸਮੇਂ ਨਾਂ ਤਾਂ ਸਾਬਕਾ ਉਪ ਰਾਸ਼ਟਰਪਤੀ ਜੋਏ ਬਾਈਡੇਨ ਅਤੇ ਨਾ ਹੀ ਕੈਲੀਫੋਰਨੀਆਂ ਨਾਲ ਸੰਬੰਧਿਤ ਕਮਲਾ ਹੈਰਿਸ ਬੱਸ ਵਿਚ ਸਨ। ਬਾਈਡੇਨ ਮੁਹਿੰਮ ਦੇ ਡਾਇਰੈਕਟਰ ਤਾਰਿਕ ਥੌਫੀਕ, ਨੇ ਸ਼ਨੀਵਾਰ ਨੂੰ ਇਕ ਬਿਆਨ ਵਿਚ ਕਿਹਾ ਕਿ ਟੈਕਸਾਸ ਵਿਚ ਟਰੰਪ ਦੇ ਸਮਰੱਥਕਾਂ ਨੇ ਗੱਲਬਾਤ ਕਰਨ ਦੀ ਬਜਾਏ ਸਾਡੇ ਸਟਾਫ, ਸਰੋਗੇਟਸ, ਸਮਰਥਕਾਂ ਅਤੇ ਹੋਰਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਪਰ ਇਸ ਦੌਰਾਨ ਕੋਈ ਵੀ ਜ਼ਖਮੀ ਨਹੀਂ ਹੋਇਆ ਅਤੇ ਨਾਂ ਹੀ ਕਿਸੇ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਘਟਨਾ ਦੇ ਸੰਬੰਧ ਵਿੱਚ ਇਕ ਵੀਡੀਓ ਵਿੱਚ ਵੀ ਇਹ ਸਪੱਸ਼ਟ ਹੋਇਆ ਕਿ ਇਕ ਕਾਲੇ ਰੰਗ ਦੀ ਪਿਕਅਪ ਅਤੇ ਇੱਕ ਚਿੱਟੀ ਕਾਰ ਨੂੰ ਬਾਈਡੇਨ ਮੁਹਿੰਮ ਦੀ ਬੱਸ ਦੇ ਪਿੱਛੇ ਭਜਾਇਆ ਗਿਆ ਸੀ। ਇਸ ਘਟਨਾ ਸੰਬੰਧੀ ਡਾ. ਏਰਿਕ ਸਰਵੀਨੀ ਜੋ ਇੱਕ ਇਤਿਹਾਸਕਾਰ ਅਤੇ ਲਾਸ ਏਂਜਲਸ ਤੋਂ ਲੇਖਕ ਹਨ, ਜੋਏ ਬਾਈਡੇਨ ਦੀ ਮੁਹਿੰਮ ਵਿੱਚ ਸਹਾਇਤਾ ਲਈ ਟੈਕਸਾਸ ਆਏ ਸਨ। ਘਟਨਾ ਸਥਾਨ ਤੇ ਮੌਜੂਦ ਸਰਵੀਨੀ ਨੇ ਵੀਡੀਓ ਅਤੇ ਕਈ ਟਵੀਟ ਪੋਸਟ ਕੀਤੇ, ਜਿਸ ਵਿਚ ਇਸ ਘਟਨਾ ਨੂੰ ਟਰੰਪ ਦੇ ਸਮਰਥਕਾਂ ਦੁਆਰਾ ਪਿਕਅਪ ਟਰੱਕਾਂ ਵਿਚ ਟਰੰਪ ਦੇ ਝੰਡੇ ਦੇ ਨਾਲ ਬਾਈਡੇਨ ਦੀ ਬੱਸ ਨੂੰ ਰੋਕਣ ਬਾਰੇ ਦੱਸਿਆ ਗਿਆ ਸੀ।

# ਮੈਕਸੀਕੋ ਦੇ ਸਰਕਾਰ ਵਿਰੋਧੀ ਅਪਰਾਧਿਕ ਸਮੂਹ ਕਰ ਰਹੇ ਹਨ ਵਧੇਰੇ ਪ੍ਰਦੇਸ਼ਾਂ ਤੇ ਆਪਣਾ ਦਾਅਵਾ

**ਗੁਰਿੰਦਰਜੀਤ ਨੀਟਾ ਮਾਛੀਕੇ □ ਕੁਲਵੰਤ ਧਾਲੀਆਂ**
**ਫਰਿਜ਼ਨੋ(ਕੈਲੀਫੋਰਨੀਆਂ)–** ਮੈਕਸੀਕੋ ਅਮਰੀਕਾ ਦਾ ਇੱਕ ਅਜਿਹਾ ਗੁਆਂਢੀ ਦੇਸ਼ ਹੈ ਜਿਹੜਾ ਕਿ ਗੈਰ ਕਾਨੂੰਨੀ ਲੋਕਾਂ ਅਤੇ ਨਸ਼ਿਆਂ ਨੂੰ ਅਮਰੀਕਾ ਵਿੱਚ ਪਹੁੰਚਾਉਣ ਲਈ ਪ੍ਰਵੇਸ਼ ਦਵਾਰ ਰਿਹਾ ਹੈ। ਇਸ ਮੁਲਕ ਵਿੱਚ ਅਪਰਾਧਿਕ ਸਮੂਹ ਸਰਕਾਰ ਦੇ ਪ੍ਰਭਾਵ






ਅਤੇ ਡਰ ਨੂੰ ਖਤਮ ਕਰ ਰਹੇ ਹਨ। ਇਹ ਸਮੂਹ ਕਈ ਰਾਜਾਂ ਵਿੱਚ ਸ਼ਰੇਆਮ ਕਤਲ ,ਨਸ਼ੇ ਅਤੇ ਹੋਰ ਅਪਰਾਧ ਕਰਦੇ ਹਨ। ਪਿਛਲੇ ਦਿਨੀਂ ਵੀ ਇੱਕ ਅਪਰਾਧੀ ਸਮੂਹ ਨੇ ਸਵੇਰੇ 8:30 ਵਜੇ ਦਿਹਾਤੀ ਕਸਬੇ ਵਿਚ ਪੁਲਿਸ ਸਟੇਸ਼ਨ ਦਾ ਘਿਰਾਓ ਕੀਤਾ ਅਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ ਸਿੱਟੇ ਵਜੋਂ ਪੁਲਿਸ ਅਧਿਕਾਰੀ ਦੀ ਮੌਤ ਹੋ ਗਈ। ਜੋਆਨ ਅਲਡਾਮਾ , ਜ਼ੈਕਤੇਕਾਸ ਰਾਜ ਵਿੱਚ ਬੀਨ ਅਤੇ ਮੱਕੀ ਦੇ ਖੇਤਾਂ ਵਿਚਾਲੇ 13,000 ਵਸੋਂ ਵਾਲਾ ਕਸਬਾ ਹੈ ਜੋ ਮੈਕਸੀਕਨ ਇਨਕਲਾਬ ਅਤੇ ਪ੍ਰਵਾਸੀਆਂ ਨੂੰ ਯੂਨਾਈਟਿਡ ਸਟੇਟ ਭੇਜਣ ਲਈ ਜਾਣਿਆ ਜਾਂਦਾ ਸੀ। ਹਰ ਹੁਣ ਇਹ ਅਪਰਾਧੀਆਂ ਦਾ ਇੱਕ ਖੇਤਰ ਬਣ ਗਿਆ ਹੈ ਜਿੱਥੇ ਉਹ ਆਪਣੀਆਂ ਗਤੀਵਿਧੀਆਂ ਕਰਦੇ ਹਨ। ਇਸਦੇ ਨਾਲ ਹੀ ਮੈਕਸੀਕੋ ਦੇ ਸਾਬਕਾ ਰੱਖਿਆ ਮੰਤਰੀ ਦੀ ਇਸ ਮਹੀਨੇ ਹੋਈ ਗ੍ਰਿਫਤਾਰੀ ਨੇ ਵੀ ਦੇਸ਼ ਨੂੰ ਹੈਰਾਨ ਕਰ ਦਿੱਤਾ ਹੈ। ਸਯੁੰਕਤ ਰਾਜ ਦੇ ਵਕੀਲਾਂ ਨੇ ਦੋਸ਼ ਲਾਇਆ ਕਿ ਉਸਨੇ ਇੱਕ ਕਾਰਟੈਲ ਨੂੰ ਹਜ਼ਾਰਾਂ ਕਿੱਲੋ ਹੈਰੋਇਨ, ਕੋਕੀਨ ਅਤੇ ਮੈਥਾਮਫੇਟਾਮਾਈਨ ਭੇਜਣ ਵਿੱਚ ਮਦਦ ਕੀਤੀ ਸੀ। ਪਰ ਮੈਕਸੀਕੋ ਦਾ ਸੰਕਟ ਇਸ ਤਰ੍ਹਾਂ ਦੀ ਸੁਰਖੀ ਤੋਂ ਬਹੁਤ ਅੱਗੇ ਜਾਂਦਾ ਹੈ। ਇੱਥੇ ਪ੍ਰਦੇਸ਼ ਵਿੱਚ ਸੰਗਠਿਤ ਅਪਰਾਧੀ ਨਸ਼ੀਲੇ ਪਦਾਰਥਾਂ ਨੂੰ ਸੰਯੁਕਤ ਰਾਜ ਵਿੱਚ ਪਹੁੰਚਾਉਂਦੇ ਹਨ। ਇੱਥੇ ਹਥਿਆਰਬੰਦ ਸਮੂਹਾਂ ਦੀ ਇੱਕ ਵੱਡੀ ਰੇਂਜ ਲਗਭੱਗ 200 ਤੋਂ ਵੱਧ ਨੇ ਹਿੰਸਕ ਗਤੀਵਿਧੀਆਂ ਵਿੱਚ ਵਾਧਾ ਕੀਤਾ ਹੈ। ਉਹ ਸਿਰਫ ਨਸ਼ੇ ਹੀ ਨਹੀਂ ਬਲਕਿ ਅਗਵਾਕਾਰੀ , ਪ੍ਰਵਾਸੀਆਂ ਦੀ ਸਮੱਗਲਿੰਗ ਵੀ ਕਰ ਰਹੇ ਹਨ। ਇਕ ਸਕੂਲ ਅਧਿਆਪਕ ਬੈਰਨ ਗੁਜ਼ਮਨ ਨੇ ਕਿਹਾ ਕਿ, "ਜ਼ੈਕਤੇਕਾਸ ਅਪਰਾਧੀਆਂ ਦੇ ਹੱਥ ਵਿੱਚ ਹੈ ਅਤੇ ਰਾਜ ਸਰਕਾਰ ਨਿਯੰਤਰਣ ਵਿਚ ਨਹੀਂ ਹੈ।”

ਪਰ ਮੈਕਸੀਕਨ ਸਰਕਾਰ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਇਸ ਨੇ ਦੇਸ਼ ਦੇ ਕਿਸੇ ਵੀ ਹਿੱਸੇ ਦਾ ਕੰਟਰੋਲ ਗੁਆ ਲਿਆ ਹੈ।ਰਾਸ਼ਟਰਪਤੀ ਆਂਡਰੇਸ ਮੈਨੂਅਲ ਲੋਪੇਜ਼ ਓਬਰਾਡੋਰ ਨੇ ਰਾਜ ਦੀ ਘੱਟ ਮੌਜੂਦਗੀ ਵਾਲੇ ਖੇਤਰਾਂ ’ਤੇ ਮੁੜ ਦਾਅਵਾ ਕਰਨ ਲਈ ਇਕ 100,000 ਮੈਂਬਰੀ ਰਾਸ਼ਟਰੀ ਗਾਰਡ ਦੀ ਸਥਾਪਨਾ ਕੀਤੀ ਹੈ ਪਰ ਇਹ ਸਪੱਸ਼ਟ ਨਹੀਂ ਹੈ ਕਿ ਇਸ ਨਾਲ ਮਹੱਤਵਪੂਰਣ ਬਦਲਾਓ ਆਵੇਗਾ। ਇਸ ਤੋਂ ਇਲਾਵਾ ਅੰਤਰ–ਰਾਸ਼ਟਰੀ ਸੰਕਟ ਸਮੂਹ ਮੈਕਸੀਕੋ ਦੇ ਸੀਨੀਅਰ ਵਿਸ਼ਲੇਸ਼ਕ ਫਾਲਕੋ ਅਰਨਸਟ ਅਨੁਸਾਰ, ਗੈਰੇਰੋ ਜੋ ਕਿ ਇੱਥੇ ਪੱਛਮੀ ਵਰਜੀਨੀਆ ਦੇ ਆਕਾਰ ਦਾ ਇੱਕ ਰਾਜ ਹੈ। ਇਸ ਰਾਜ ਵਿੱਚ ਵੀ ਘੱਟੋ ਘੱਟ 40 ਹਥਿਆਰਬੰਦ ਸਮੂਹ ਸ਼ਹਿਰਾਂ ਅਤੇ ਕਾਰੋਬਾਰਾਂ ਉੱਤੇ ਦਬਦਬਾ ਕਾਇਮ ਕਰਨ ਲਈ ਝੜਪ ਕਰਦੇ ਹਨ। ਅਜਿਹੀ ਸਥਿਤੀ ਕੁਝ ਖੇਤਰਾਂ ਵਿੱਚ ਸੰਗਠਿਤ ਜੁਰਮ ਦੇ ਬਹੁਤ ਜ਼ਿਆਦਾ ਪ੍ਰਭਾਵ ਨੂੰ ਦਰਸਾਉਂਦੀ ਹੈ।

ਸਰਕਾਰ ਨੇ ਸੰਯੁਕਤ ਰਾਜ ਦੀ ਸਹਾਇਤਾ ਨਾਲ ਕਿੰਗਪਿਨ ਰਣਨੀਤੀ ਦੇ ਤਹਿਤ ਆਪਣੀਆਂ ਫੌਜਾਂ ਨਾਲ ਕਈ ਸ਼ਕਤੀਸ਼ਾਲੀ ਸਮੂਹਾਂ ਜਿਵੇਂ ਕਿ ਜ਼ੇਟਾ, ਬੈਲਟਰੇਨ ਲੇਵਾ, ਜੁਰੇਜ਼ ਅਤੇ ਅਰੇਲਾਨੋ ਫਾਲਿਕਸ ਕਾਰਟੈਲ ਦੇ ਨੇਤਾਵਾਂ ਨੂੰ ਮਾਰਿਆ ਅਤੇ ਕਾਬੂ ਵਿੱਚ ਵੀ ਕੀਤਾ ਪਰ ਉਨ੍ਹਾਂ ਨੂੰ ਕਾਰੋਬਾਰ ਤੋਂ ਬਾਹਰ ਰੱਖਣ ਦੀ ਬਜਾਏ ਉਨ੍ਹਾਂ ਨੂੰ ਅਲੱਗ ਕੀਤਾ ਗਿਆ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਮੂਹ ਮੈਕਸੀਕੋ ਵਿੱਚ ਹਿੰਸਕ ਵਾਰਦਾਤਾਂ ਵਿੱਚ ਸਰਗਰਮ ਹਨ ਅਤੇ ਕਈ ਪ੍ਰਦੇਸਾਂ ਤੇ ਆਪਣਾ ਦਾਅਵਾ ਵੀ ਕਰਦੇ ਹਨ।

## ਰਿਟਾਇਰ ਆਈ.ਏ.ਐਸ. ਬਣੇ ਫਿਲਮ ਡਾਇਰੈਕਟਰ, ਬਣਾਈ ਦਾ ਬੈਟਲ ਆਫ ਭੀਮਾ ਕੋਰੇਗਾਓ ਫਿਲਮ

**ਭੋਪਾਲ–** ਜੁਲਾਈ ਵਿਚ ਰਿਟਾਇਰ ਹੋਏ ਆਈ. ਏ. ਐਸ. ਰਮੇਸ਼ ਥੇਟੇ ਦੀ ਪਛਾਣ ਹੁਣਕਿਸੇ ਅਫਸਰ ਦੀ ਨਹੀਂ, ਬਲਕਿ ਫਿਲਮ ਡਾਇਰੈਕਟਰ ਦੇ ਰੂਪ ਵਿਚ ਹੋਣ ਜਾ ਰਹੀ ਹੈ। ਉਹਨਾਂ ਨੇ ਸਰਕਾਰੀ ਨੌਕਰੀ ਵਿਚ ਰਹਿਣ ਦੌਰਾਨ ਹੀ ਫਿਲਮ ਡਾਇਰੈਕਟਰ ਬਣ ਕੇ ਦਲਿਤਾਂ ਤੇ ਫਿਲਮ ਬਣਾਉਣ ਦੀ ਯੋਜਨਾ ਬਣਾਈ ਸੀ। ਰਿਟਾਇਰਮੈਂਟ ਦੇ ਕੁਝ ਮਹੀਨੇ ਬਾਅਦ ਹੀ ਉਹਨਾਂ ਨੇ ਰਮੇਸ਼ ਥੇਟੇ ਫਿਲਮਸ ਨਾਂ ਦੀ ਏਜੰਸੀ ਬਣਾ ਕੇ ਇਸਦੇ ਬੈਨਰ ਹੇਠ ਅਰਜੁਨ ਰਾਮਪਾਲ ਅਭਿਨੀਤ ’ਦਾ ਬੈਟਲ ਆਫ ਭੀਮਾ ਕੋਰੇਗਾਉ” ਫਿਲਮ ਦਾ ਨਿਰਮਾਣ ਕੀਤਾ ਹੈ। ਭੋਪਾਲ, ਨਾਗਪੁਰ ਅਤੇ ਮੁੰਬਈ ਵਿਚ ਇਸਦਾ ਦਫਤਰ ਹੈ। ਇਸ ਕੰਮ ਵਿਚ ਉਹਨਾਂ ਦੀ ਪਤਨੀ ਮੰਦਾ ਥੇਟੇ ਵੀ ਅਹਿਮ ਭੂਮਿਕਾ ਵਿਚ ਹੈ। ਫਿਲਮ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ ਅਤੇ ਸੋਮਵਾਰ ਨੂੰ ਇਸਦਾ ਪੋਸਟਰ ਲਾਂਅ ਕੀਤਾ ਗਿਆ ਹੈ।

# ਜਾਣੋ ਪੁਲਿਸ ਦੁਆਰਾ ਰੋਕਣ ਤੇ ਆਪਣੀ ਰੱਖਿਆ ਕਰਨ ਦੇ ਅਧਿਕਾਰ ਹਨ

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)**-- ਦੁਨੀਆਂ ਦੇ ਹਰ ਦੇਸ਼ ਵਿੱਚ ਪੁਲਿਸ ਲੋਕਾਂ ਦੀ ਸਹਾਇਤਾ ਅਤੇ ਰੱਖਿਆ ਕਰਨ ਲਈ ਹੈ ਪਰ ਇਹ ਸੁਭਾਵਿਕ ਹੈ ਕਿ ਪੁਲਿਸ ਦੁਆਰਾ ਰੋਕਣ ਤੇ ਲੋਕਾਂ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਅਮਰੀਕਾ ਵਿੱਚ ਵੀ ਲੋਕਾਂ ਨੂੰ ਪੁਲਿਸ ਦੁਆਰਾ ਰੋਕਿਆ ਅਤੇ ਪੁੱਛਗਿੱਛ ਵੀ ਕੀਤੀ ਜਾਂਦੀ ਹੈ। ਜੇ ਕੋਈ ਪੁਲਿਸ ਅਧਿਕਾਰੀ ਤੁਹਾਨੂੰ ਕਾਰ ਚਲਾਉਂਦੇ ਸਮੇਂ ਜਾਂ ਸ਼ਾਂਤੀਪੂਰਵਕ ਵਿਰੋਧ ਕਰਨ ਵੇਲੇ ਰੋਕਦਾ ਹੈ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ? ਜਦੋਂ ਤੁਸੀਂ ਸੰਯੁਕਤ ਰਾਜ ਅਤੇ ਸੰਯੁਕਤ ਰਾਜ ਦੇ ਪ੍ਰਦੇਸ਼ਾਂ ਵਿਚ ਪੁਲਿਸ ਨਾਲ ਗੱਲਬਾਤ ਕਰਦੇ ਹੋ, ਤਾਂ ਤੁਹਾਨੂੰ ਸੰਵਿਧਾਨ ਦੇ ਅਧੀਨ ਬੁਨਿਆਦੀ ਅਧਿਕਾਰਾਂ ਦੀ ਗਰੰਟੀ ਦਿੱਤੀ ਜਾਂਦੀ ਹੈ ਪਰ ਬਹੁਤੇ ਲੋਕ ਇਹਨਾਂ ਅਧਿਕਾਰਾਂ ਤੋਂ ਅਨਜਾਣ ਹਨ। ਜੇ ਤੁਹਾਨੂੰ ਪੁਲਿਸ ਦੁਆਰਾ ਰੋਕਿਆ ਜਾਂਦਾ ਹੈ, ਤਾਂ ਇਹ ਧਿਆਨ ਵਿਚ ਰੱਖਣ ਲਈ ਕੁਝ ਮਦਦਗਾਰ ਗੱਲਾਂ ਹਨ। ਇਹ ਜਾਣਕਾਰੀ ਸਿਰਫ ਆਮ ਜਾਣਕਾਰੀ ਦੇ ਉਦੇਸ਼ਾਂ ਲਈ ਹੈ ਅਤੇ ਇਹ ਕਾਨੂੰਨੀ ਸਲਾਹ ਨਹੀਂ ਹੈ। ਕਿਸੇ ਖਾਸ ਕਾਨੂੰਨੀ ਮਾਮਲੇ ਬਾਰੇ ਸਲਾਹ ਲਈ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ।

1. ਆਪਣੇ ਆਪ ਨੂੰ ਆਪਣੇ ਸੰਵਿਧਾਨਕ ਅਧਿਕਾਰਾਂ ਤੋਂ ਜਾਣੂ ਕਰੋ। ਪਹਿਲਾ, ਚੌਥਾ ਅਤੇ ਪੰਜਵਾਂ ਸੰਸ਼ੋਧਨ ਪੁਲਿਸ ਨਾਲ ਗੱਲਬਾਤ ਵਿਚ ਵਧੇਰੇ ਢੁੱਕਵੇਂ ਹਨ। ਪਹਿਲਾ ਸੰਸ਼ੋਧਨ ਤੁਹਾਨੂੰ ਬੋਲਣ ਦੀ ਆਜ਼ਾਦੀ ਅਤੇ ਸ਼ਾਂਤੀ ਨਾਲ ਵਿਰੋਧ ਪ੍ਰਦਰਸ਼ਨ ਕਰਨ ਦਾ ਅਧਿਕਾਰ ਦਿੰਦਾ ਹੈ। ਚੌਥੀ ਸੋਧ ਗੈਰ ਜ਼ਰੂਰੀ ਖੋਜ ਤੋਂ ਬਚਾਉਂਦਾ ਹੈ ਜਦਕਿ ਪੰਜਵੀ ਸੋਧ ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਦਿੰਦੀ ਹੈ।



2. ਆਪਣੇ ਰਾਜ ਦੇ ਸੰਵਿਧਾਨ ਦੀ ਜਾਂਚ ਕਰੋ ਅਤੇ ਰਾਜ ਦੇ ਨਿਯਮਾਂ ਦੀ ਭਾਲ ਕਰੋ ਜੋ ਤੁਹਾਨੂੰ ਵਾਧੂ ਸੁਰੱਖਿਆ ਪ੍ਰਦਾਨ ਕਰ ਸਕਦੀ ਹੈ। ਹਰ ਇੱਕ ਰਾਜ਼ ਦੇ ਆਪਣੇ ਕੁਝ ਕਾਨੂੰਨ ਹੁੰਦੇ ਹਨ ।ਬਹੁਤ ਸਾਰੀਆਂ ਸੰਸਥਾਵਾਂ ਕੋਲ ਰਾਜ ਨਾਲ ਸੰਬੰਧਿਤ "ਆਪਣੇ ਅਧਿਕਾਰ ਜਾਣੋ" ਦੀ ਸਮੱਗਰੀ ਹੁੰਦੀ ਹੈ, ਜਿਸ ਦੀ ਵਰਤੋਂ ਕੀਤੀ ਜਾ ਸਕਦੀ ਹੈ।

3. ਪੁਲਿਸ ਨਾਲ ਗੱਲਬਾਤ ਦੇ ਵੱਖੋ ਵੱਖਰੇ ਪੱਧਰ ਹਨ ਜਿਵੇਂ ਕਿ ਗੱਲਬਾਤ, ਨਜ਼ਰਬੰਦੀ ਅਤੇ ਗ੍ਰਿਫਤਾਰੀ।

(ਏ) ਗੱਲਬਾਤ ਦੇ ਪੜਾਅ ਨੂੰ "ਸਹਿਮਤੀ ਵਾਲਾ ਪੱਧਰ" ਵੀ ਕਿਹਾ ਜਾਂਦਾ ਹੈ। ਇਸ ਪੜਾਅ ਵਿਚ, ਅਧਿਕਾਰੀ ਨੂੰ ਸ਼ੱਕ ਨਹੀਂ ਹੁੰਦਾ ਕਿ ਕੋਈ ਜੁਰਮ ਹੋਇਆ ਹੈ।

(ਬੀ) ਜੇ ਤੁਹਾਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ ਤਾਂ ਪੁਲਿਸ ਕਿਸੇ ਵਾਜਬ ਸ਼ੱਕ ਦੀ ਜਾਂਚ ਕਰ ਸਕਦੀ ਹੈ।

(ਸੀ) ਜੇ ਕੋਈ ਅਧਿਕਾਰੀ ਸੰਭਾਵਤ ਕਾਰਨ ਲੱਭਦਾ ਹੈ, ਤਾਂ ਤੁਹਾਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ।

4. ਜੇ ਤੁਹਾਨੂੰ ਰੋਕਿਆ ਜਾਂਦਾ ਹੈ, ਤਾਂ ਸ਼ਾਂਤ ਰਹੋ ਅਤੇ ਜ਼ਿਆਦਾ ਜਾਣਕਾਰੀ ਸਾਂਝੀ ਨਾ ਕਰੋ ਜੇ ਤੁਸੀਂ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਚਾਹੁੰਦੇ ।ਪੰਜਵੇਂ ਸੋਧ ਦੇ ਤਹਿਤ, ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ।

5. ਤੁਹਾਨੂੰ ਕਿਸੇ ਖੋਜ ਲਈ ਸਹਿਮਤੀ ਦੇਣ ਦੀ ਜ਼ਰੂਰਤ ਨਹੀਂ ਹੈ। ਜੇ ਤੁਸੀਂ ਆਉਟ ਕਰਦੇ ਹੋ, ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਜ਼ੁਬਾਨੀ ਤੌਰ 'ਤੇ ਉਸ ਸਹੀ ਦਾ ਦਾਅਵਾ ਕਰਦੇ ਹੋ।

6. ਤੁਸੀਂ ਸਭ ਕੁਝ "ਸਹੀ" ਕਰ ਰਹੇ ਹੋ ਅਤੇ ਫਿਰ ਵੀ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ ਤਾਂ ਇਹ ਉਮੀਦ ਕਰਨ ਦੀ ਕੋਸ਼ਿਸ਼ ਕਰੋ ਕਿ ਕਨੂੰਨੀ ਅਦਾਲਤ ਤੁਹਾਡੇ ਅਧਿਕਾਰਾਂ ਨੂੰ ਕਾਇਮ ਰੱਖੇਗੀ। ਇੱਕ ਅਮਰੀਕੀ ਅਟਾਰਨੀ ਅਨੁਸਾਰ ਸੰਯੁਕਤ ਰਾਜ ਵਿੱਚ ਹਰ ਕੋਈ ਇਨ੍ਹਾਂ ਸੰਵਿਧਾਨਕ ਅਧਿਕਾਰਾਂ ਦਾ ਹੱਕਦਾਰ ਹੈ।

# ਅਮਰੀਕਾ ਵਿੱਚ ਰੋਜ਼ਾਨਾ ਦੇ ਕੋਰੋਨਾਂ ਵਾਇਰਸ ਕੇਸ ਪਹੁੰਚੇ ਉੱਚ ਪੱਧਰ 'ਤੇ

**ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)**- ਕੋਰੋਨਾਂ ਕਾਲ ਵਿੱਚ ਅਮਰੀਕਾ ਵਿੱਚ ਵਾਇਰਸ ਦੀ ਲਾਗ ਦੇ ਪ੍ਰਤੀ ਦਿਨ ਹੋ ਰਹੇ ਕੇਸ ਆਪਣੇ ਉੱਚ ਰਿਕਾਰਡ ਪੱਧਰ ਤੇ ਪਹੁੰਚ ਗਏ ਹਨ। ਸੰਯੁਕਤ ਰਾਜ ਵਿਚ ਵੀਰਵਾਰ ਰਾਤ ਤੱਕ 87,164 ਕੋਵਿਡ -19 ਮਾਮਲੇ ਸਾਹਮਣੇ ਆਏ ਹਨ ਅਤੇ ਜੋਨਜ਼ ਹੌਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਅਨੁਸਾਰ ਇਹ ਬਿਮਾਰੀ ਸ਼ੁਰੂ ਹੋਣ ਤੋਂ ਬਾਅਦ ਇਕ ਹੀ ਦਿਨ ਵਿਚ ਹੁਣ ਤਕ ਦੇ ਸਭ ਤੋਂ ਵੱਧ ਕੇਸ ਹਨ। ਇਸ ਤੋਂ ਪਿਛਲਾ ਰਿਕਾਰਡ ਸਿਰਫ ਛੇ ਦਿਨ ਪਹਿਲਾਂ ਸੀ, ਜਦੋਂ 83,731 ਨਵੇਂ ਕੇਸ ਦਰਜ਼ ਕੀਤੇ ਗਏ ਸਨ। ਜਦਕਿ ਇਸ ਸੰਕਟ ਦੇ ਪਹਿਲੇ ਨੌਂ ਮਹੀਨਿਆਂ ਵਿੱਚ ਪੂਰੇ ਅਮਰੀਕਾ ਵਿੱਚ ਕੋਰੋਨਾਂ ਵਾਇਰਸ ਦੇ ਕੇਸਾਂ ਦੀ ਗਿਣਤੀ 9 ਮਿਲੀਅਨ ਦੇ ਨੇੜੇ ਚਲੀ ਗਈ ਹੈ। ਇੰਨਾ ਹੀ ਨਹੀਂ ਯੂ ਐਸ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਦੇ ਸਾਬਕਾ ਕਮਿਸ਼ਨਰ ਡਾ. ਸਕਾਟ ਗੋਟਲਿਬ ਅਨੁਸਾਰ ਅਮਰੀਕਾ ਵਿਚ ਪ੍ਰਤੀ ਦਿਨ 100,000 ਨਵੇਂ ਕੇਸ ਸਾਹਮਣੇ ਆ ਸਕਦੇ ਹਨ। ਅਮਰੀਕੀ ਸੰਸਥਾ ਸੀ. ਡੀ. ਸੀ. ਵੱਲੋਂ ਵੀਰਵਾਰ ਨੂੰ ਦਿੱਤੀ ਰਿਪੋਰਟ ਅਨੁਸਾਰ 21 ਨਵੰਬਰ ਤੱਕ ਸਭ ਤੋਂ ਵੱਧ 243,000 ਮੌਤਾਂ ਹੋਣ ਦਾ ਖਦਸ਼ਾ ਹੈ ਜਦਕਿ ਜੌਨਸ ਹਾਪਕਿਨਜ਼ ਯੂਨੀਵਰਸਿਟੀ ਦੁਆਰਾ ਇਕੱਤਰ ਕੀਤੇ ਅੰਕੜਿਆਂ ਅਨੁਸਾਰ, ਸੰਯੁਕਤ ਰਾਜ ਵਿਚ ਕੋਵਿਡ -19 ਨਾਲ 228,143 ਲੋਕਾਂ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਹੈ। ਕੋਵਿਡ ਟਰੈਕਿੰਗ ਪ੍ਰੋਜੈਕਟ ਦੇ ਅਨੁਸਾਰ, ਘੱਟੋ ਘੱਟ 13 ਰਾਜਾਂ ਵਿੱਚ ਮਰੀਜ਼ਾਂ ਦੇ ਹਸਪਤਾਲਾਂ ਵਿੱਚ ਦਾਖਲ ਹੋਣ ਦੀਆਂ ਰਿਪੋਰਟਾਂ ਵਿੱਚ ਉੱਚ ਵਾਧਾ ਦਰਜ ਕੀਤਾ ਗਿਆ ਹੈ। ਜਿਹਨਾਂ ਵਿੱਚ ਉੱਤਰੀ ਡਕੋਟਾ ਨੇ ਵੀਰਵਾਰ ਨੂੰ ਰੋਜ਼ਾਨਾ ਦੇ ਨਵੇਂ ਕੇਸਾਂ ਵਿੱਚ ਆਪਣਾ ਰਿਕਾਰਡ ਤੋੜ ਦਿੱਤਾ ਹੈ। ਇਹਨਾਂ ਰਾਜਾਂ ਵਿੱਚ ਕੇਸਾਂ ਵਿੱਚ ਵਾਧਾ ਹੋਣ ਕਰਕੇ ਸਿਹਤ ਸੇਵਾਵਾਂ ਤੇ ਵੀ ਦਬਾਅ ਵੱਧਦਾ ਜਾ ਰਿਹਾ ਹੈ।ਸਿਹਤ ਮਾਹਰ ਵੱਡੀ ਗਿਣਤੀ ਵਿਚ ਵਾਇਰਸ ਤੇ ਕਾਬੂ ਪਾਉਣ ਲਈ ਸਰਕਾਰ ਨੂੰ ਦੇਸ਼ ਪੱਧਰ ਤੇ ਮਾਸਕ ਪਾਉਣ ਨੂੰ ਜਰੂਰੀ ਕਰਨ ਦੀ ਮੰਗ ਕਰ ਰਹੇ ਹਨ। ਸਿਹਤ ਵਿਗਿਆਨੀਆਂ ਅਨੁਸਾਰ ਇਹ ਸਿਹਤ ਸਾਵਧਾਨੀ ਦੇਸ਼ ਨੂੰ ਸਿਹਤ-ਸੰਭਾਲ ਦੀ ਸਮਰੱਥਾ ਨੂੰ ਬਰਕਰਾਰ ਰੱਖਣ ਅਤੇ ਵਧੇਰੇ ਸਕੂਲਾਂ ਅਤੇ ਕਾਰੋਬਾਰਾਂ ਨੂੰ ਖੁੱਲੇ ਰੱਖਣ ਦੀ ਆਗਿਆ ਵੀ ਦੇਵੇਗੀ।



# ਛੂਹਿਆ 9 ਮਿਲੀਅਨ ਕੋਰੋਨਾ ਵਾਇਰਸ ਕੇਸਾਂ ਦਾ ਅੰਕੜਾ, ਤੇਜ਼ੀ ਨਾਲ ਵਧ ਰਹੀ ਹੈ ਪੀੜਿਤਾਂ ਦੀ ਗਿਣਤੀ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)**- ਅਮਰੀਕਾ ਵਿੱਚ ਕੋਰੋਨਾਂ ਵਾਇਰਸ ਮਹਾਂਮਾਰੀ ਬਹੁਤ ਵੱਡੇ ਪੱਧਰ ਤੇ ਫੈਲ ਰਹੀ ਹੈ। ਸਰਕਾਰ ਵੱਲੋਂ ਇਸਨੂੰ ਕਾਬੂ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵੀ ਫੇਲ ਸਾਬਿਤ ਹੋ ਰਹੀਆਂ ਹਨ। ਅਜੇ ਕੁਝ ਕੁ ਹਫ਼ਤੇ ਪਹਿਲਾਂ ਹੀ ਸੰਯੁਕਤ ਰਾਜ ਅਮਰੀਕਾ ਨੇ ਕੋਵਿਡ -19 ਦੇ 8 ਮਿਲੀਅਨ ਕੇਸਾਂ ਨੂੰ ਦਰਜ਼ ਕੀਤਾ ਸੀ ਪਰ ਹੁਣ ਜੌਨਸ ਹੌਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਅਨੁਸਾਰ ਦੇਸ਼ ਭਰ ਵਿੱਚ ਕੇਸਾਂ ਵਿੱਚ ਵਾਧਾ ਹੋਣ ਦੇ ਬਾਅਦ, ਇਹ ਗਿਣਤੀ ਲਗਭੱਗ 9 ਮਿਲੀਅਨ ਹੋ ਗਈ ਹੈ। ਜੌਨਸ ਹੌਪਕਿਨਜ਼ ਦੇ ਅੰਕੜਿਆਂ ਤੋਂ ਪਤਾ ਚਲਦਾ ਹੈ ਕਿ ਵਾਇਰਸ ਹੁਣ ਇੰਨੀ ਤੇਜ਼ ਫੈਲ ਰਿਹਾ ਹੈ ਕਿ ਵੀਰਵਾਰ ਨੂੰ ਪਹਿਲੀ ਵਾਰ, ਹਰ ਸਕਿੰਟ ਨਾਲੋਂ ਤੇਜ਼ੀ ਨਾਲ ਨਵੇਂ ਕੇਸਾਂ ਦੀ ਜਾਂਚ ਕੀਤੀ ਜਾ ਰਹੀ ਸੀ। ਸੰਯੁਕਤ ਰਾਜ ਨੇ 88,521 ਨਵੇਂ ਕੋਰੋਨਾਂ ਵਾਇਰਸ ਮਾਮਲੇ ਦਰਜ ਕੀਤੇ, ਜੋ ਇਕ ਦਿਨ ਦਾ ਰਿਕਾਰਡ ਹੈ। ਜਿਸ ਨੇ ਹਰ 0.976 ਸਕਿੰਟ ਵਿਚ ਇਕ ਨਵੇਂ ਕੋਰੋਨਾਂ ਵਾਇਰਸ ਕੇਸ ਦੀ ਬਰਾਬਰੀ ਕੀਤੀ। ਇਸਦੇ ਨਾਲ ਹੀ ਵੀਰਵਾਰ ਦੇ ਅੰਕੜਿਆਂ ਦੇ ਨਾਲ, ਸੰਯੁਕਤ ਰਾਜ ਨੇ ਇੱਕ ਹਫ਼ਤੇ ਵਿੱਚ 536,131 ਨਵੇਂ ਕੇਸਾਂ ਦਾ ਰਿਕਾਰਡ ਬਣਾਇਆ ਹੈ। ਦੂਜਾ ਸਭ ਤੋਂ ਉੱਚਾ ਰਿਕਾਰਡ ਬੁੱਧਵਾਰ ਨੂੰ ਖਤਮ ਹੋਏ ਹਫਤੇ ਵਿੱਚ ਸਥਾਪਤ ਕੀਤਾ ਗਿਆ ਸੀ। ਯੂਨੀਵਰਸਿਟੀ ਦੇ ਅੰਕੜਿਆਂ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਇਸ ਹਫ਼ਤੇ 47 ਰਾਜਾਂ ਵਿਚ ਪਿਛਲੇ ਹਫ਼ਤੇ ਨਾਲੋਂ ਜ਼ਿਆਦਾ ਮਾਮਲੇ ਸਾਹਮਣੇ ਆਏ ਹਨ। ਕੋਵਿਡ ਟਰੈਕਿੰਗ ਪ੍ਰੋਜੈਕਟ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ 41 ਰਾਜਾਂ ਵਿੱਚ ਸਕਾਰਾਤਮਕ ਟੈਸਟ ਕਰਨ ਵਾਲੇ ਲੋਕਾਂ ਦੀ ਦਰ ਵੀ ਪਹਿਲੇ ਹਫਤੇ ਨਾਲੋਂ ਜ਼ਿਆਦਾ ਸੀ। ਜੌਨਸ ਹੌਪਕਿਨਜ਼ ਯੂਨੀਵਰਸਿਟੀ ਦੇ ਅੱਜ ਦੇ ਅੰਕੜਿਆਂ ਅਨੁਸਾਰ, ਸੰਯੁਕਤ ਰਾਜ ਵਿਚ 8.9 ਮਿਲੀਅਨ ਤੋਂ ਵੱਧ ਮਾਮਲੇ ਦਰਜ਼ ਹੋਏ ਹਨ ਅਤੇ 228,000 ਤੋਂ ਵੱਧ ਮੌਤਾਂ ਦੀ ਵੀ ਰਿਪੋਰਟ ਹੈ। ਇਸਦੇ ਨਾਲ ਹੀ ਸੰਸਾਰ ਪੱਧਰ ਤੇ 45 ਮਿਲੀਅਨ ਮਾਮਲੇ ਅਤੇ 1.18 ਮਿਲੀਅਨ ਮੌਤਾਂ ਦਰਜ਼ ਹੋਈਆਂ ਹਨ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600 Fax : (530) 870-1429

532, Houston St.

West Sacramento, CA 95691

Email: myfuturetruck@gmail.com

Dharminder Singh

# ਅਮਰੀਕਾ ਦੇ ਉੱਤਰੀ ਅਤੇ ਦੱਖਣੀ ਡਕੋਟਾ ਦਾ ਹੋ ਰਿਹਾ ਹੈ ਕੋਵੀਡ -19 ਨਾਲ ਬੁਰਾ ਹਾਲ

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਵਿੱਚ ਕੋਵਿਡ -19 ਦੀ ਲਾਗ ਦੇ ਕੇਸ ਫਿਰ ਤੋਂ ਵੱਧ ਹੋ ਰਹੇ ਹਨ। ਪਰ ਇਸਦੇ ਦੋ ਰਾਜਾਂ ਨੌਰਥ ਅਤੇ ਸਾਊਥ ਡਕੋਟਾ ਵਿਚ ਕੋਰੋਨਾਂ ਵਾਇਰਸ ਦਾ ਪ੍ਰਕੋਪ ਬਾਕੀ ਅਮਰੀਕਾ ਨੂੰ ਪਛਾੜ ਰਿਹਾ ਹੈ। ਇਸ ਤੋਂ ਪਹਿਲਾਂ ਕੋਰੋਨਾਂ ਮਹਾਂਮਾਰੀ ਤੋਂ ਬਚਣ ਵਿੱਚ ਇਹ ਦੋਵੇਂ ਰਾਜ ਕਾਮਯਾਬ ਹੋ ਗਏ ਸਨ ਪਰ ਦੁਬਾਰਾ ਤੋਂ ਵਧ ਰਹੇ ਕੇਸਾਂ ਵਿੱਚ ਉੱਤਰੀ ਅਤੇ ਦੱਖਣੀ ਡਕੋਟਾ ਵਿਚ ਹੁਣ ਪ੍ਰਤੀ 100,000 ਲੋਕਾਂ ਲਈ ਰੋਜ਼ਾਨਾ ਦੇ ਨਵੇਂ ਕੋਰੋਨਾਂ ਵਾਇਰਸ ਦੇ ਕੇਸਾਂ ਵਿਚ ਹਫਤਾਵਾਰੀ ਔਸਤਨ ਚਾਰ ਤੋਂ ਪੰਜ ਗੁਣਾ ਵਾਧਾ ਹੋ ਰਿਹਾ ਹੈ। ਪੂਰੇ ਅਮਰੀਕਾ ਵਿੱਚ 26 ਅਕਤੂਬਰ ਤੱਕ ਪ੍ਰਤੀ 100,000 ਲੋਕਾਂ ਪਿੱਛੇ 22 ਕੇਸ ਹੋ ਰਹੇ ਹਨ ਜਦਕਿ ਇਸ ਦੌਰਾਨ ਦੱਖਣੀ ਡਕੋਟਾ ਵਿਚ ਪ੍ਰਤੀ 100,000 ਲਈ 95 ਅਤੇ ਉੱਤਰੀ ਡਕੋਟਾ ਵਿਚ 105 ਵਾਇਰਸ ਦੇ ਮਾਮਲੇ ਹਨ ਅਤੇ 100 ਦੇ ਅੰਕੜੇ ਨੂੰ ਪਾਰ ਕਰਨ ਵਾਲਾ ਇਹ ਪਹਿਲਾ ਰਾਜ ਬਣ ਗਿਆ ਹੈ। ਇਸਦੇ ਲਾਗ ਨੂੰ ਟੈਸਟ ਕਰਨ ਵਿੱਚ ਵੀ ਉੱਤਰੀ ਡਕੋਟਾ ਵਿੱਚ, ਸੱਤ ਦਿਨਾਂ ਦੀ ਟੈਸਟਿੰਗ ਔਸਤ ਪਿਛਲੇ ਹਫ਼ਤੇ ਨਾਲੋਂ ਤਕਰੀਬਨ 2 ਪ੍ਰਤੀਸ਼ਤ ਘੱਟ ਗਈ ਹੈ ਕਿਉਂਕਿ ਮਾਮਲਿਆਂ ਦੀ ਗਿਣਤੀ ਵਿੱਚ 14 ਪ੍ਰਤੀਸ਼ਤ ਤੋਂ ਵੱਧ ਦਾ ਵਾਧਾ ਹੋਇਆ ਹੈ ਪਰ ਸਾਊਥ ਡਕੋਟਾ ਵਿਚ, ਟੈਸਟਿੰਗ




11 ਪ੍ਰਤੀਸ਼ਤ ਵਧੀ ਹੈ ਅਤੇ ਕੇਸਾਂ ਵਿਚ 20 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਦੋਵਾਂ ਰਾਜਾਂ ਵਿੱਚ ਸਤੰਬਰ ਤੋਂ ਬਾਅਦ ਹਸਪਤਾਲ ਵਿੱਚ ਦਾਖਲ ਹੋਣ ਵਾਲੇ ਮਰੀਜ਼ਾਂ ਅਤੇ ਮੌਤਾਂ ਵਿੱਚ ਵਾਧਾ ਹੋਇਆ ਹੈ। ਵਾਇਰਸ ਦੀ ਇਸ ਲਹਿਰ ਦੌਰਾਨ ਇਹਨਾਂ ਰਾਜਾਂ ਵਿੱਚ ਵਾਇਰਸ ਦੇ ਤੇਜ਼ੀ ਨਾਲ ਫੈਲਣ ਦੇ ਕਾਰਨਾਂ ਵਿੱਚ ਸਾਵਧਾਨੀਆਂ ਪ੍ਰਤੀ ਵਰਤੀ ਕੁਤਾਹੀ ਹੈ। ਮਾਹਰਾਂ ਅਨੁਸਾਰ ਦੂਜੇ ਰਾਜਾਂ ਦੇ ਵਾਂਗ ਦੱਖਣੀ ਅਤੇ ਉੱਤਰੀ ਡਕੋਟਾ ਕਦੇ ਵੀ ਪੂਰੀ ਤਰ੍ਹਾਂ ਬੰਦ ਨਹੀਂ ਹੋਏ।ਇਹਨਾਂ ਦੋਵੇਂ ਰਾਜਾਂ ਨੇ ਖੁਦ ਵਾਇਰਸ ਦੇ ਫੈਲਣ ਨੂੰ ਬੁਲਾਵਾ ਦਿੱਤਾ ਹੈ ਕਿਉਂਕਿ ਬਾਰਾਂ, ਰੈਸਟੋਰੈਂਟਾਂ, ਪਾਰਟੀਆਂ, ਜਸ਼ਨਾਂ, ਰੋਡਿਓਜ਼, ਰੈਲੀਆਂ ਅਤੇ ਹੋਰ ਵੱਡੇ ਇਕੱਠਾਂ ਉੱਤੇ ਪਾਬੰਦੀਆਂ ਵਿੱਚ ਢਿੱਲ ਸੀ। ਇਸਦੇ ਨਾਲ ਹੀ ਅਗਸਤ ਦੇ ਸ਼ੁਰੂ ਵਿਚ ਦੱਖਣੀ ਡਕੋਟਾ ਦੇ ਸਟੂਰਗਿਸ ਵਿਚ ਇਕ ਮੋਟਰਸਾਈਕਲ ਰੈਲੀ ਸੀ, ਜਿਸ ਨੂੰ ਕੁਝ ਮਾਹਰ ਹੁਣ ਕੋਵੀਡ -19 ਦੇ ਵਾਧੇ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ। ਇੰਨਾ ਹੀ ਨਹੀਂ ਦੋਵਾਂ ਵਿੱਚੋਂ ਕਿਸੇ ਰਾਜ ਨੇ ਇੱਕ ਮਾਸਕ ਨਾਲ ਮੂੰਹ ਢਕਣ ਤੇ ਵੀ ਜਿਆਦਾ ਸਖਤਾਈ ਨਹੀਂ ਕੀਤੀ। ਵਾਇਰਸ ਦੇ ਪ੍ਰਕੋਪ ਦੇ ਬਾਵਜੂਦ ਵੀ ਰਾਜ ਨੇਤਾਵਾਂ ਨੇ ਸਖਤ ਕਾਰਵਾਈਆਂ ਤੋਂ ਇਨਕਾਰ ਕਰ ਦਿੱਤਾ ਹੈ ਜਿਸ ਨਾਲ ਕਿ ਇਹਨਾਂ ਪ੍ਰਦੇਸ਼ਾਂ ਵਿੱਚ ਲਾਗ ਦੀ ਸੰਭਾਵਨਾ ਹੋਰ ਵੱਧ ਹੋ ਜਾਂਦੀ ਹੈ।

## ਵਰਜੀਨੀਆਂ ਵਿੱਚ ਯੂ ਐਸ ਮਾਰਸ਼ਲ ਸਰਵਿਸ ਨੇ ਲੱਭੇ ਲਾਪਤਾ ਹੋਏ 27 ਬੱਚੇ


**ਗੁਰਿਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ ਫਰਿਜ਼ਨ ੋ(ਕੈਲੀਫੋਰਨੀਆਂ)–** ਅਮਰੀਕਾ ਦੇ ਵਿਰਜੀਨੀਆ ਵਿਚ ਪੰਜ ਦਿਨਾਂ ਦੀ ਭਾਲ ਤੋਂ ਬਾਅਦ ਲਾਪਤਾ ਹੋਏ 27 ਬੱਚਿਆਂ ਨੂੰ ਲੱਭ ਲਿਆ ਗਿਆ ਹੈ।ਸੰਯੁਕਤ ਰਾਜ ਦੀ ਮਾਰਸ਼ਲ ਸਰਵਿਸ ਦੀ ਅਗਵਾਈ ਵਿਚ ਚੱਲ ਰਹੇ ਆਪ੍ਰੇਸ਼ਨਾਂ ਦੀ ਇਕ ਲੜੀ ਨੇ ਇਸ ਸਾਲ ਸੈਂਕੜੇ ਖ਼ਤਰੇ ਵਿਚ ਪੈ ਚੁੱਕੇ ਨੌਜਵਾਨਾਂ ਨੂੰ ਉਹਨਾਂ ਦੇ ਕਾਨੂੰਨੀ ਸਰਪ੍ਰਸਤਾਂ ਨਾਲ ਦੁਬਾਰਾ ਮਿਲਾਇਆ ਹੈ। ਜਸਟਿਸ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ 60 ਤੋਂ ਵੱਧ ਜਾਂਚਕਰਤਾਵਾਂ ਨੇ ਵਿਰਜੀਨੀਆ ਦੇ ਸ਼ੋਸ਼ਲ ਸੇਵਾਵਾਂ ਵਿਭਾਗ, ਨੈਸ਼ਨਲ ਸੈਂਟਰ ਅਤੇ ਮੈਡੀਕਲ ਪੇਸ਼ੇਵਰਾਂ ਦੀ ਇੱਕ ਟੀਮ ਨਾਲ ਮਿਲ ਕੇ ਬੱਚਿਆਂ ਨੂੰ ਵਾਪਿਸ ਲਿਆਉਣ ਲਈ ਸਾਂਝੇ ਰੂਪ ਵਿੱਚ ਕੰਮ ਕੀਤਾ। ਇਸ ਅਪ੍ਰੇਸ਼ਨ ਦੌਰਾਨ ਛੇ ਹੋਰ ਬੱਚੇ ਜਿਨ੍ਹਾਂ ਦੇ




ਲਾਪਤਾ ਹੋਣ ਦੀ ਖ਼ਬਰ ਸੀ ਨੂੰ ਕਾਰਵਾਈ ਦੌਰਾਨ ਉਨ੍ਹਾਂ ਦੇ ਕਾਨੂੰਨੀ ਸਰਪ੍ਰਸਤਾਂ ਦੀ ਹਿਰਾਸਤ ਵਿੱਚ ਪਾਇਆ ਗਿਆ।ਵਿਰਜੀਨੀਆ ਦੀ ਤਰ੍ਹਾਂ ਦੇ ਅਜਿਹੇ ਹੋਰ ਮਿਸ਼ਨ ਓਹੀਓ, ਜਾਰਜੀਆ, ਇੰਡੀਆਨਾ ਅਤੇ ਹੋਰ ਰਾਜਾਂ ਵਿਚ ਵੀ ਕੀਤੇ ਗਏ ਅਤੇ 440 ਤੋਂ ਵੱਧ ਬੱਚਿਆਂ ਨੂੰ ਸਫਲਤਾਪੂਰਵਕ ਬਰਾਮਦ ਕੀਤਾ ਗਿਆ। ਇਸ ਤੋਂ ਇਲਾਵਾ ਸੰਯੁਕਤ ਰਾਜ ਮਾਰਸ਼ਲਜ਼ ਨੇ ਪਿਛਲੇ ਹਫਤੇ ਵੀ ਓਹੀਓ ਵਿੱਚ "ਆਪ੍ਰੇਸ਼ਨ ਔਟਮ ਹੋਪ" ਦੌਰਾਨ 45 ਲਾਪਤਾ ਬੱਚਿਆਂ ਦੀ ਬਰਾਮਦਗੀ ਦਾ ਐਲਾਨ ਕੀਤਾ ਸੀ, ਜਿਸ ਦੇ ਨਤੀਜੇ ਵਜੋਂ 179 ਗ੍ਰਿਫਤਾਰੀਆਂ ਵੀ ਹੋਈਆਂ ਸਨ। ਜਿਕਰਯੋਗ ਹੈ ਕਿ ਸੰਯੁਕਤ ਰਾਜ ਮਾਰਸ਼ਲ ਸਰਵਿਸ ਨੇ ਪਿਛਲੇ ਪੰਜ ਸਾਲਾਂ ਵਿੱਚ 75% ਦੀ ਸਫਲਤਾ ਦਰ ਨਾਲ 2000 ਤੋਂ ਵੱਧ ਗੁੰਮਸ਼ੁਦਾ ਬੱਚਿਆਂ ਨੂੰ ਬਰਾਮਦ ਕੀਤਾ ਹੈ।

## ਅਮਰੀਕਾ ਵਿੱਚ ਇੱਕ ਹੋਰ ਟਰੱਕ ਡਰਾਈਵਰ ਦੀ ਦਰਦਨਾਕ ਦੁਰਘਟਨਾ ਵਿੱਚ ਮੌਤ






**ਗੁਰਿੰਦਰਜੀਤ ਨੀਟਾ ਮਾਛੀਕੇ  ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਨ ਟਰੱਕਿੰਗ ਭਾਈਚਾਰੇ ਵਿੱਚ ਇੱਕ ਤੋਂ ਬਾਅਦ ਇੱਕ ਹੋ ਰਹੀਆਂ ਦੁਰਘਟਨਾਵਾਂ ਨੇ ਪੂਰੇ ਪੰਜਾਬੀ ਭਾਈਚਾਰੇ ਨੂੰ ਹਿਲਾਕੇ ਰੱਖ ਦਿੱਤਾ ਹੈ।

ਕੁਝ ਕੁਮਹੀਨੇ ਪਹਿਲਾ ਫਰਿਜ਼ਨੋ ਕੈਲੇਫੋਰਨੀਆਂ ਦੇ ਦੋ ਪੰਜਾਬੀ ਮੁੰਡੇ ਵੱਖ ਵੱਖ ਟਰੱਕ ਐਕਸੀਡੈਂਟਾਂ ਵਿੱਚ ਟਰੱਕਾਂ ਵਿੱਚ ਜਿਉਂਦੇ ਸੜਕੇ ਇਸ ਫ਼ਾਨੀ ਦੁਨੀਆਂ ਤੋ ਸਦਾਲਈ ਕੂਚ ਕਰ ਗਏ ਸਨ, ਹੁਣ ਫੇਰ ਅਮਰੀਕਾ ਦੀ ਟੈਕਸਾਸ ਸਟੇਟ ਤੋ ਬੜੀ ਮਾੜੀ ਖ਼ਬਰ ਸੁਣਨ ਨੂੰ ਮਿਲੀ ਕਿ ਬੇਕਰਸਫੀਲਡ ਨਿਵਾਸੀ ਸਰਬਜੀਤ ਸਿੰਘਉਮਰ ਤਕਰੀਬਨ 23 ਸਾਲ ਟਰੱਕ ਐਕਸੀਡੈਂਟ ਵਿੱਚ ਆਪਣੀ ਜਾਨ ਗਵਾ ਬੈਠਾ। ਜਾਣਕਾਰੀ ਮੁਤਾਬਿਕ ਐਂਤਵਾਰ ਰਾਤੀਂ ਕਰੀਬ ਢਾਈ ਕੁ ਵਜੇ ਨੀਂਦਰੇਕਾਰਨ ਫਰੀਵੇਅ ਚਾਲੀ (I-40) ਈਸਟ ਬਾਂਡ ਐਡਰੀਅਨ ਟੈਕਸਾਸ ਵਿੱਚ ਰਿਸਟ-ਏਰੀਏ ਵਿੱਚ ਖੜੇ ਟਰੱਕ ਵਿੱਚ ਸਰਬਜੀਤ ਦਾ ਪਿੱਛੋਂ ਟਰੱਕ ਵੱਜਿਆ ’ਤੇਟਰੱਕ ਬੁਰੀ ਤਰਾਂ ਨਾਲ ਨੁਕਸਾਨਿਆ ਗਿਆ ’ਤੇ ਮੁੰਡੇ ਦੀ ਥਾਂਏ ਮੌਤ ਹੋ ਗਈ। ਸਵ. ਸਰਬਜੀਤ ਸਿੰਘ ਦਾ ਪਿਛਲਾ ਪਿੰਡ ਧਰਮਕੋਟ ਜ਼ਿਲ੍ਹਾ ਮੋਗਾ ਨਾਲ ਸਬੰਧਤ ਹੈ।

ਸੁਣਨ ਵਿੱਚ ਆਇਆ ਹੈ ਕਿ ਹਾਲੇ ਤਿੰਨ ਕੁ ਮਹੀਨੇ ਪਹਿਲਾ ਹੀ ਇਸ ਦਾ ਵਿਆਹ ਹੋਇਆ ਸੀ। ਪੁਲਿਸ ਐਕਸੀਡੈਂਟ ਦੀ ਜਾਂਚ ਕਰ ਰਹੀ ਹੈ।ਇਸ ਦੁਖਦਾਇਕ ਘਟਨਾਂ ਕਾਰਨ ਕੈਲੀਫੋਰਨੀਆਂ ਦਾ ਟਰੱਕਿੰਗ ਭਾਈਚਾਰਾ ਗਹਿਰੇ ਸਦਮੇ ਵਿੱਚ ਹੈ।

## ਬੋਸਟਨ ਵਿੱਚ ਚਰਚ ਦੀਆਂ ਸੇਵਾਵਾਂ ਨਾਲ ਜੁੜੇ ਹੋਏ ਪਾਏ ਗਏ ਲਗਭਗ 150 ਕੋਵਿਡ ਕੇਸ





**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ ਫਰਿਜ਼ਨੋ( ਕੈਲੀਫੋਰਨੀਆਂ)–** ਕੋਰੋਨਾਂ ਵਾਇਰਸ ਦੇ ਸੰਬੰਧ ਵਿੱਚ ਇੱਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਲਗਭੱਗ 150 ਦੇ ਕਰੀਬ ਕੋਰੋਨਾਂ ਵਾਇਰਸ ਕੇਸ 18 ਅਕਤੂਬਰ ਨੂੰ ਮੈਸੇਚਿਉਸੇਟਸ ਦੇ ਫਿਚਬਰਗ ਵਿਚ ਇਕ ਚਰਚ ਵਿਚ ਸਾਹਮਣੇ ਆਏ ਹਨ ਜਿਹੜੇ ਕਿ ਇਸ ਦੀਆਂ ਸੇਵਾਵਾਂ ਅਤੇ ਪ੍ਰੋਗਰਾਮਾਂ ਨਾਲ ਜੁੜੇ ਹੋਏ ਹਨ। ਸ਼ਹਿਰ ਦੇ ਸਿਹਤ ਵਿਭਾਗ ਨੇ ਐਤਵਾਰ ਨੂੰ ਪੁਸ਼ਟੀ ਕੀਤੀ ਕਿ ਇਹ ਕੇਸ ਕਰਾਸਰੋਡਜ਼ ਚਰਚ ਨਾਲ ਜੁੜੇ ਹੋਏ ਸਨ। ਸਿਹਤ ਵਿਭਾਗ ਨੇ ਦੱਸਿਆ ਕਿ ਟੈਸਟ ਲੈਣ ਵਾਲਿਆਂ ਨੇ ਇੱਥੇ ਆਈਸ ਅਤੇ ਡੈਕ ਹਾਕੀ ਨਾਲ ਸਬੰਧਤ 40 ਤੋਂ ਵੱਧ ਕੋਵਡ -19 ਮਾਮਲਿਆਂ ਦੀ ਪਛਾਣ ਕੀਤੀ ਹੈ। ਇਸਦੇ ਨਾਲ ਹੀ ਐਫ ਐਚ ਡੀ ਨੇ ਇਹ ਚਿੰਤਾ ਜ਼ਾਹਿਰ ਕੀਤੀ ਇਹ ਵਾਇਰਸ ਦੇ ਕੇਸ ਹੈ ਕਮਿਊਨਿਟੀ ਵਿਚ ਲਾਗ ਦੇ ਹੋਰ ਫੈਲਣ ਵਿਚ ਯੋਗਦਾਨ ਪਾ ਸਕਦੇ ਹਨ। ਇਸ ਸੰਬੰਧੀ ਸਥਾਨਕ ਅਧਿਕਾਰੀਆਂ ਦੁਆਰਾ ਵਾਇਰਸ ਤੇ ਕਾਬੂ ਪਾਉਣ ਅਤੇ ਇਸਦੇ ਫੈਲਣ ਨੂੰ ਰੋਕਣ ਲਈ ਮੰਗਲਵਾਰ ਨੂੰ ਸ਼ਹਿਰ ਵਿਚ ਮੁਫਤ ਕੋਰੋਨਾਂ ਵਾਇਰਸ ਟੈਸਟਿੰਗ ਦਾ ਪ੍ਰਬੰਧ ਕੀਤਾ ਗਿਆ।

## ਕਠੂਆ ਕਾਂਡ ਵਿਚ 3 ਨੂੰ ਉਮਰ ਕੈਦ, 3 ਪੁਲਿਸ ਵਾਲਿਆਂ ਨੂੰ 5-5 ਸਾਲ ਕੈਦ

**ਸ਼੍ਰੀਨਗਰ–** ਜੰਮੂ-ਕਸ਼ਮੀਰ ਦੇ ਕਠੂਆ ਸਮੂਹਿਕ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਵਿਚ 8 ਸਾਲ ਦੀ ਮਾਸੂਮ ਲੂੰ 17 ਮਹੀਨੇ ਬਾਅਦ ਇਨਸਾਫ ਮਿਲ ਗਿਆ ਹੈ। ਪਠਾਨਕੋਟ ਸੈਸ਼ਨ ਕੋਰਟ ਨੇ 7 ਵਿਚੋਂ 6 ਦੋਸ਼ੀਆਂ ਨੂੰ ਸੋਮਵਾਰ ਸਵੇਰੇ ਦੋਸ਼ੀ ਕਰਾਰ ਦੇਣ ਤੋਂ ਬਾਅਦ ਸ਼ਾਮ ਨੂੰ ਸਜ਼ਾ ਸੁਣਾਈ। ਅਦਾਲਤ ਨੇ 3 ਦੋਸ਼ੀਆਂ ਨੂੰ ਉਮਰ ਕੈਦ ਅਤੇ 3 ਪੁਲਿਸ ਵਾਲਿਆਂ ਨੂੰ 5-5 ਸਾਲ ਦੀ ਸਜ਼ਾ ਸੁਣਾਈ ਹੈ। ਇਕ ਦੋਸ਼ੀ ਨੂੰ ਬਰੀ ਕਰ ਦਿੱਤਾ ਗਿਆ ਹੈ। ਅੱਠਵੇਂ ਦੋਸ਼ੀ ਦਾ ਮਾਮਲਾ ਜੁਵੇਨਾਈਲ ਕੋਰਟ ਵਿਚ ਚੱਲ ਰਿਹਾ ਹੈ। 10 ਜਨਵਰੀ 2018 ਨੂੰ ਬੱਕਰਵਾਲ ਭਾਈਚਾਰੇ ਦੀ ਬੱਚੀ ਨੂੰ ਅਗਵਾ ਕੀਤਾ ਗਿਆ ਸੀ। 17 ਜਨਵਰੀ ਨੂੰ ਉਸਦੀ ਲਾਸ਼ ਮਿਲੀ ਸੀ। ਦੋਸ਼ ਪੱਤਰ ਮੁਤਾਬਕ ਬੱਚੀ ਅਗਵਾ ਕਰਕੇ ਉਸਨੂੰ ਬੇਹੋਸ਼ ਕਰਕੇ ਕਈ ਲੋਕਾਂ ਨੇ ਉਸ ਨਾਲ ਬਲਾਤਕਾਰ ਕੀਤਾ।

‘ਦੇਸ਼ ਦੁਆਬਾ’ ‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com



NIRMAL SINGH BADHAN
NSB Insurance
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

‘ਦੇਸ਼ ਦੁਆਬਾ’
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

# ਅੱਜ ਲੋੜ ਸਮਾਜ ਨੂੰ ਭਗਵਾਨ ਵਾਲਮੀਕ ਮਹਾਰਾਜ ਜੀ ਦੀਆਂ ਸਿੱਖਿਆਵਾਂ ਤੇ ਚੱਲੇ ਤਾਂ ਜੋ ਆਪਸੀ ਭਾਈਚਾਰਾ ਵਧੇ ਅਤੇ ਸ਼ਾਂਤੀ ਕਾਇਮ ਰਹਿ ਸਕੇ- ਰਾਜੇਸ਼ ਬਾਘਾ









**ਜਲੰਧਰ–** ਭਗਵਾਨ ਵਾਲਮੀਕ ਮਹਾਰਾਜ ਜੀ ਦਾ ਪ੍ਰਗਟ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ, ਅਖਰੀ ਉਮੀਦ ਵੈਲਫੇਅਰ ਸੁਸਾਇਟੀ (ਜਲੰਧਰ) ਉੱਤਰੀਆ ਰੇਲਵੇ ਮਜ਼ਦੂਰ ਯੂਨੀਅਨ (ਜਲੰਧਰ), ਗੰਗਾ ਖੂਨ ਦਾਨ ਬੈਂਕ (ਜਲੰਧਰ), ਵਲੋਂ ਤੀਜਾ ਖੂਨ ਦਾਨ ਕੈਂਪ ਵਿੱਚ ਵੱਖ-ਵੱਖ ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਦੌਰਾਨ ਰਾਜੇਸ਼ ਬਾਘਾ ਉਪ ਪ੍ਰਧਾਨ ਭਾਰਤੀ ਜਨਤਾ ਪਾਰਟੀ ਵਿਸ਼ੇਸ਼ ਤੌਰ ਤੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ ਅਤੇ ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਸਮਾਜ ਭਗਵਾਨ ਵਾਲਮੀਕ ਮਹਾਰਾਜ ਜੀ ਦੀਆਂ ਸਿੱਖਿਆਵਾਂ ਤੇ ਚੱਲੇ ਤਾਂ ਜੋ ਸਮਾਜ ਵਿੱਚ ਆਪਸੀ ਭਾਈਚਾਰਾ ਵਧੇ ਅਤੇ ਸ਼ਾਂਤੀ ਕਾਇਮ ਰਹਿ ਸਕੇ, ਬਾਲੀ ਨੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆ ਹਾਸਿਲ ਕਰਨ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਪਹੁੰਚੇ ਸ੍ਰੀ ਸੁਭਾਸ਼ ਸੌਂਧੀ, ਸ੍ਰੀ ਰਾਮ ਮੂਰਤੀ ਤੇ ਸ੍ਰੀ ਪਾਲੀ ਨੇ ਭਗਵਾਨ ਵਾਲਮੀਕ ਮਹਾਰਾਜ ਜੀ ਦੇ ਪ੍ਰਗਟ ਦਿਵਸ ਦੀਆਂ ਆਈਆਂ ਹੋਈਆਂ ਸੰਗਤਾਂ ਨੂੰ ਵਧਾਈ ਦਿੱਤੀ।

# ਭਗਵਾਨ ਵਾਲਮੀਕੀ ਜੀ ਦੇ ਪਰਕਾਸ਼ ਪੂਰਵ ਦੇ ਸੰਬੰਧ ਵਿਚ ਪ੍ਰਭਾਤ ਫੇਰੀ, ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੇ ਨਿਵਾਸ ਸਥਾਨ ਤੇ ਪੁੱਜੀ

**ਫਗਵਾੜਾ (ਬੀ.ਕੇ.ਰੱਤੂ)–** ਸਰਿਸ਼ਟੀ ਕਰਤਾ ਭਗਵਾਨ ਵਾਲਮੀਕੀ ਜੀ ਤੇ ਪਰਕਾਸ਼ ਪੂਰਵ ਦੇ ਸੰਬੰਧ ਵਿਚ ਭਗਵਾਨ ਵਾਲਮੀਕੀ ਵੈੱਲਫੇਅਰ ਕਮੇਟੀ ਬੰਗਾ ਰੋਡ ਵੱਲੋਂ ਕੱਢੀ ਜਾ ਰਹੀ ਪ੍ਰਭਾਤ ਫੇਰੀ ਅੱਜ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ (ਰਿਟਾਇਰਡ ਆਈਏਐਸ) ਦੇ ਨਿਵਾਸ ਤੇ ਪੁੱਜੀ। ਆਪਣੇ ਨਿਵਾਸ ਤੇ ਵਿਧਾਇਕ ਧਾਲੀਵਾਲ,ਉਨ੍ਹਾਂ ਦੀ ਧਰਮ-ਪਤਨੀ ਬੀਬੀ ਸਰਬ-ਜੀਤ ਕੌਰ ਧਾਲੀਵਾਲ,ਬੇਟੇ ਕਮਲ ਧਾਲੀਵਾਲ,ਹਨੀ ਧਾਲੀਵਾਲ ਨੇ ਬੜੀ ਖ਼ੁਸ਼ੀ ਨਾਲ ਭਗਤਾਂ ਦਾ ਸਵਾਗਤ ਕੀਤਾ ਅਤੇ ਪ੍ਰਭੂ ਭਗਵਾਨ ਵਾਲਮੀਕੀ ਜੀ ਦੀ ਚਰਨਾਂ ਵਿਚ ਸ਼ੀਸ਼ ਨਿਵਾ ਕੇ ਆਸ਼ੀਰਵਾਦ ਲਿਆ। ਇਸ ਮੌਕੇ ਵਿਧਾਇਕ ਧਾਲੀਵਾਲ ਨੇ ਸਭ




ਨੂੰ ਭਗਵਾਨ ਵਾਲਮੀਕੀ ਪਰਕਾਸ਼ ਪੂਰਬ ਦੀ ਵਧਾਈ ਦਿੱਤੀ ਅਤੇ ਵਿਸ਼ਵਾਸ ਪ੍ਰਗਟਾਇਆਂ ਕਿ ਪ੍ਰਭੂ ਦੇ ਆਸ਼ੀਰਵਾਦ ਨਾਲ ਦੁਨੀਆ ਵਿਚ ਫੈਲੀ ਮਹਾਂਮਾਰੀ ਦੂਰ ਹੋਵੇ ਅਤੇ ਸਾਰਿਆ ਦਾ ਭਲਾ ਹੋਵੇ। ਧਾਲੀਵਾਲ ਨੇ ਕਿਹਾ ਕਿ ਭਗਵਾਨ ਵਾਲਮੀਕੀ ਜੀ ਦੇ ਆਪਣੀ ਸ਼ਕਤੀ ਤੇ ਭਗਤੀ ਨਾਲ ਸ੍ਰੀ ਰਾਮਾਇਣ ਦੇ ਅਸਲ ਵਿਚ ਹੋਣ ਤੋ ਪਹਿਲਾਂ ਹੀ ਸ੍ਰੀ ਰਾਮਾਇਣ ਪਵਿੱਤਰ ਗਰੰਥ ਦੀ ਰਚਨਾ ਕਰ ਦਿੱਤੀ ਸੀ,ਜੋ ਅੱਜ ਵੀ ਸਾਰੇ ਸੰਸਾਰ ਨੂੰ ਪਰਕਾਸ਼ ਦੇ ਰਿਹਾ ਹੈ ਅਤੇ ਮਰਿਆਦਾ ਪੂਰਨ ਜ਼ਿੰਦਗੀ ਜਿਊਣ ਦੀ ਰਾਹ ਦਿਖਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸਮਾਜ ਨੇ ਪੜ ਲਿਖ ਕੇ ਅੱਗੇ ਆਉਣਾ ਚਾਹੀਦਾ ਹੈ ਅਤੇ ਭਗਵਾਨ ਵਾਲਮੀਕੀ ਵੱਲੇ ਵਖਸੇ ਗਿਆਨ ਦੇ ਪਰਕਾਸ਼ ਨੂੰ ਜੀਵਨ ਵਿਚ ਧਾਰਨ ਕਰਨਾ ਚਾਹੀਦਾ ਹੈ। ਇਸ ਮੌਕੇ ਨਗਰ ਨਿਗਮ ਸਫ਼ਾਈ ਯੂਨੀਅਨ ਦੇ ਅਸ਼ੋਕ ਜੋਗਾ,ਰਾਮ ਮੂਰਤੀ,ਭਗਵਾਨ ਵਾਲਮੀਕੀ ਵੈੱਲਫੇਅਰ ਕਮੇਟੀ ਦੇ ਚੇਅਰਮੈਨ ਮਹਿੰਦਰ ਥਾਪਰ, ਬਿੱਟੂ ਬਾਟੀ, ਪ੍ਰਧਾਨ ਕੁਲਵੰਤ ਰਾਏ, ਰਮੇਸ਼ ਗਿੱਲ, ਵਰਿੰਦਰ ਗਿੱਲ, ਰੌਸ਼ਨ ਸੇਠੀ, ਪਵਨ ਸੇਠੀ, ਅਸ਼ਵਨੀ ਸਲਹੋਤਰਾ, ਵਿਕਰਮ ਸੇਠੀ, ਸੁਭਾਸ਼ ਮੱਟੂ, ਰਿੱਕੀ ਬਾਟੀ, ਵਿਸ਼ਾਲ ਸਲਹੋਤਰਾ, ਵਿਸ਼ਾਲ ਸਲਹੋਤਰਾ ਆਦਿ ਸਮੇਤ ਭਾਰੀ ਗਿਣਤੀ ਵਿਚ ਸੰਗਤ ਮੌਜੂਦ ਸੀ ਅਤੇ ਸਭ ਨੇ ਪ੍ਰਭੂ ਦਾ ਗੁਣਗਾਨ ਕਰ ਕੇ ਸਭ ਨੂੰ ਪਰਕਾਸ਼ ਪੂਰਬ ਦੀ ਵਧਾਈ ਦਿੱਤੀ।

# ਫਰੀਦਕੋਟ ਵਿਖੇ ਬਸਪਾ ਦਾ ਵਿਸ਼ਾਲ ਧਰਨਾ ਤੇ ਰੋਸ ਰੈਲੀ

**ਭਾਜਪਾ ਨਾਲ ਕਿਸੀ ਵੀ ਤਰ੍ਹਾ ਦਾ ਚੁਣਾਵੀ ਰਾਜਨੀਤਿਕ ਗਠਜੋੜ ਨਹੀਂ ਹੋਵੇਗਾ – ਬੈਨੀਵਾਲ**
**ਕਾਂਗਰਸ ਦੀ ਨਵੀ ਪੋਸਟਮੈਟ੍ਰਿਕ ਸਕਾਲਰਸਿਪ ਸਕੀਮ ਰੱਦੀ ਦਾ ਟੋਕਰਾ – ਜਸਵੀਰ ਸਿੰਘ ਗੜ੍ਹੀ**
**ਭਗਵਾਨ ਵਾਲਮਿਕੀ ਦੇ ਨਾਮ ਤੇ 50ਕਰੋੜ ਗੱਫੇ ਦੇਣ ਦਾ ਕਾਂਗਰਸ ਦਾ ਐਲਾਨ ਸਮਾਜ ਦਾ ਅਪਮਾਨ– ਲਾਲ ਸਿੰਘ ਸੁਲਹਾਣੀ**

**ਫਰੀਦਕੋਟ–** ਬਹੁਜਨ ਸਮਾਜ ਪਾਰਟੀ ਵਲੋਂ ਪੋਸਟਮੈਟ੍ਰਿਕ ਸਕਾਲਰਸਿਪ ਦੇ ਮੁਦੇ ਉਪਰ ਫਰੀਦਕੋਟ ਵਿਖੇ ਵਿਸ਼ਾਲ ਰੋਸ਼ ਪ੍ਰਦਰਸ਼ਨ ਤੇ ਰੋਸ ਮਾਰਚ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਰੂਪ ਵਿੱਚ ਪੰਜਾਬ ਚੰਡੀਗੜ੍ਹ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ ਤੇ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਪੁਹੰਚੇ । ਫਰੀਦਕੋਟ ਵਿਖੇ ਬਸਪਾ ਵਲੋਂ ਕੀਤਾ ਗਿਆ ਵਿਸ਼ਾਲ ਪ੍ਰੋਗਰਾਮ ਲਾਸਾਨੀ ਸੀ ਤੇ ਲੰਬੇ ਚਿਰੋਕਣੇ ਸਮੇ ਤੋ ਬਾਅਦ ਨੀਲੇ ਝੰਡੇ ਵਾਲਿਆਂ ਦਾ ਪ੍ਰੋਗਰਾਮ ਸੀ ਜਿਸ ਵਿਚ ਬਸਪਾ ਵਰਕਰਾਂ ਦਾ ਜੋਸ ਤੇ ਜਲੋਅ ਮੁੜ ਤੋਂ ਕਾਇਮ ਹੋਇਆ ਨਜ਼ਰ ਆਉਂਦਾ ਸੀ। ਜਿਲ੍ਹਾ ਡੀ.ਸੀ ਕੰਪਲੈਕਸ ਦੇ ਅੱਗੇ ਪ੍ਰੋਗਰਾਮ ਵਿੱਚ ਬਸਪਾ ਵਰਕਰਾਂ ਦਾ ਹਜੂਮ ਸ਼ਹਿਰ ਵਿਚ ਕਾਫਲੇ ਦੇ ਰੂਪ ਵਿੱਚ ਪੋਸਟਮੈਟ੍ਰਿਕ ਸਕਾਲਰਸਿਪ ਲਾਗੂ ਕਰੋ ਤੇ ਸਾਧੂ ਧਰਮਸੋਤ ਨੂੰ ਗਿਰਫ਼ਤਾਰ ਕਰੋ ਦੇ ਨਾਹਰਿਆਂ ਨਾਲ ਸੜਕਾਂ ਤੇ ਉੱਤਰੇ। ਇਸ ਮੌਕੇ ਵਿਸ਼ਾਲ ਜਨ ਸਮੂਹ ਨੂੰ ਸੰਬੋਧਨ ਕਰਦਿਆਂ ਸ੍ਰੀ ਬੈਨੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਪਾਰਟੀ ਮਜਬੂਤੀ ਨਾਲ ਸੰਗਠਨ ਤਿਆਰ ਕਰ ਰਹੀ ਹੈ ਤੇ ਇਹ ਤਿਆਰੀ ਸਾਰੇ ਪੰਜਾਬ ਵਿੱਚ ਇਕ ਸਾਰ ਬਰਾਬਰ ਚੱਲ ਰਹੀ ਹੈ । ਗਠਜੋੜ ਬਾਰੇ ਉਹਨਾਂ ਕਿਹਾ ਕਿ ਇਹ ਫੈਸਲਾ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਕਰਨਗੇ ਅਤੇ ਬਸਪਾ ਪੰਜਾਬ ਨੂੰ ਮਜਬੂਤ ਤੀਜਾ ਬਦਲ ਦੇਵੇਗੀ ਅਤੇ ਪੰਜਾਬ ਵਿੱਚ ਭਾਜਪਾ ਨਾਲ ਕਿਸੀ ਵੀ ਤਰ੍ਹਾਂ ਦਾ ਚੋਣਾਵੀ ਰਾਜਨੀਤਿਕ ਗਠਜੋੜ ਨਹੀਂ ਹੋਵੇਗਾ। ਪੰਜਾਬ ਪ੍ਰਧਾਨ ਸ.ਗੜ੍ਹੀ ਨੇ ਕਿਹਾ ਕਿ ਕਾਂਗਰਸ ਦੀ ਨਵੀ ਪੋਸਟਮੈਟ੍ਰਿਕ ਸਕਾਲਰਸਿਪ ਸਕੀਮ ਰੱਦੀ ਦਾ ਟੋਕਰਾ ਹੈ ਜੋ ਕਿ ਖਾਮੀਆਂ ਨਾਲ ਭਰੀ ਪਈ ਹੈ। ਸੈਸ਼ਨ 2020-21 ਦੇ ਚਾਰ ਲੱਖ ਵਿਦਿਆਰਥੀਆ ਨਾਲ ਧੱਕਾ ਕਾਂਗਰਸ ਦੇ ਰਾਜ ਵਿਚ ਹੋਇਆ ਜੋ ਅੱਜ ਬਿਨਾ ਵਜੀਫੇ ਤੋਂ ਪੜ੍ਹ ਰਹੇ ਹਨ ਜਿਸ ਨਾਲ ਪੰਜਾਬ ਦੇ ਦਲਿਤਾਂ ਨੂੰ ਕਾਂਗਰਸ ਨੇ 600 ਕਰੋੜ ਦਾ ਚੂਨਾ ਲਾਇਆ ਹੈ। ਦੂਜਾ ਕਾਂਗਰਸ ਨੇ ਇਹ ਸਕੀਮ ਸਿਰਫ ਅਨੁਸੂਚਿਤ ਜਾਤੀਆਂ ਲਾਈ ਸ਼ੁਰੂ ਕਰਨ ਦਾ ਲਾਰਾ ਸੈਸਨ 2021 ਤੋਂ ਲਾਇਆ ਜਦੋ ਕਿ ਓਬੀਸੀ ਅਤੇ ਘਟ ਗਿਣਤੀਆਂ ਵਰਗਾ ਦੇ ਵਿਦਿਆਥੀਆਂ ਨੂੰ ਸਕੀਮ ਵਿਚ ਸ਼ਾਮਲ ਨਾ ਕਰਕੇ ਇਹਨਾਂ ਵਰਗਾ ਨਾਲ ਧੱਕਾ ਕਿੱਤਾ ਹੈ। ਤੀਜਾ ਇਸ ਸਕੀਮ ਵਿਚ ਵਿਦਿਆਰਥੀਆਂ ਨੂੰ ਸਿਰਫ ਸਰਕਾਰੀ ਸੰਸਥਾਵਾਂ ਵਿਚ ਹੀ ਪੜ੍ਹਨ ਦੀ ਛੋਟ ਦਿਤੀ ਹੈ ਜਦੋ ਕਿ ਪੰਜਾਬ ਵਿਚ ਸਿਖਿਆ 95% ਪ੍ਰਾਈਵੇਟ ਅਦਾਰਿਆਂ ਦੇ ਹੱਥ ਹੈ ਅਤੇ ਇਹਨਾਂ ਲਈ ਨਵੀਂ ਸਕੀਮ ਵਿਚ ਸਿਰਫ 60% ਸਰਕਾਰੀ ਫੀਸ ਦਾ ਹੀ ਦੇਣ ਲਈ ਕਿਹਾ ਹੈ ਜਦੋ ਕਿ ਨਿਜੀ ਸੰਸਥਾਵਾਂ ਦੀ ਫੀਸ ਜਿਆਦਾ ਹੁੰਦੀ ਹੈ। ਪੰਜਾਬ ਵਿੱਚ 2016-2017 ਤੋਂ 2020 ਤਕ 1650 ਸੰਸਥਾਵਾਂ ਦਾ 1850 ਕਰੋੜ ਬਕਾਇਆ ਖੜਾ ਹੈ ਅਤੇ ਨਿਜੀ ਸੰਸਥਾਵਾਂ ਵਲੋਂ ਲੱਖਾਂ ਵਿਦਿਆਰਥੀਆਂ ਦੇ ਡਿਗਰੀ ਸਰਟੀਫਿਕੇਟ ਰੋਕੇ ਗਏ ਜੋਕਿ ਸਿੱਖਿਆ ਸੰਸਥਾਵਾਂ ਅਤੇ ਵਿਦਿਆਰਥੀਆਂ ਨਾਲ ਨਵੀਂ ਵਜੀਫਾ ਸਕੀਮ ਸਿੱਧਾ ਧੱਕਾ ਹੈ। ਇਹ ਨਵੀਂ ਸਕੀਮ ਵਿਦਿਆਰਥੀਆਂ ਦਾ ਨਹੀਂ ਰੱਦੀ ਦੀ ਟੋਕਰੀ ਦਾ ਸ਼ਿੰਗਾਰ ਹੀ ਬਣ ਸਕਦੀ ਹੈ। ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ, ਲਾਲ ਸਿੰਘ ਸਲਹਾਣੀ ਭਗਵਾਨ ਸਿੰਘ ਚੋਹਾਨ ਅਤੇ ਸਵਰਨ ਸਿੰਘ ਕਲਿਆਣ ਨੇ ਕਿਹਾ ਕਿ ਕਾਂਗਰਸ ਵਲੋਂ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਾਲਮੀਕਿਆ ਨੂੰ ਗੱਫੇ ਦੇਣ ਦਾ ਸਰਕਾਰੀ ਐਲਾਨ ਸਮਾਜ ਅਤੇ ਗੁਰੂ ਸਾਹਿਬ ਦਾ ਅਪਮਾਨ ਕਰਨ ਵਾਲੀ ਗੱਲ ਹੈ ਕਾਂਗਰਸ ਨੇ ਕਲ ਵਾਲਮੀਕਿ ਤੀਰਥ ਤੇ 50 ਕਰੋੜ ਰੁਪਏ ਦਾ ਸਾਜ ਸਜਾਵਟ ਕਰਨ ਦਾ ਐਲਾਨ ਪੰਜਾਬ ਦੇ 13% ਵਾਲਮੀਕਿ ਮਜ਼ਬ੍ਹੀ ਸਮਾਜ ਜਿਨ੍ਹਾਂ ਦੀ ਅਬਾਦੀ 35 ਲੱਖ ਦੇ ਲਗਪਗ ਹੈ ਹਰੇਕ ਦਾ ਮੁੱਲ 143 ਰੁਪਏ ਪਾਇਆ ਹੈ ਜੋ ਕ ਵਾਲਮੀਕਿ ਸਮਾਜ਼ ਨੂੰ ਗਫੇ ਨਹੀਂ ਧਫੇ ਹਨ ਅਤੇ ਗੁੰਮਰਾਹ ਕਰਨ ਵਾਲਾ ਸਰਕਾਰੀ ਐਲਾਨ ਹੈ। ਜੇਕਰ ਕਾਂਗਰਸ ਸਰਕਾਰ ਨੇ ਵਾਲਮੀਕਿ ਸਮਾਜ ਨੂੰ ਕੁਝ ਦੇਣਾ ਹੁੰਦਾ ਤਾਂ ਆਈ ਟੀਆਈ ਨਹੀਂ ਆਈ ਆਈ ਟੀ ਬਣਾਕੇ ਦਿੰਦੀ ਤਾਂਕਿ ਕਿ ਮਜ਼ਬੀ ਵਾਲਮੀਕਿ ਸਿੱਖ ਸਮਾਜ ਦੇ ਨਾਲ ਨਾਲ ਬਾਕੀ ਪੰਜਾਬ ਲਈ ਵੀ ਤਰੱਕੀ ਦਾ ਰਸਤਾ ਖੁੱਲ੍ਹਦਾ। ਇਸ ਮੌਕੇ ਸੂਬਾ ਜਨਰਲ ਸਕੱਤਰ ਡਾਕਟਰ ਨਛੱਤਰ ਪਾਲ, ਭਗਵਾਨ ਸਿੰਘ ਚੌਹਾਨ, ਲਾਲ ਸਿੰਘ ਸੁਲਹਾਣੀ, ਸਵਰਨ ਸਿੰਘ ਕਲਿਆਣ, ਪਰਮਜੀਤ ਮੱਲ, ਸੂਬਾ ਸਕੱਤਰ ਸੰਤ ਰਾਮ ਮੱਲੀਆਂ, ਸੁਖਦੇਵ ਸਿੰਘ ਸ਼ੀਰਾ, ਐਡਵੋਕੇਟ ਅਵਤਾਰ ਕ੍ਰਿਸ਼ਨ, ਕੇਵਲ ਸਿੰਘ ਸੈਦੋਕੇ, ਕੁਲਦੀਪ ਸਿੰਘ ਰੰਘਰੇਟਾ, ਹਰਦੇਵ ਸਿੰਘ ਤਰਖਾਣ ਬਧ, ਸੁਨੀਤਾ ਰਾਣੀ, ਐਡਵੋਕੇਟ ਕੁਲਦੀਪ ਸਿੰਘ, ਗੁਰਪ੍ਰੀਤ ਗੋਪੀ ਘੱਲ ਕਲਾਂ,ਗੁਰਬਖ਼ਸ਼ ਚੌਹਾਨ, ਪ੍ਰੋ ਵਰਿਆਮ ਸਿੰਘ, ਗੁਰਦਿੱਤਾ ਮਚਾਕੀ, ਇੰਦਰਜੀਤ ਚੰਦਭਾਨ, ਮਿੰਦਰ ਸਿੰਘ ਬਜਾਖਾਨਾ, ਕਿੱਕਰ ਸਿੰਘ, ਸੁਖਦੇਵ ਸਿੰਘ ਲੱਖੇਵਾਲੀ, ਗੁਰ-ਚਰਨ ਸਿੰਘ , ਪੂਰਨ ਚੰਦ, ਤਾਰਾ ਸਿੰਘ ਮਾਰਸ਼ਲ, ਬਲਜੀਤ ਕੌਰ, ਆਦਿ ਵਿਸ਼ਾਲ ਗਿਣਤੀ ਵਿਚ ਲੋਕ ਸ਼ਾਮਿਲ ਸਨ।

# ਪਰਕਸ ਵੱਲੋਂ ਸ.ਮੋਹਨ ਸਿੰਘ ਰਾਹੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ–** ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਿਟਿਡ ਲੁਧਿਆਣਾKਅੰਮ੍ਰਿਤਸਰ (ਪਰਕਸ) ਵੱਲੋਂ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ਦੇ ਮਾਲਕ ਸ. ਮੋਹਨ ਸਿੰਘ ਰਾਹੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਡਾ. ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈਸ ਸਕੱਤਰ ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ, ਸਕੱਤਰ ਗੁਰਮੀਤ ਪਲਾਹੀ ਤੇ ਬੋਰਡ ਦੇ ਡਾਇਰੈਟਰ ਡਾ. ਬ੍ਰਿਜਪਾਲ ਸਿੰਘ, ਸ੍ਰੀ ਮਤੀ ਜਸਬੀਰ ਕੌਰ, ਡਾ. ਬੂਟਾ ਸਿੰਘ ਬਰਾੜ, ਡਾ. ਸੁਰਿੰਦਰਪਾਲ ਸਿੰਘ ਮੰਡ,ਸ੍ਰੀ ਹਰਜਿੰਦਰ ਸਿੰਘ ਸੂਰਜੇਵਾਲੀਆ ਤੇ ਡਾ. ਜੀਤ ਸਿੰਘ ਜੋਸ਼ੀ ਵੱਲੋਂ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਹ ਬਹੁਤ ਹੀ ਮਿਲਾਪੜੇ ਸੁਭਾਅ ਤੇ ਅਗਾਂਹ ਵਧੂ ਖਿਆਲਾਂ ਦੇ ਮਾਲਕ ਸਨ। ਉਨ੍ਹਾਂ ਨੇ ਕਾਮਰੇਡ ਸਤਪਾਲ ਡਾਂਗ ਤੇ ਬੀਬੀ ਵਿਮਲਾ ਡਾਂਗ ਦੀ ਅਗਵਾਈ ਵਿਚ ਟੈਕਸਟਾਇਲ ਯੂਨੀਅਨ ਵਿਚ ਕੰਮ ਕੀਤਾ। ਇਹੋ ਕਾਰਨ ਸੀ ਉਨ੍ਹਾਂ ਦੀ ਬੀਬੀ ਬੀਰ ਕਲਸੀ ਤੇ ਉਨ੍ਹਾਂ ਦੇ ਪਤੀ ਸ. ਪ੍ਰੀਤਮ ਸਿੰਘ ਕਲਸੀ ਤੇ ਹੋਰ ਕਮਿਊਨਿਸਟ ਆਗੂਆਂ ਨਾਲ ਬਹੁਤ ਸਾਂਝ ਸੀ।



ਜਿਥੋਂ ਤੀਕ ਕਿਤਾਬਾਂ ਛਾਪਣ ਦਾ ਸਬੰਧ ਹੈ, ਉਨ੍ਹਾਂ ਸਭ ਤੋਂ ਪਹਿਲਾਂ ਅੰਮ੍ਰਿਤਸਰ ਦੇ ਮਿਸ਼ਰੀ ਬਜ਼ਾਰ ਵਿਚ ਤੇਜ ਪ੍ਰਿੰਟਿੰਗ ਪ੍ਰੈਸ ਵਿਚ ਅੱਖਰ ਜੋੜਨ ਦਾ ਕੰਮ ਕੀਤਾ। ਫਿਰ ਉਹ ਦਿੱਲੀ , ਨਵਯੁਗ ਪਬਲਿਸ਼ਰਜ਼ ਦੇ ਭਾਪਾ ਪ੍ਰੀਤਮ ਸਿੰਘ ਪਾਸ ਚਲੇ ਗਏ। 1971 ਦੇ ਕ੍ਰੀਬ ਉਹ ਅੰਮ੍ਰਿਤਸਰ ਆ ਗਏ ਤੇ ਘਰੋਂ ਕਿਤਾਬਾਂ ਛਾਪਣ ਦਾ ਕੰਮ ਸ਼ੁਰੂ ਕਰ ਦਿੱਤਾ। 1975 ਵਿਚ ਅੰਮ੍ਰਿਤਸਰ ਦੇ ਹਾਲ ਬਜ਼ਾਰ ਵਿਚ ਦੁਕਾਨ ਖੋਲੀ । ਇਹ ਦੁਕਾਨ ਲੇਖਕਾਂ ਦਾ ਮੱਕਾ ਸੀ। ਸਥਾਨਕ ਲੇਖਕਾਂ ਤੇ ਪਾਠਕਾਂ ਤੋਂ ਇਲਾਵਾ ਵਿਦੇਸ਼ਾਂ ਤੋਂ ਵੀ ਲੇਖਕ ਕਿਤਾਬਾਂ ਖ੍ਰੀਦਣ ਤੇ ਛਪਵਾਉਣ ਲਈ ਉਨ੍ਹਾਂ ਕੋਲ ਆਉਂਦੇ ਰਹਿੰਦੇ ਸਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਉਨ੍ਹਾਂ 2006 ਵਿਚ ਪਹਿਲਾਂ ਯੂਨੀਵਰਸਿਟੀ ਦੇ ਅੰਦਰ ਦੁਕਾਨ ਖੋਲੀ । ਜਦ ਬਾਹਰ ਦੁਕਾਨਾਂ ਬਣੀਆਂ ਤਾਂ ਉਨ੍ਹਾਂ ਨੇ ਮੌਜੂਦਾ ਦੁਕਾਨ ਲੈ ਲਈ। ਉਨ੍ਹਾਂ ਨੇ 1400 ਦੇ ਕ੍ਰੀਬ ਟਾਟਿਲ ਛਾਪੇ । ਇਹ ਉਨ੍ਹਾਂ ਦੀ ਬਹੁਤ ਵੱਡੀ ਦੇਣ ਹੈ।

ਉਹ ਆਪਣੇ ਪਿੱਛੇ ਸਪਤਨੀ ਤੋਂ ਇਲਾਵਾ ਇਕ ਬੇਟਾ ਰਵਿੰਦਰਪਾਲ ਸਿੰਘ ਜੋ ਕਿ ਦੁਕਾਨ ਚਲਾ ਰਿਹਾ ਹੈ ਤੇ ਤਿੰਨ ਬੇਟੀਆਂ ਛੱਡ ਗਏ ਹਨ।ਸਭ ਤੋਂ ਵੱਡੀ ਬੇਟੀ ਜਸਵਿੰਦਰ ਕੌਰ ਦਿੱਲੀ ਰਹਿੰਦੀ ਹੈ। ਉਸ ਤੋਂ ਛੋਟੀ ਡਾ. ਰੁਪਿੰਦਰ ਕੌਰ ਅੰਮ੍ਰਿਤਸਰ ਦੇ ਸਰਕਾਰੀ ਲੜਕੀਆਂ ਦੇ ਕਾਲਜ ਵਿਚ ਪੰਜਾਬੀ ਦੀ ਪ੍ਰੋਫ਼ੈਸਰ ਹੈ।

ਉਹ ਲੋਕਧਾਰਾ ਦੇ ਗੁਆਚ ਰਹੇ ਚਿੰਨਾਂ ਦੇ ਅਰਥ ਤਲਾਛਣ ਦਾ ਕੰਮ ਕਰ ਰਹੀ ਹੈ। ਸਭ ਤੋਂ ਛੋਟੀ ਸਤਵਿੰਦਰ ਕੌਰ ਸਥਾਨਕ ਪੁਲੀਸ ਡੀ ਏ ਵੀ ਸਕੂਲ ਵਿਚ ਪੰਜਾਬੀ ਦੀ ਅਧਿਆਪਕ ਹੈ। ਰਾਹੀ ਜੀ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੁਆਰਾ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਪਾਏ ਵੱਡਮੂਲੇ ਯੋਗਦਾਨ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

# ਬਿਨਾ ਪੱਖਪਾਤ ਅਤੇ ਪਾਰਦਰਸ਼ਿਤਾ ਨਾਲ ਕਰਵਾਇਆ ਜਾ ਰਿਹਾ ਪਿੰਡ ਸਾਹਨੀ ਦਾ ਸਰਬਪੱਖੀ ਵਿਕਾਸ - ਰਾਮਪਾਲ ਸਾਹਨੀ

**ਫਗਵਾੜਾ (ਬੀ.ਕੇ.ਰੱਤੂ)** ਫਗਵਾੜਾ ਦੇ ਨਜਦੀਕੀ ਪਿੰਡ ਸਾਹਨੀ ਵਿਖੇ ਗ੍ਰਾਮ ਪੰਚਾਇਤ ਵਲੋਂ ਬੱਸ ਸਟਾਪ ਨੂੰ ਇੰਟਰਲਾਕ ਟਾਇਲਾਂ ਨਾਲ ਫਰਸ਼ ਪਾ ਕੇ ਸੁੰਦਰ ਦਿੱਖ ਪ੍ਰਦਾਨ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਰਾਮਪਾਲ ਸਾਹਨੀ, ਨੰਬਰਦਾਰ ਦੇਵੀ ਪ੍ਰਕਾਸ਼ ਅਤੇ ਯੂਥ ਆਗੂ ਪਰਮਿੰਦਰ ਸਿੰਘ ਸਨੀ ਨੇ ਦੱਸਿਆ ਕਿ ਬੱਸ ਸਟਾਪ ਦਾ ਫਰਸ਼ ਕਾਫੀ ਖਰਾਬ ਸੀ। ਬੈਠਣ ਲਈ ਵੀ ਵਧੀਆ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਬੱਸ ਸਟਾਪ ਦੇ ਆਸ-ਪਾਸ ਕੱਚੀ ਜਗਾ ਉਪਰ ਫਰਸ਼ ਲਗਾਇਆ ਜਾਣਾ ਹੈ ਤਾਂ ਜੋ ਬਰਸਾਤ ਵਿਚ ਸਵਾਰੀਆਂ ਨੂੰ ਪੇਸ਼ ਆਉਣ ਵਾਲੀ ਮੁਸ਼ਕਲ ਤੋਂ ਛੁਟਕਾਰਾ ਮਿਲ ਸਕੇ। ਉਹਨਾਂ ਇਹ ਵੀ ਕਿਹਾ ਕਿ ਬੱਸ ਸਟਾਪ ਦੇ




ਸੁੰਦਰੀਕਰਣ ਦਾ ਕੰਮ ਪੂਰਾ ਹੋਣ 'ਤੇ ਇੱਥੇ ਵਾਤਾਵਰਣ ਨੂੰ ਹਰਿਆ-ਭਰਿਆ ਬਨਾਉਣ ਦੇ ਮਕਸਦ ਨਾਲ ਫੁੱਲ ਬੂਟੇ ਵੀ ਲਗਾਏ ਜਾਣਗੇ। ਉਹਨਾਂ ਪਿੰਡ ਦੇ ਸਮੁੱਚੇ ਵਿਕਾਸ ਵਿਚ ਵਢਮੁੱਲਾ ਸਹਿਯੋਗ ਦੇਣ ਲਈ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦਾ ਜਿੱਥੇ ਧੰਨਵਾਦ ਕੀਤਾ ਉੱਥੇ ਹੀ ਪਿੰਡ ਵਾਸੀਆਂ ਨੂੰ ਵਿਸ਼ਵਾਸ ਦੁਆਇਆ ਕਿ ਪਿੰਡ ਦਾ ਵਿਕਾਸ ਬਿਨਾ ਪੱਖਪਾਤ ਪੂਰੀ ਪਾਰਦਰਸ਼ਿਤਾ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪੰਚਾਇਤ ਮੈਂਬਰ ਹਰਨੇਕ ਸਿੰਘ, ਮੇਜਰ ਸਿੰਘ, ਜਰਨੈਲ ਸਿੰਘ, ਚੁੰਨੀ ਰਾਮ ਨਿੱਕਾ, ਬੀਬੀ ਪਰਮਜੀਤ ਕੌਰ, ਊਸ਼ਾ ਰਾਣੀ ਤੋਂ ਇਲਾਵਾ ਠੇਕੇਦਾਰ ਜੋਗੀ ਲਾਲ, ਅਮਰੀਕ ਸਿੰਘ, ਸਤਨਾਮ ਸਿੰਘ ਆਦਿ ਹਾਜਰ ਸਨ।

# ਗ਼ਦਰੀ ਬਾਬਿਆਂ ਦੇ ਮੇਲੇ 'ਚ ਨਾਟਕਾਂ ਦੀ ਸ਼ਾਮ ਜ਼ਿੰਦਗੀ ਦੀ ਸਵੇਰ ਹੋ ਨਿੱਬੜੀ





ਗ਼ਦਰੀ ਬਾਬਿਆਂ ਦੇ ਮੇਲੇ ਦੀ ਨਾਟਕਾਂ ਭਰੀ ਸ਼ਾਮ, ਜ਼ਿੰਦਗੀ ਦੀ ਸਵੇਰ ਹੋ ਨਿਬੜੀ। ਨਿੱਤ ਰੋਜ਼ ਲੋਕਾਂ ਦੀ ਜ਼ਿੰਦਗੀ 'ਤੇ ਲੱਦੇ ਜਾ ਰਹੇ ਹਨੇਰੇ ਦੇ ਪਹਾੜਾਂ ਨੇ ਜੀਣਾ ਦੁੱਭਰ ਕਰ ਛੱਡੇ ਲੋਕਾਂ ਨੂੰ ਨਾਟਕਾਂ ਦੀ ਸ਼ਾਮ ਨੇ ਜ਼ਿੰਦਗੀ ਦੀ ਸੂਹੀ ਸਵੇਰ ਦੇ ਦੀਦਾਰ ਕਰਵਾਏ। ਸਵੇਰੇ 9 ਵਜੇ ਤੋਂ ਪੰਡਾਲ 'ਚ ਸਿਰ ਜੋੜਕੇ ਬੈਠੇ ਹਜ਼ਾਰਾਂ ਦਰਸ਼ਕ ਰਾਤ ਪਹਿਲਾਂ ਭਾਵੇਂ ਲੰਮੇ ਪੈਂਡੇ ਤੈਅ ਕਰਦੇ ਆਏ ਪਰ ਉਹ ਨਾ ਅੱਕੇ ਨਾ ਥੱਕੇ।

ਸਾਰਾ ਦਿਨ ਤਕਰੀਰਾਂ, ਕਵੀ ਦਰਬਾਰ, ਪੁਸਤਕਾਂ ਲੋਕ ਅਰਪਣ ਅਤੇ ਸੰਗੀਤ ਦੇ ਰੰਗਾਂ ਵਿਚ ਆਪਣੀ ਜ਼ਿੰਦਗੀ ਦੀ ਹੋਲੀ ਦੇ ਰੰਗ ਤੱਕੇ ਅਤੇ ਸ਼ਾਮ ਨੂੰ ਉਹ ਨਾਟ ਸੰਸਾਰ ਦੇ ਮੰਚਣ ਨਾਲ ਜੁੜੇ। ਉਹ ਗੰਭੀਰ ਮੰਥਨ ਨਾਲ ਜੁੜੇ। ਤਾੜੀਆਂ ਅਤੇ ਨਾਅਰਿਆਂ ਦੀ ਗੂੰਜ ਪਾਉਂਦੇ ਅਤੇ ਨਾਟ ਕਲਾ ਨੂੰ ਖੜ੍ਹੇ ਹੋ ਕੇ ਸਲਾਮ ਕਰਕੇ ਆਪਣੇ ਰੰਗ ਕਰਮੀਆਂ ਨੂੰ ਸਦਾ ਪਲਕਾਂ 'ਤੇ ਰੱਖਣ ਦਾ ਅਹਿਦ ਲਿਆ।

ਗੁਰਸ਼ਰਨ ਸਿੰਘ ਦੇ ਲਿਖੇ ਨਾਟਕ 'ਖੂਹ ਦੇ ਡੱਡੂ', ਨੇ ਏਕਤਰ ਦੀ ਨਿਰਦੇਸ਼ਨਾ 'ਚ ਮੌਕਾਪ੍ਰਸਤ ਸਿਆਸਤਦਾਨਾ ਉਪਰ ਤਿੱਖੇ ਵਿਅੰਗ ਕਸੇ।

ਸ਼ਬਦੀਸ਼ ਦੀ ਰਚਨਾ 'ਜੇ ਹੁਣ ਵੀ ਨਾ ਬੋਲੇ' ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ 'ਚ ਖੇਡਿਆ ਨਾਟਕ ਜਮੂਦ ਦੇ ਪਿੰਜਰੇ ਤੋੜਕੇ ਇਸ ਧਰਤੀ ਜਾਈਆਂ ਨੂੰ ਅੰਬਰ ਵੱਲ ਪਰਵਾਜ਼ ਭਰਨ ਦਾ ਬਾਖ਼ੂਬ ਸੁਨੇਹਾ ਦੇ ਗਿਆ।

ਗੁਰਮੀਤ ਕੜਿਆਲਵੀ ਦੀ ਕਹਾਣੀ 'ਤੇ ਅਧਾਰਤ ਨਾਟਕ 'ਮਦਾਰੀ' ਕੀਰਤੀ ਕਿਰਪਾਲ ਦੀ ਨਿਰਦੇਸ਼ਨਾ 'ਚ ਖੇਤੀ ਕਾਨੂੰਨਾਂ ਸਮੇਤ ਭਖ਼ਦੇ ਮੁੱਦਿਆਂ ਦੀ ਬਾਤ ਪਾ ਗਿਆ।

ਡਾ.ਸਵਰਾਜਬੀਰ ਦੀਆਂ ਰਚਨਾਵਾਂ ਅਤੇ ਵੱਖ-ਵੱਖ ਕਵੀਆਂ ਦੀਆ ਕਵਿਤਾਵਾਂ 'ਤੇ ਅਧਾਰਤ 'ਅੱਗ ਦੀ ਜਾਈ ਦਾ ਗੀਤ' ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਇੱਕ ਵਾਰ ਫੇਰ ਹਾਥਰਸ 'ਚ ਦਲਿਤ ਧੀ ਦੀ ਲੁੱਟੀ ਆਬਰੂ ਦਿਖਾਉਂਦਿਆਂ ਕਲਾ ਦਾ ਬਿਹਤਰੀਨ ਨਮੂਨਾ ਹੋ ਨਿਬੜਿਆ।

ਡਾ. ਸਾਹਿਬ ਸਿੰਘ ਦੁਆਰਾ ਲਿਖਿਆ ਅਤੇ ਨਿ-ਰਦੇਸ਼ਤ ਕੀਤਾ ਨਾਟਕ 'ਰੰਗ ਕਰਮੀ ਦਾ ਬੱਚਾ', ਕਲਾ ਕਿਰਤਾਂ, ਰੰਗ ਮੰਚ, ਲੋਕਾਂ ਅਤੇ ਲੋਕ ਘੋਲਾਂ ਦੀ ਸਾਂਝੀ ਨਿੱਘੀ ਬੁੱਕਲ ਦੀ ਲੋੜ ਦੇ ਮਹੱਤਵ ਨੂੰ ਲੋਕ ਮਨਾਂ ਉਪਰ ਉੱਕਰ ਗਿਆ।

ਜੋਗਿੰਦਰ ਬਾਹਰਲਾ ਦੀ ਕਲਮ ਤੋਂ 70 ਵਰ੍ਹੇ ਪਹਿਲਾਂ ਲਿਖਿਆ ਓਪੇਰਾ 'ਹਾੜੀਆਂ, ਸਾਉਣੀਆਂ' ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਇੱਕ ਵਾਰ ਫੇਰ ਖੇਤਾਂ ਦੇ ਪੁੱਤਾਂ ਦੀ ਸਫ਼ਲ ਬਾਤ ਪਾ ਗਿਆ।

ਮਾਸਟਰ ਰਾਮ ਕੁਮਾਰ, ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ, ਨਵਦੀਪ ਧੌਲਾ, ਧਰਮਿੰਦਰ ਮਸਾਣੀ, ਨਰਗਿਸ ਅਤੇ ਅੰਮ੍ਰਿਤਪਾਲ ਬੰਗੇ ਬਠਿੰਡਾ ਵੱਲੋਂ ਮੇਲੇ 'ਚ ਪੇਸ਼ ਗੀਤਾਂ ਨੇ ਇੱਕ ਵਾਰ ਫੇਰ ਸਾਬਤ ਕਰ ਦਿੱਤਾ ਕਿ ਲੋਕ ਸਾਫ਼-ਸੁਥਰੀ ਅਤੇ ਜ਼ਿੰਦਗੀ ਦੀ ਗਾਇਕੀ ਨੂੰ ਕਿੰਨੀ ਮੁਹੱਬਤ ਕਰਦੇ ਹਨ। ਦਿਨ ਦੇ ਮੇਲੇ ਦਾ ਮੰਚ ਸੰਚਾਲਨ ਹਰਵਿੰਦਰ ਭੰਡਾਲ, ਨਾਟਕਾਂ ਦੀ ਸ਼ਾਮ ਦਾ ਸੰਚਾਲਨ ਅਮੋਲਕ ਸਿੰਘ ਨੇ ਕੀਤਾ।

# ਮੁੱਠੀ ਭਰ ਭਾਰਤੀ ਚਮਾਰ ਸੈਨਿਕਾਂ ਨੇ ਸਾਡੀ ਜਿੱਤ ਨੂੰ ਹਾਰ ਵਿਚ ਬਦਲ ਦਿੱਤਾ

ਪਾਕਿਸਤਾਨ ਦੇ ਰਿਟਾਇਰਡ ਮੇਜਰ ਜਨਰਲ ਮੁਕੀਸ਼ ਖਾਨ ਨੇ ਆਪਣੀ ਕਿਤਾਬ 'ਕਰਾਈਸਿਜ਼ ਆਫ ਲੀਡਰਸ਼ਿਪ' ਵਿੱਚ ਲਿਖਿਆ ਹੈ ਭਾਰਤੀ ਸੈਨਾ ਦਾ ਇੱਕ ਅਨਖ਼ਿੜਵਾਂ ਅੰਗ ਹੁੰਦੇ ਹੋਏ ਵੀ ਭਾਰਤ ਸੈਨਾ ਚਮਾਰਾਂ ਦੀ ਬਹਾਦਰੀ ਤੋਂ ਅਣਜਾਣ ਹੀ ਰਹੀ ਹੈ। ਕਿਉਂਕਿ ਘਰ ਦੀ ਕੁੱਕੜੀ ਦਾਲ ਬਰਾਬਰ। ਭਾਰਤੀ ਸੈਨਾ ਨੂੰ ਚਮਾਰਾਂ ਦੀ ਬਰਾਬਰੀ ਨਾਲ ਕਦੇ ਸਿੱਧਾ ਵਾਸਤਾ ਨਹੀਂ ਪਿਆ ਸੀ ਦੁਸ਼ਮਣਾਂ ਨੂੰ ਪਿਆ ਸੀ। ਉਨ੍ਹਾਂ ਨੇ ਇਨ੍ਹਾਂ ਦੀਆਂ ਸੂਰਬੀਰਤਾ ਦੀਆਂ ਗਾਥਾਵਾਂ ਵੀ ਲਿਖੀਆਂ। ਖੁਦ ਪਾਕਿਸਤਾਨੀ ਫੌਜ ਦੇ ਰਿਟਾਇਰਡ ਮੇਜਰ ਜਨਰਲ ਮੁਕੀਸ਼ਖਾਨ ਨੇ ਆਪਣਾ ਕਿਤਾਬ 'ਕਰਾਈਸਿਜ਼ ਆਫ ਲੀਡਰਸ਼ਿਪ' ਦੇ ਪੰਨਾ 250 ਤੇ ਉਨ੍ਹਾਂ ਚਮਾਰਾਂ ਨਾਲ ਹੋਈ ਆਪਣੀ 1971 ਦੀ ਮੁੱਠਭੇੜ ਤੇ ਲਿਖਦੇ ਹਨ ਕਿ ਸਾਡੀ ਹਾਰ ਦਾ ਮੁਖ ਕਾਰਨ ਸੀ, ਸਾਡਾ ਚਮਾਰਾਂ ਨਾਲ ਆਹਮਣੇ ਸਾਹਮਣੇ ਯੁੱਧ ਕਰਨਾ। ਅਸੀਂ ਉਨ੍ਹਾਂ ਦੇ ਅੱਗੇ ਕੁਝ ਵੀ ਕਰਨ ਵਿੱਚ ਅਸਮੱਰਥ ਸਾਂ। ਚਮਾਰ ਬਹੁਤ ਬਹਾਦਰ ਹਨ। ਉਨ੍ਹਾਂ ਵਿੱਚ ਸ਼ਹੀਦ ਹੋਣ ਦਾ ਇੱਕ ਵਿਸ਼ੇਸ਼ ਜਜ਼ਬਾ ਹੈ - ਇੱਕ ਲਾਲਸਾ ਹੈ। ਉਹ ਬੇਹੱਦ ਬਹਾਦਰੀ ਨਾਲ ਲੜਦੇ ਹਨ। ਉਨ੍ਹਾਂ ਵਿੱਚ ਸਮੱਰਥਾ ਹੈ ਕਿ ਆਪਣੇ ਤੋਂ ਕਈ ਗੁਣਾ ਸੰਖਿਆ ਵਿੱਚ ਜ਼ਿਆਦਾ ਸੈਨਾ ਨੂੰ ਵੀ ਹਰਾ ਸਕਦੇ ਹਨ।" ਉਹ ਅੱਗੇ ਲਿਖਦੇ ਹਨ ਕਿ 3 ਦਸੰਬਰ 1971 ਨੂੰ ਅਸੀਂ ਪੂਰੀ ਸਮਰੱਥਾ ਅਤੇ ਦਲੇਰੀ ਨਾਲ ਆਪਣੀ ਇਨਫੈਂਟਰੀ ਬ੍ਰੀਗੇਡ ਦੇ ਨਾਲ ਭਾਰਤੀ ਸੈਨਾ ਤੇ ਹੁਸੈਨੀਵਾਲਾ ਦੇ ਨੇੜੇ ਹਮਲਾ ਕੀਤਾ। ਸਾਡੀ ਇਸ ਬ੍ਰੀਗੇਡ ਵਿੱਚ ਪਾਕਿਸਤਾਨ ਦੀ ਲੜਾਕੂ ਬਲੋਚ ਰੈਜਮੈਂਟ ਅਤੇ ਜਾਟ ਰੈਜਮੈਂਟ ਵੀ ਸੀ। ਕੁਝ ਹੀ ਪਲਾਂ ਵਿੱਚ ਅਸੀਂ ਭਾਰਤੀ ਸੈਨਾ ਦੇ ਪੈਰ ਉਖਾੜ ਦਿੱਤੇ। ਉਨ੍ਹਾਂ ਨੂੰ ਕਾਫੀ ਪਿਛੇ ਹਟਣ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਦੀਆਂ ਮਹੱਤਵਪੂਰਨ ਸੁਰੱਖਿਆ ਚੌਕੀਆਂ ਹੁਣ ਸਾਡੇ ਕਬਜੇ ਵਿੱਚ ਸਨ। ਭਾਰਤੀ ਸੈਨਾ ਬੜੀ ਤੇਜੀ ਨਾਲ ਪਿਛੇ ਹਟ ਰਹੀ ਸੀ। ਪਾਕਿਸਤਾਨੀ ਸੈਨਾ ਬੇਹੱਦ ਉਤਸ਼ਾਹ ਨਾਲ ਬੜੀ ਤੇਜੀ ਨਾਲ ਅੱਗੇ ਵਧ ਰਹੀ ਸੀ। ਸਾਡੀ ਸੈਨਾ ਹੁਣ ਕੌਸਰੇ ਹਿੰਦੂ ਪੋਸਟ ਨੇੜੇ ਪਹੁੰਚ ਚੁੱਕੀ ਸੀ। ਭਾਰਤੀ ਸੈਨਾ ਦੀ ਛੋਟੀ ਜਹੀ ਟੁਕੜੀ ਉੱਥੇ ਉਸ ਪੋਸਟ ਦੀ ਸੁਰੱਖਿਆ ਲਈ ਤੈਨਾਤ ਸੀ ਅਤੇ ਇਸ ਟੁਕੜੀ ਦੇ ਸੈਨਿਕ ਚਮਾਰ ਬਟਾਲੀਅਨ ਨਾਲ ਸਬੰਧਤ ਸਨ।

ਇੱਕ ਛੋਟੀ ਜੇਹੀ ਗਿਣਤੀ ਵਾਲੀ ਚਮਾਰ ਬਟ-ਾਲੀਅਨ ਨੇ ਲੋਹੇ ਦੀ ਕੰਧ ਬਣ ਕੇ ਸਾਡਾ ਰਸਤਾ ਰੋਕ ਲਿਆ। ਉਨ੍ਹਾਂ ਨੇ ਸਾਡੇ ਤੇ ਭੁੱਖੇ ਸ਼ੇਰਾਂ ਦੀ ਤਰ੍ਹਾਂ ਅਤੇ ਬਾਜ ਦੀ ਤੇਜੀ ਨਾਲ ਧਾਵਾ ਬੋਲਿਆ। ਇਹ ਸਾਰੇ ਸੈਨਿਕ ਚਮਾਰ ਸਨ। ਏਥੇ ਇੱਕ ਆਮਣੇ ਸਾਮ੍ਹਣੇ ਦੀ ਆਰ-ਪਾਰ ਦੀ ਫੌਜੀ ਦੀ ਫੌਜੀ ਨਾਲ ਲੜਾਈ ਹੋਈ। ਇਸ ਆਰ ਪਾਰ ਦੀ ਲੜਾਈ ਵਿੱਚ ਵੀ ਚਮਾਰ ਸੈਨਿਕ ਇੰਨੀ ਬੇਮਿਸਾਲ ਬਹਾਦਰੀ ਨਾਲ ਲੜੇ ਕਿ ਸਾਡੀਆਂ ਸਾਰੀਆਂ ਆਸਾਂ ਮਿੱਟੀ 'ਚ ਮਿਲਾ ਦਿੱਤੀਆਂ। ਸਾਡੀਆਂ ਉਮੀਦਾਂ ਤੇ ਪਾਣੀ ਫੇਰ ਦਿੱਤਾ ਗਿਆ।

ਸਾਡੇ ਸਾਰੇ ਸੁਪਨੇ ਚਕਨਾ ਚੂਰ ਹੋ ਗਏ। ਇਸ ਜੰਗ ਵਿੱਚ ਬਲੋਚ ਰੈਜਮੈਂਟ ਦੇ ਲੈਫਟੀਨੇਟ ਕਰਨਲ ਗੁਲਾਬ ਹੁਸੈਨ ਸ਼ਹਾਦਤ ਨੂੰ ਪ੍ਰਾਪਤ ਹੋਏ ਸਨ। ਉਨ੍ਹਾਂ ਦੇ ਨਾਲ ਹੀ ਮੇਜਰ ਮੁਹੰਮਦ ਜਈਫ ਅਤੇ ਕਪਤਾਨ ਆਰਿਫ ਆਲੀਮ ਵੀ ਅੱਲਾ ਨੂੰ ਪਿਆਰੇ ਹੋਏ ਸਨ। ਉਨ੍ਹਾਂ ਦੂਜੇ ਪਾਕਿਸਤਾਨੀ ਸੈਨਿਕਾਂ ਦੀ ਗਿਣਤੀ ਕਰ ਸਕਣਾ ਮੁਸ਼ਕਿਲ ਸੀ ਜੋ ਇਸ ਜੰਗ ਵਿੱਚ ਸ਼ਹੀਦ ਹੋਏ ਸਨ। ਅਸੀਂ ਹੈਰਾਨ ਸਾਂ ਮੁੱਠੀਭਰ ਚਮਾਰਾਂ ਦੀ ਦਲੇਰੀ ਅਤੇ ਉਨ੍ਹਾਂ ਦੀ ਇਸ ਬੇਮਿਸਾਲ ਬਹਾਦਰੀ ਤੇ। ਜਦੋਂ ਇਸ ਇਸ ਤਿੰਨ ਮੰਜਲਾਂ ਕੰਕਰੀਟ ਦੀ ਬਣੀ ਪੋਸਟ ਤੇ ਕਬਜਾ ਕੀਤਾ ਤਾਂ ਚਮਾਰ ਇਸ ਦੀ ਛੱਤ ਤੇ ਚਲੇ ਗਏ।

ਡੱਟ ਕੇ ਸਾਡਾ ਵਿਰੋਧ ਕਰਦੇ ਰਹੇ। ਸਾਡੇ ਨਾਲ ਲੋਹਾ ਲੈਂਦੇ ਰਹੇ। ਸਾਰੀ ਰਾਤ ਉਹ ਸਾਡੇ ਤੇ ਫਾਇਰਿੰਗ ਕਰਦੇ ਰਹੇ ਅਤੇ ਸਾਰੀ ਰਾਤ ਆਪਣੇ ਜਲੋਅ ਵਿੱਚ ਜੈਕਰਿਆਂ ਨਾਲ ਅਕਾਲ ਗੂੰਜਦਾ ਰਿਹਾ। ਇਨ੍ਹਾਂ ਚਮਾਰ ਸੈਨਿਕਾਂ ਨੇ ਆਪਣਾ ਵਿਰੋਧ ਅਗਲੇ ਦਿਨ ਤੱਕ ਜਾਰੀ ਰੱਖਿਆ, ਜਦੋਂ ਤੱਕ ਕਿ ਪਾਕਿਸਤਾਨੀ ਸੈਨਾ ਦੇ ਟੈਂਕਾਂ ਨੇ ਇਸ ਨੂੰ ਚਹੁੰ ਪਾਸੀ ਨਹੀਂ ਘੇਰ ਲਿਆ ਅਤੇ ਇਸ ਸੁਰੱਖਿਆ ਪੋਸਟ ਨੂੰ ਗੋਲਿਆਂ ਨਾਲ ਨਾ ਉਡਾ ਸੁੱਟਿਆ।

ਉਹ ਮੁੱਠੀਭਰ ਚਮਾਰ ਸੈਨਿਕ ਇਸ ਜੰਗ ਵਿੱਚ ਸਾਡਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ ਪਰ ਉਸੇ ਵੇਲੇ ਦੂਜੇ ਚਮਾਰ ਸੈਨਿਕਾਂ ਨੇ ਤੋਪਖਾਨੇ ਦੀ ਮਦਦ ਨਾਲ ਸਾਡੇ ਟੈਂਕਾਂ ਨੂੰ ਨਸ਼ਟ ਕਰ ਦਿੱਤਾ। ਬੜੀ ਬਹਾਦਰੀ ਨਾਲ ਲੜਦੇ ਹੋਏ ਇਨ੍ਹਾਂ ਚਮਾਰ ਸੈਨਿਕਾਂ ਨੇ ਮੋਰਚੇ ਵਿੱਚ ਆਪਣੀ ਬੜਤ ਕਾਇਮ ਰੱਖੀ। ਇਸ ਤਰ੍ਹਾਂ ਸਾਡੀ ਸੈਨਾ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਅਫਸੋਸ! ਇਨ੍ਹਾਂ ਮੁਠੀ ਭਰ ਚਮਾਰ ਸੈਨਿਕਾਂ ਨੇ ਸਾਡੀ ਇਸ ਮਹਾਨ ਜਿੱਤ ਮੁਹਿੰਮ ਨੂੰ ਹਾਰ ਵਿੱਚ ਬਦਲ ਦਿੱਤਾ। ਸਾਡੇ ਵਿਸ਼ਵਾਸ ਅਤੇ ਹੌਂਸਲੇ ਨੂੰ ਚਕਨਾਚੂਰ ਕਰਕੇ ਰੱਖ ਦਿੱਤਾ। ਅਜੇਹਾ ਹੀ ਸਾਡੇ ਨਾਲ ਢਾਕਾ (ਬੰਗਲਾ ਦੇਸ਼) ਵਿੱਚ ਵੀ ਹੋਇਆ ਸੀ। ਜਸੂਰ ਦੀ ਲੜਾਈ ਵਿੱਚ ਚਮਾਰ ਪਾਕਿਸਤਾਨੀ ਸੈਨਾ ਨਾਲ ਇੰਨੀ ਬਹਾਦਰੀ ਨਾਲ ਲੜੇ ਕਿ ਸਾਡੀ ਰੀੜ੍ਹ ਦੀ ਹੱਡੀ ਤੋੜ ਦਿੱਤੀ। ਸਾਡੇ ਪੈਰ ਉਖਾੜ ਦਿੱਤੇ। ਸਾਡੀ ਹਾਰ ਦਾ ਸਭ ਤੋਂ ਮਹੱਤਵਪੂਰਨ ਕਾਰਨ ਸੀ ਚਮਾਰਾਂ ਦਾ ਸ਼ਹੀਦੀ ਦੇ ਪ੍ਰਤੀ ਪਿਆਰ ਅਤੇ ਸੁਰੱਖਿਆ ਲਈ ਮੌਤ ਨੂੰ ਗਲੇ ਲਾਉਣਾ ਅਤੇ ਦੇਸ਼ ਲਈ ਸਨਮਾਨ, ਉਨ੍ਹਾਂ ਦੀ ਜਿੱਤ ਦਾ ਇੱਕੋ ਇੱਕ ਕਾਰਨ ਸੀ।

**ਪੇਸ਼ਕਸ਼ : ਹਰਜਿੰਦਰ ਕੁਮਾਰ**

# ਪੰਜਾਬ ਸਰਕਾਰ ਦੀ ਸਵੈ ਰੋਜ਼ਗਾਰ ਯੋਜਨਾ ਤਹਿਤ ਲੜਕੀਆਂ ਲਈ ਰਾਹ ਦਸੇਰਾ ਬਣੀ ਸਾਕਸ਼ੀ

**ਫਗਵਾੜਾ (ਬੀ.ਕੇ.ਰੱਤੂ)-** ਪੰਜਾਬ ਸਰਕਾਰ ਦੇ ਘਰ-ਘਰ ਰੋਜ਼ਗਾਰ ਮਿਸ਼ਨ ਤਹਿਤ ਸਵੈ ਰੋਜ਼ਗਾਰ ਸਥਾਪਿਤ ਕਰਨ ਵਿਚ ਨੌਜਵਾਨਾਂ ਦੀ ਸਹਾਇਤਾ ਦਾ ਸਹਾਰੇ ਆਪਣਾ ਰੁਜ਼ਗਾਰ ਸ਼ੁਰੂ ਕਰਨ ਵਾਲੀ ਸਾਕਸ਼ੀ ਹੁਣ ਰੁਜ਼ਗਾਰ ਮੰਗਣ ਦੀ ਥਾਂ ਹੋਰਨਾਂ ਜ਼ਰੂਰਤਮੰਦ ਕੁੜੀਆਂ ਨੂੰ ਰੁਜ਼ਗਾਰ ਪ੍ਰਦਾਨ ਕਰਕੇ ਰਾਹ ਦਸੇਰੇ ਦੀ ਭੂਮਿਕਾ ਨਿਭਾ ਰਹੀ ਹੈ।



12 ਵੀਂ ਪਾਸ ਸਾਕਸ਼ੀ ਨੇ ਕੁਝ ਕਰ ਗੁਜ਼ਰਣ ਦੀ ਤਮੰਨਾ ਨਾਲ ਰੋਜ਼ਗਾਰ ਜਨਰੇਸ਼ਨ ਤੇ ਟ੍ਰੇਨਿੰਗ ਦਫਤਰ, ਫਗਵਾੜਾ ਵਿਖੇ ਚੱਲ ਰਹੇ ਸਰਬ ਨੌਜਵਾਨ ਸਭਾ ਟ੍ਰੇਨਿੰਗ ਸੈਂਟਰ ਤੋਂ 6 ਮਹੀਨੇ ਦਾ ਬਿਊਟੀਸ਼ੀਅਨ ਕੋਰਸ ਕੀਤਾ ਤੇ ਫਿਰ ਹਿੰਮਤ ਕਰਕੇ ਵਿੱਤੀ ਔਕੜਾਂ ਨੂੰ ਦਰਕਿਨਾਰ ਕਰਕੇ ਫਗਵਾੜਾ ਵਿਖੇ ਹੀ ਆਪਣਾ ਸੈਲੂਨ ਸ਼ੁਰੂ ਕੀਤਾ ਹੈ।

ਸਾਕਸ਼ੀ ਦੱਸਦੀ ਹੈ ਕਿ ਜਿਲਾ ਰੋਜ਼ਗਾਰ ਬਿਊਰੋ ਵਲੋਂ ਉਸਨੂੰ ਲਾਕਡਾਊਨ ਦੇ ਸਮੇਂ ਦੌਰਾਨ ਸਿਖਲਾਈ ਦੇਣ ਦੇ ਨਾਲ-ਨਾਲ ਹਰ ਤਰਾਂ ਦੀ ਸਹਾਇਤਾ ਪ੍ਰਦਾਨ ਕੀਤੀ। ਵਰਤਮਾਨ ਸਮੇਂ ਦੌਰਾਨ ਉਸਦੇ ਸੈਲੂਨ ਵਿਚ 5 ਲੜਕੀਆਂ ਸਿਖਲਾਈ ਲੈ ਰਹੀਆਂ ਹਨ, ਜਿਨਾਂ ਨੂੰ ਉਹ ਪ੍ਰੈਕਟਿਸ ਲਈ ਬਿਊਟੀ ਪ੍ਰੋਡਕਸ ਤੇ ਹੋਰ ਸਿ-ਂਗਾਰ ਸਮੱਗਰੀ ਆਪਣੇ ਕੋਲੋਂ ਮੁਫਤ ਦਿੰਦੀ ਹੈ।

ਉਸਨੇ ਕਿਹਾ ਕਿ ਰੋਜ਼ਗਾਰ ਬਿਊਰੋ ਵਲੋਂ ਉਸਨੂੰ ਆਸ ਦੀ ਕਿਰਨ ਦਿਖਾਈ ਗਈ ਸੀ, ਜਿਸ ਕਾਰਨ ਉਹ ਬਾਕੀ ਲੋੜਵੰਦ ਕੁੜੀਆਂ ਦੀ ਸਹਾਇਤਾ ਕਰਨਾ ਆਪਣਾ ਫਰਜ਼ ਸਮਝਦੀ ਹੈ। ਉਹ ਹੁਣ ਆਪਣੇ ਸੰਪਰਕ ਵਿਚ ਆਉਂਦੀਆਂ ਲੜਕੀਆਂ ਨੂੰ ਸਭ ਤੋਂ ਪਹਿਲਾਂ ਰੋਜ਼ਗਾਰ ਬਿਊਰੋ ਤੋਂ 6-6 ਮਹੀਨੇ ਦੇ ਕੋਰਸ ਕਰਨ ਲਈ ਪ੍ਰੇਰਿਤ ਕਰਦੀ ਹੈ , ਕਿਉਂਕਿ ਇਸ ਨਾਲ ਨਾ ਸਿਰਫ ਉਹ ਹੁਨਰਮੰਦ ਹੋਣਗੀਆਂ ਸਗੋਂ ਉਨਾਂ ਨੂੰ ਆਪਣਾ ਰੁਜ਼ਗਾਰ ਸਥਾਪਿਤ ਕਰਨ ਲਈ ਆਸਾਨ ਦਰਾਂ 'ਤੇ ਕਰਜ਼ ਦੀ ਸਹੂਲਤ ਵੀ ਪ੍ਰਦਾਨ ਕੀਤੀ ਜਾਂਦੀ ਹੈ।

# ਗੰਦੇ ਪਾਣੀ ਦਾ ਨਿਕਾਸ ਨਾ ਹੋਣ ਨਾਲ ਪਰੇਸ਼ਾਨ ਹਨ ਉੱਚਾ ਪਿੰਡ ਵਾਰਡ ਨੰਬਰ ਇਕ ਦੇ ਵਸਨੀਕ

**ਫਗਵਾੜਾ (ਬੀ.ਕੇ.ਰੱਤੂ)** ਫਗਵਾੜਾ ਦੇ ਨਜਦੀਕੀ ਉੱਚਾ ਪਿੰਡ ਦੇ ਵਾਰਡ ਨੰਬਰ 1 ਵਿਚ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਦੇ ਚਲਦਿਆਂ ਪਿੰਡ ਵਾਸੀਆਂ ਦੇ ਨਾਲ ਹੀ ਰਾਹਗੀਰਾਂ ਨੂੰ ਵੀ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਪਾਲ ਸਿੰਘ ਮੈਂਬਰ ਪੰਚਾਇਤ, ਮਦਨ ਲਾਲ ਚੌਂਕੀਦਾਰ, ਰਾਮ ਲੁਭਾਇਆ, ਜੋਗਿੰਦਰ ਰਾਮ, ਲਛਮਣ ਦਾਸ, ਅਮਰੀਕ ਲਾਲ, ਹਰਭਜਨ ਲਾਲ, ਚਰਨਜੀਤ ਅਤੇ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਕਰੀਬ 40 ਸਾਲ ਤੋਂ ਪਿੰਡ ਦੇ ਇਸ ਵਾਰਡ ਵਿਚ ਵਸੋਂ ਹੋਣੀ ਸ਼ੁਰੂ ਹੋਈ ਅਤੇ ਉਸ ਸਮੇਂ ਤੋਂ ਹੀ ਲੋਕ ਨਰਕ ਭਰੀ ਜਿੰਦਗੀ ਜੀਉਣ ਲਈ ਮਜਬੂਰ ਹਨ। ਸਿਆਸੀ ਆਗੂ ਵੋਟਾਂ ਦੇ ਨਜਦੀਕ ਵਾਰਡ ਵਿਚ ਆਉਂਦੇ ਹਨ ਅਤੇ ਵਾਅਦੇ ਕਰ ਜਾਂਦੇ ਹਨ ਪਰ ਕਿਸੇ ਨੇ ਉਹਨਾਂ ਦੀ ਸਮੱਸਿਆ ਹਲ ਨਹੀਂ ਕਰਵਾਈ। ਪ੍ਰਸ਼ਾਸਨ ਤੋਂ ਇਲਾਵਾ ਵਿਧਾਇਕਾਂ ਅਤੇ ਮੈਂਬਰ ਪਾਰੀਮੈਂਟਾਂ ਨੂੰ ਸਮੇਂ-ਸਮੇਂ ਤੇ ਲਿਖਿਤ ਦਰਖਾਸਤਾਂ ਦਿੱਤੀਆਂ ਗਈਆਂ। ਸਮੇਂ-ਸਮੇਂ ਦੀਆਂ ਪਚਾਇਤਾਂ ਨੂੰ ਵੀ ਸਮੱਸਿਆ ਹਲ ਕਰਵਾਉਣ ਲਈ ਕਿਹਾ ਗਿਆ ਪਰ ਕਿਸੇ ਨੇ ਬਾਤ ਨਹੀਂ ਪੁੱਛੀ। ਉਹਨਾਂ ਕਿਹਾ ਕਿ ਪਹਿਲਾਂ ਗੰਦਾ ਪਾਣੀ ਖੇਤਾਂ ਵਿਚ ਚਲਾ ਜਾਂਦਾ ਸੀ ਪਰ ਹੁਣ ਕਿਸਾਨਾ ਵਲੋਂ ਵੱਟਾਂ ਲਗਾ ਕੇ ਪਾਣੀ ਰੋਕ ਦਿੱਤਾ ਹੈ ਜਿਸ ਕਰਕੇ ਸੜਕ ਵਿਚਕਾਰ ਗੰਦੇ ਪਾਣੀ ਦਾ ਜਮਾਵੜਾ ਰਹਿੰਦਾ ਹੈ ਅਤੇ ਵਾਤਾਵਰਣ ਦੂਸ਼ਿਤ ਹੋਣ ਦੇ ਨਾਲ ਹੀ ਮੱਖੀਆਂ ਅਤੇ ਮੱਛਰਾਂ ਦੀ ਵੀ ਭਰਮਾਰ ਹੈ ਜਿਸ ਨਾਲ ਬਿਮਾਰੀ ਫੈਲਣ ਦਾ ਹਰ ਸਮੇਂ ਖਤਰਾ ਬਣਿਆ ਰਹਿੰਦਾ ਹੈ। ਰਾਹਗੀਰਾਂ ਦਾ ਇੱਥੋਂ ਲੰਘਣਾ ਮੁਸ਼ਕਲ ਹੈ। ਉਹਨਾਂ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਅਤੇ ਸਬੰਧਤ ਮਹਿਕਮੇ ਤੋਂ ਪੁਰਜੋਰ ਮੰਗ ਕੀਤੀ ਹੈ ਕਿ ਉਹਨਾਂ ਦੀ ਸਮੱਸਿਆ ਨੂੰ ਪਹਿਲ ਦੇ ਅਧਾਰ ਤੇ ਹਲ ਕੀਤਾ ਜਾਵੇ ਨਹੀਂ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਸੱਤਿਆ ਦੇਵੀ, ਬਲਵੀਰ ਕੌਰ, ਹਰਜਿੰਦਰ ਕੌਰ, ਵੀਨਾ ਕੁਮਾਰੀ, ਰੇਖਾ ਰਾਣੀ, ਸ਼ਿੰਦੋ, ਕਸ਼ਮੀਰ ਕੌਰ, ਗੀਤਾ ਰਾਣੀ, ਨੰਬਰਦਾਰ ਪਰਮਿੰਦਰ ਸਿੰਘ ਬੰਟੀ, ਕੁਲਵਿੰਦਰ ਸਿੰਘ, ਰਮਜੀਤ ਕੌਰ, ਸਿਮਰੋ, ਸੀਤੋ ਅਤੇ ਸ਼ਿੰਦੋ ਆਦਿ ਹਾਜਰ ਸਨ।





**ਕੀ ਕਹਿੰਦੇ ਹਨ ਸਰਪੰਚ ਜਰਨੈਲ ਸਿੰਘ-**

ਇਸ ਬਾਰੇ ਗੱਲਬਾਤ ਕਰਨ ਤੇ ਸਰਪੰਚ ਜਰਨੈਲ ਸਿੰਘ ਉੱਚਾ ਪਿੰਡ ਨੇ ਦੱਸਿਆ ਕਿ ਇਸ ਸਮੱਸਿਆ ਦਾ ਉਹਨਾਂ ਨੂੰ ਪਤਾ ਹੈ ਅਤੇ ਪੰਚਾਇਤ ਵਲੋਂ ਮਤਾ ਪਾਇਆ ਹੋਇਆ ਹੈ। ਗ੍ਰਾਂਟ ਮੰਨਜੂਰ ਹੋਣ ਤੇ ਪਹਿਲ ਦੇ ਅਧਾਰ ਤੇ ਸਮੱਸਿਆ ਦਾ ਹਲ ਕਰਵਾਇਆ ਜਾਵੇਗਾ।

# ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਇਕ ਇਤਿਹਾਸਕ ਦਸਤਾਵੇਜ਼


ਸ੍ਰੀ ਸੀ. ਐਲ਼. ਚੁੰਬਰ ਦਾ ਆਪਣੇ ਦਸਤਖਤਾਂ ਹੇਠ ਭੇਜਿਆ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਮੇਰੇ ਸਾਹਮਣੇ ਸੁਸ਼ੋਭਿਤ ਹੈ, ਜਿਸਨੂੰ ਪੜ੍ਹਨ ਉਪਰੰਤ ਇਹੋ ਕਹਿਣਾ ਸੱਚ ਹੈ ਕਿ ਇਹ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸਨੂੰ ਪੰਜਾਬ ਦੇ ਦਲਿਤ ਲੋਕਾਂ ਨੂੰ ਉਸ ਇਤਿਹਾਸ ਤੋਂ ਜਾਣੂ ਕਰਾਇਆ ਹੈ, ਜਿਸਨੇ ਕਦੀ ਇਸ ਧਰਤੀ ਤੇ ਕ੍ਰਾਂਤੀ ਲਿਆਂਦੀ ਤੇ ਸਮਾਜਿਕ ਇਨ-ਕਲਾਬ ਦੀ ਸਹੀ ਅਰਥਾ ਵਿਚ ਨੀਂਹ ਰੱਖੀ। ਇਸ ਸੋਵੀਨਰ ਸਬੰਧੀ ਹੋਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਮੈਂ ਸ੍ਰੀ ਸੀ. ਐਲ਼ ਚੁੰਬਰ. ਦੇ ਪਵਿੱਤਰ ਯਤਨਾਂ ਲਈ ਰਿਣੀ ਮਹਿਸੂਸ ਕਰਦਾ ਹਾਂ ਅਤੇ ਉਹਨਾਂ ਸਾਰੇ ਸਾਥੀਆਂ ਦਾ ਧੰਨਵਾਦ ਕਰਨਾ ਫਰਜ਼ ਸਮਝਦਾ ਹਾਂ, ਜਿਹਨਾਂ ਨੇ ਸਾਡੇ ਰਹਿਬਰ ਦੇ ਜੀਵਨ-ਇਤਿਹਾਸ ਨੂੰ ਪੰਨਿਆਂ ਤੋਂ ਉਭਾਰ ਕੇ ਵਰਤਮਾਨ ਦੀ ਲੋੜੀਂਦੀ ਲਹਿਰ ਨੂੰ ਤਾਕਤ ਬਖਸ਼ੀ ਹੈ। ਮੈਂ ਬਹੁਤ ਅੱਛੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਬਾਮਸੇਫ ਅਤੇ ਡੀ. ਐਸ਼ 4 ਲਹਿਰ ਲਈ ਇਹ ਸੋਵੀਨਰ ਇਕ ਪੰਧ ਦਿਖਾਓ, ਤਾਰੇ ਵਾਂਗ ਸਹਾਇਕ ਹੋਵੇਗਾ।




ਇਹ ਸੱਚ ਹੈ ਕਿ ਕਾਫੀ ਸਮੇਂ ਤੋਂ ਬਹੁਤ ਲੋਕ ਨਹੀਂ ਜਾਣਦੇ ਸਨ ਕਿ ਆਦਿ ਧਰਮ ਦਾ ਅਰਥ ਕੀ ਹੈ, ਇਸ ਮਹਾਨ ਲਹਿਰ ਦਾ ਬਾਨੀ ਕੌਣ ਸੀ ਇਹ ਲਹਿਰ ਅੰਬੇਡਕਰ ਲਹਿਰ ਨਾਲ ਕਿਵੇਂ ਜੁੜ ਕੇ ਅੱਗੇ ਵਧੀ ਤੇ ਇਹ ਲਹਿਰ ਕਿਸ ਸੱਚ ਨੂੰ ਪੱਲੇ ਬੰਨ੍ਹ ਕੇ ਤੁਰੀ।

ਇਹਨਾਂ ਵਿਸ਼ਿਆਂ ਦਾ ਗਿਆਨ ਸੋਵੀਨਰ ਵਿਚੋਂ ਪੜ੍ਹ ਕੇ ਅਸੀਮ ਖੁਸ਼ੀ ਹੋਈ ਹੈ। ਇਸ ਸੋਵੀਨਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੀ ਸੋਵੀਨਰ ਦਾ ਦਲਿਤ ਇਤਿਹਾਸ ਦਾ ਦਸਤਾਵੇਜ਼ ਬਣ ਜਾਂਦਾ ਹੈ। ਸਾਡੀ ਬਦਨਸੀਬੀ ਹੈ ਕਿ ਅਸੀਂ ਆਪਣੇ ਮਹਾਨ ਇਤਿਹਾਸਕ ਵਿਰਸਿਆਂ ਤੋ ਸੱਖਣੇ ਹਾਂ। ਕਾਂਗਰਸ ਰਾਜ ਨੇ ਸਾਨੂੰ ਸਾਡੇ ਇਤਿਹਾਸ ਤੋਂ ਅਜਿਹਾ ਕੱਟਿਆ ਹੈ ਕਿ ਅਸੀਂ ਅਤਿ ਘਟੀਆ ਮਨੁੱਖੀ ਕਿਰਦਾਰ ਦੇ ਮਨੂੰਵਾਦੀ ਦੇਵੀ ਦੇਵਤਿਆਂ, ਅਵਤਾਰਾਂ, ਮਹਾਤਮਾਵਾਂ ਨੂੰ ਹੀ ਆਪਣੇ ਮਾਤਾ-ਪਿਤਾ ਕਹਿਣ ਤੇ ਪੂਜਣ ਲੱਗ ਪਏ ਹਾਂ ਪ੍ਰੰਤੂ ਆਪਣੇ ਸਮਾਜ ਦੇ ਮਹਾਨ ਯੋਧਿਆਂ ਦਾ ਨਾਂ ਵੀ ਨਹੀਂ ਜਾਣਦੇ। ਡਾ. ਅੰਬੇਡਕਰ, ਜੋ ਇਕ ਅਦੁੱਤੀ ਸ਼ਖਸੀਅਤ ਸੀ, ਜਿਸ ਬਾਰੇ ਇਕ ਸਾਥੀ ਨੇ ਜਿਸਨੂੰ ਅੰਬੇਡਕਰ ਬਾਰੇ ਸੱਜਰੀ ਜਾਣਕਾਰੀ ਦਿੱਤੀ ਗਈ ਸੀ, ਕਿਹਾ "ਇਹ ਸੱਚ ਹੈ ਸਾਥੀ ਕਿ ਅੱਜ ਇਹ ਪਤਾ ਚੱਲਿਆ ਸਾਡਾ ਦਾਤਾ ਅੰਬੇਡਕਰ ਹੈ, ਜੋ ਅਸੀਂ ਉਪਰ ਵਾਲੇ ਨੂੰ ਦਾਤਾ ਕਹੀਏ ਜਾਂ ਕਹਿੰਦੇ ਹਾਂ ਤਾਂ ਉਹ ਦਾਤਾ ਉਦੋਂ ਕਿੱਥੇ ਸੀ, ਜਦੋਂ ਅੰਬੇਡਕਰ ਹੈ ਨਹੀਂ ਸੀ। ਉਦੋਂ ਉਸ ਨੇ ਸਾਨੂੰ ਇਹ ਅਧਿਕਾਰ ਕਿਉਂ ਨਾ ਦੇ ਦਿੰਤੇ?" ਦਾ ਨਾਂ ਵੀ ਆਮ ਦਲਿਤ ਲੋਕਾਂ ਨੂੰ ਨਹੀਂ ਪਤਾ। ਮਹਾਤਮਾ ਜੋਤੀ ਰਾਓ ਫੂਲੇ, ਪੈਰ-ਿਅਰ ਰਾਮਾ ਸੁਆਮੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੀਆਂ ਮਹਾਨ ਸਮਾਜਵਾਦੀ ਸ਼ਖਸੀਅਤਾਂ ਨੂੰ ਹਨ੍ਹੇਰੇ ਦੀਆਂ ਕੰਧਰਾਂ ਵਿਚੋਂ ਮਨੂੰਵਾਦੀਆਂ ਨੇ ਲੁਕਾ ਦਿੱਤਾ। ਪ੍ਰੰਤੂ ਅੱਜ ਦਲਿਤਾਂ ਦਾ ਸੁਚੇਤ ਵਰਗ ਇਸ ਪਾਸੇ ਯਤਨਸ਼ੀਲ ਹੈ। 1985 ਦਾ ਇਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਅਗਲੇ ਰਸਤੇ ਵਿਚ ਇਕ ਅਟੁੱਟ ਮੀਲ ਪੱਥਰ ਬਣ ਖਲੋਤਾ ਹੈ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਗਦਰ ਪਾਰਟੀ ਦੇ ਸਿਰਲੱਥ ਯੋਧੇ ਰਹੇ, ਮੌਤ ਦੀ ਸਜ਼ਾ ਹੋਈ, ਬਨਵਾਸ ਕੱਟਣਾ ਪਿਆ, ਫਿਰ ਵੀ ਕੌਮ ਲਈ ਜੀਵਤ ਰਹੇ। ਆਦਿ ਧਰਮ ਦੀ ਨੀਂਹ ਰੱਖੀ। ਬਾਬਾ ਸਾਹਿਬ ਦੇ ਸਾਥੀ ਬਣੇ। ਅੱਜ ਮਾਣੀਂਦੇ ਅਧਿਕਾਰਾਂ ਲਈ ਲੜਦੇ ਰਹੇ। ਮਹਾਤਮਾ ਗਾਂਧੀ ਦੇ ਬਰਾਬਰ, ਆਪਣੇ ਅਧਿਕਾਰਾਂ ਲਈ ਮਰਨ ਵਰਤ ਰੱਖਿਆ। ਰੀਜ਼ਰਵ ਸੀਟਾਂ ਦਾ ਅਧਿਕਾਰ ਲੈ ਕੇ ਅੱਠਾਂ 'ਚੋਂ ਸੱਤ ਐਮ. ਐਲ਼. ਏ. ਚੁਣੇ, ਅਛੂਤਾਂ ਵੱਲੋਂ ਘਰ-ਬਾਰ ਖਰੀਦ ਸਕਣ ਲਈ ਜੱਦੋ ਜਹਿਦ ਕੀਤੀ।




ਸਕੂਲ ਜਾਣ ਦੇ ਅਧਿਕਾਰ ਲਈ ਬਾਬਾ ਸਾਹਿਬ ਨੂੰ, ਗਾਂਧੀ ਦੇ ਖਿਲਾਫ ਅਛੂਤਾਂ ਦਾ ਨੇਤਾ ਸਾਬਤ ਕੀਤਾ। ਹਜ਼ਾਰਾਂ ਸਾਥੀਆਂ ਸਮੇਤ ਲੋਥੀਅਨ ਕਮੇਟੀ ਦੇ ਸਾਹਮਣੇ ਅਛੂਤਾਂ ਦੀ ਹੋਂਦ ਨੂੰ ਜਿਤਾਇਆ। ਅਛੂਤ ਲੋਕਾਂ ਨੂੰ ਹਿੰਦੂ, ਸਿੱਖ, ਮੁਸਲਮਾਨ, ਇਸਾਈ ਲਿਖਾਉਣ ਦੀ ਥਾਂ 'ਆਦਿ ਧਰਮੀ' ਲਿਖਾਉਣ ਲਈ ਮਹਾਨਤਮ ਕਾਰਜ ਕੀਤਾ ਤੇ ਗੁਲਾਮਾਂ ਨੂੰ ਦੋਹਰੀ ਗੁਲਾਮੀ ਦਾ ਅਹਿਸਾਸ ਕਰਵਾ ਕੇ, ਸਮਾਜਿਕ ਇਨਕਲਾਬ ਦੇ ਰਸਤੇ ਪਾਇਆ। ਰਾਇਲ ਕਮਿਸ਼ਨ ਅਤੇ ਗਵਰਨਰ ਪੰਜਾਬ ਦੇ ਸਾਹਮਣੇ ਆਪਣੇ ਅਧਿਕਾਰਾਂ ਦੀਆਂ ਮੰਗਾਂ ਪੇਸ਼ ਕੀਤੀਆਂ, ਬੱਚਿਆਂ ਦੀਆਂ ਫੀਸਾਂ ਮੁਆਫ ਕਰਵਾਈਆਂ, ਅਛੂਤ ਵਿਰੋਧੀ, ਅਛੂਤ ਵਿਕਾਊ ਟੁੱਕੜਬੋਚਾਂ ਦਾ ਪਰਦਾ ਫਾਸ਼ ਕੀਤਾ। ਆਦਿ ਡੰਕਾ ਅਖਬਾਰ ਚਲਾਈ। ਸੋਹਣ ਸਿੰਘ ਭਕਨਾ ਦੇ ਅਹਿਮ ਸਾਥੀ ਰਹੇ। ਗਦਰੀ ਬਾਬਾ ਗੁਰਦਿਤ ਸਿੰਘ ਕਾਮਾ ਗਾਟਾਮਾਰੂ ਦਾ ਸਾਥ ਦਿੱਤਾ। ਲੋਕਾਂ ਨੂੰ ਦੱਸਿਆ ਕਿ ਸਾਡੇ ਗੁਰੂ ਤਾਂ ਗੁਰੂ ਰਵਿਦਾਸ, ਬਾਬਾ ਵਾਲਮੀਕ, ਬਾਬਾ ਨਾਮਦੇਵ, ਬਾਬਾ ਕਬੀਰ ਜੀ ਹਨ। ਲੋਕਾਂ ਨੂੰ ਤੇ ਅੰਗਰੇਜ਼ਾਂ ਨੂੰ ਦੱਸਿਆ ਕਿ ਅਸੀਂ ਇਸ ਦੇਸ਼ ਦੇ ਅਸਲੀ ਵਾਸ਼ਿੰਦੇ ਹਾਂ ਤੇ ਮਨੂੰਵਾਦੀ, ਆਰੀਅਨ ਵਿਦੇਸ਼ੀ ਹਨ। ਇਸ ਤੋਂ ਇਲਾਵਾ ਵੋਟਰ ਬਣਨ ਲਈ, ਜ਼ਮੀਨ ਜਾਇਦਾਦ ਤੇ ਯੋਗਤਾ ਆਦਿ ਦੀਆਂ ਸ਼ਰਤਾਂ ਖਤਮ ਕਰਾ ਕੇ ਸਧਾਰਨ ਕਰਵਾਈਆਂ।

ਤਾਂ ਇਹ ਉਹ ਇਤਿਹਾਸ ਹੈ ਜਿਸ ਤੋਂ ਪੰਜਾਬ ਦੇ ਦਲਿਤ ਜੋ ਆਪਣੇ ਆਪ ਨੂੰ ਕਾਂਗਰਸੀ ਜਾਂ ਹਰੀਜਨ ਕਹਾਉਣ ਵਿਚ ਮਸ਼ਰੂਫ ਹਨ। ਕੁਝ ਇਕ ਟੁੱਕੜਬੋਚਾਂ ਨੇ ਆਪਣਾ ਇਤਿਹਾਸ ਘੱਟੇ ਪਾ ਕੇ 85 ਫੀਸਦੀ ਦਲਿਤ ਲੋਕਾਂ ਨਾਲ ਗਦਾਰੀ ਕੀਤੀ ਹੈ। ਦਲਿਤ ਲੋਕ ਇਸ ਗਦਾਰੀ ਨੂੰ ਭੁੱਲ ਨਹੀਂ ਸਕਣਗੇ।

ਪ੍ਰੰਤੂ ਅੱਜ ਦਲਿਤ ਸ਼ੋਸ਼ਿਤ ਸਮਾਜ ਜਾਗਿਆ ਹੈ। ਦਲਿਤ ਇਤਿਹਾਸ ਮੁੜ ਚੌਰਾਹੇ 'ਤੇ ਹੈ। ਡਾ. ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਵਾਰਸ ਅੱਜ ਸੁਚੇਤ ਹੋ ਕੇ ਤੁਰੇ ਹਨ, ਉਹ ਦਿਨ ਦੂਰ ਨਹੀਂ ਜਦੋਂ ਸਾਡਾ ਮਾਨਵੀ ਤੇ ਮਨੁੱਖੀ ਬਰਾਬਰੀ ਵਾਲਾ ਇਤਿਹਾਸ ਕੂੜ ਪਸਾਰੇ ਵਾਲੇ ਇਤਿਹਾਸ ਨੂੰ ਲੁਕਾ ਸਕੇਗਾ।

ਅੰਤ ਮੈਂ ਸਮੂਹ ਦਲਿਤਾਂ ਨੂੰ ਅਪੀਲ ਕਰਾਂਗਾ ਕਿ ਉਹ ਉਕਤ ਸੋਵੀਨਰ ਜ਼ਰੂਰ ਮੰਗਾਉਣ ਤੇ ਆਪਣੇ ਵਿਲੱਖਣ ਇਤਿਹਾਸ ਹੀਰੋਆਂ ਤੋਂ ਜਾਣੂ ਹੋ ਕੇ ਅੱਗੇ ਵਧਣ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ 'ਬਹੁਜਨ ਸੰਦੇਸ਼' ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਵਿਸ਼ੇਸ਼ ਅੰਕ ਕੱਢ ਕੇ ਜਿੱਥੋਂ ਆਪਣੇ ਫਰਜ਼ ਨੂੰ ਨਿਭਾਇਆ ਹੈ, ਉਥੇ ਦਲਿਤਾਂ ਦੇ ਰੁਲ ਰਹੇ ਹੀਰੋ ਨੂੰ, ਵਿਸਰੇ ਜਾਂਦੇ ਇਤਿਹਾਸ ਨੂੰ ਦਲਿਤਾਂ ਅੱਗੇ ਪੇਸ਼ ਕੀਤਾ ਹੈ। ਇਸ ਲਈ ਕਿ ਜਦੋਂ ਤੱਕ ਅਸੀ ਆਪਣਾ ਇਤਿਹਾਸ ਨਹੀਂ ਜਾਣਦੇ, ਉਦੋਂ ਤੱਕ ਅੱਗੋਂ ਵੀ ਇਤਿਹਾਸ ਨਹੀਂ ਬਣਾ ਸਕਦੇ। ਇਸ ਸ਼ਲਾਘਾਯੋਗ ਕਦਮ ਲਈ 'ਬਹੁਜਨ ਸੰਦੇਸ਼' ਵਧਾਈ ਦਾ ਪਾਤਰ ਹੈ।

**- ਪ੍ਰੋ. ਗੁਰਨਾਮ ਸਿੰਘ, ਮੁਕਤਸਰ**
**ਧੰਨਵਾਦ ਸਹਿਤ ਫਤਿਹਜੰਗ ਸਿੰਘ**
**ਬਹੁਜਨ ਸੰਦੇਸ਼ 14 ਜੁਲਾਈ 1985**

# ਤੋੜੇ ਗਏ ਸਮਾਜ ਨੂੰ ਜੋੜ ਕੇ ਭਾਈਚਾਰਾ ਪੈਦਾ ਕਰਨਾ ਸਾਡਾ ਉਦੇਸ਼ ਹੈ - ਕਾਂਸ਼ੀ ਰਾਮ

13 ਮਾਰਚ 1988 ਦਾ ਸਾਹਿਬ ਕਾਂਸ਼ੀ ਰਾਮ ਜੀ ਦਾ ਪਰੋਗਰਾਮ ਮਿਲਣ ਤੇ ਫਿਰੋਜ਼ਪੁਰ ਦੇ ਬਸਪਾ ਕਾਰਜਕਰਤਾਵਾਂ ਵਿਚ ਵਿਆਹ ਵਰਗਾ ਚਾਅ ਸੀ ਸਾਡੇ ਕੋਲ 40 ਕੁ ਦਿਨ ਦਾ ਸਮਾਂ ਸੀ।ਅਸੀਂ ਜੰਗੀ ਪੱਧਰ ਤੇ "ਕਰੋ ਜਾਂ ਮਰੋ" ਦੀ ਭਾਵਨਾ ਨਾਲ ਤਿਆਰੀ 'ਚ ਜੁੱਟ ਗਏ । ਸਾਡੀ ਬਾਮਸੇਫ ਦੀ ਮਜਬੂਤ ਟੀਮ ਨੇ ਆਪਣੇ ਮੋਰਚੇ ਮੱਲ ਲਏ। ਮੇਰੇ ਸਾਥੀ ਬਲਵੀਰ ਸਿੰਘ ਜੇ ਈ ਪਬਲਿਕ ਹੈਲਥ ਜਨਰਲ ਸਕੱਤਰ ਬਾਮਸੇਫ ਜ਼ਿਲ੍ਹਾ ਫਿਰੋਜ਼ਪੁਰ, ਮਾਸਟਰ ਓਮ ਪਰਕਾਸ਼ , ਮਾਸਟਰ ਕੁਲਵੰਤ ਸਿੰਘ, ਬਾਬੂ ਸਿੰਘ, ਬੀਬੀ ਦਰਸ਼ਨ ਕੌਰ, ਬਚਿੱਤਰ ਸਿੰਘ ਕੈਂਥ , ਧਰਮ ਸਿੰਘ , ਜਗੀਰ ਸਿੰਘ, ਜਗਰੂਪ ਸਿੰਘ ਸੁਲਹਾਣੀ ਮਾਸਟਰ ਠਾਣਾ ਸਿੰਘ ਨੇ ਥਾਂ ਥਾਂ ਮੋਰਚੇ ਮੱਲ ਲਏ । ਬਸਪਾ ਕਾਰਜਕਰਤਾ ਗੁਰਦੇਵ ਸਿੰਘ ਤੇ ਡਾਕਟਰ ਮੋਹਨ ਸਿੰਘ ਫ਼ਲੀਆਂ ਵਾਲਾ ਦੀ ਅਗਵਾਈ 'ਚ ਕੁੱਦ ਪਏ ।ਅਸੀਂ ਦੋਆਬੇ ਚੋਂ ਮੋਹਨ ਬੰਗੜ ਮਿਸ਼ਨਰੀ ਕਲਾਕਾਰ ਨੂੰ ਬੁਲਾ ਲਿਆ। ਉਹਨਾਂ ਨਾਲ ਆਇਆ ਦੇਸ ਰਾਜ ਧੁੱਗਾ ਪਰਚਾਰ ਕਰਕੇ ਰੰਗ ਬੰਨ੍ਹ ਦਿੰਦਾ ।ਅਸੀਂ ਪਿੰਡ ਪਿੰਡ ਨੁੱਕੜ ਮੀਟਿੰਗਾਂ, ਛੋਟੇ ਛੋਟੇ ਜਲਸੇ, ਸਾਈਕਲ ਰੈਲੀਆਂ ਕਰਕੇ ਬਹੁਜਨ ਸਮਾਜ ਨੂੰ ਸੰਮੇਲਨ ਚ ਪੁੱਜਣ ਲਈ ਉਤਸ਼ਾਹਿਤ ਕਰਨ ਲੱਗੇ।

ਨਹਿਰੂ ਪਾਰਕ (ਅਜੋਕੇ ਸ਼ਹੀਦ ਭਗਤ ਸਿੰਘ ਸਟੇਡੀਅਮ )ਦੇ ਖੁਲ੍ਹੇ ਮੈਦਾਨ ਵਿਚ "ਭਾਈਚਾਰਾ ਬਣਾਓ ਸੰਮੇਲਨ" ਨੂੰ ਸੰਬੋਧਨ ਕਰਨ ਲਈ ਮੁੱਖ ਮਹਿਮਾਨ ਵਜੋਂ ਪੁੱਜੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਵਿਸ਼ਾਲ ਇਕੱਠ ਵੇਖ ਕੇ ਗਦ ਗਦ ਹੋ ਉੱਠੇ । ਜਦੋਂ (ਮੇਰੀ ਪਤਨੀ) ਬਲਵੰਤ ਕੌਰ ਉਹਨਾਂ ਨੂੰ ਜੈ ਭੀਮ ਕਹਿਣ ਵਾਸਤੇ ਮੰਚ ਤੇ ਚੜ੍ਹੀ ਤਾਂ ਸਾਹਿਬ ਕਹਿਣ ਲੱਗੇ "ਕੁੱਝ ਬੋਲੋ, ਭਾਸ਼ਣ ਕਰੋ"। ਉਹ ਦੋ ਚਾਰ ਲਾਈਨਾਂ ਬੋਲਣ ਤੋਂ ਬਾਅਦ ਕਹਿਣ ਲੱਗੀ "ਸਾਹਿਬ ਮੈਂ ਭਾਸ਼ਣ ਨਹੀਂ ਸਗੋਂ ਮੈਂ ਇਕ ਮਿਸ਼ਨਰੀ ਗੀਤ ਬੋਲਾਂਗੀ"
ਉਹਨੇ ਮੇਰਾ ਲਿਖਿਆ ਇਕ ਗੀਤ-

ਮਹਿਲਾਂ ਦੀ ਤਾਂ ਸੱਭ ਕਰਦੇ ਨੇ
ਆਪਾਂ ਗੱਲ ਕਰੀਏ ਢਾਰੇ ਦੀ।
ਛੱਡ ਕਿੱਸੇ ਐਸ਼ ਅਮੀਰੀ ਦੇ
ਪਾ ਬਾਤ ਮਜ਼ੂਰ ਵਿਚਾਰੇ ਦੀ।

ਸੁਰੀਲੀ ਆਵਾਜ਼ ਚ ਗਾ ਕੇ ਵਾਹ ਵਾਹ ਖੱਟੀ ।

ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪਰਧਾਨ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਵਿਸ਼ਾਲ ਜਨ ਸੰਮੂਹ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਇਸ ਦੇਸ਼ ਦੇ ਮੂਲ ਨਿਵਾਸੀ ਹਾਂ। ਸਦੀਆਂ ਤੋਂ ਸੋਸ਼ਿਤ ਤੇ ਪੀੜਤ ਹਾਂ। ਬਰਾਹਮਣਵਾਦੀ ਵਰਣ ਵਿਵਸਥਾ ਨੇ ਉਹਨਾਂ ਨੂੰ ਹਜਾਰਾਂ ਟੁਕੜਿਆਂ ਵਿੱਚ ਤੋੜ ਕੇ ਰੱਖਿਆ ਹੈ। ਜਿੰਨਾ ਲੋਕਾਂ ਨੂੰ ਧਨ, ਗਿਆਨ, ਮਾਨ ਸਨਮਾਨ, ਐਸ਼ਵਰਿਆ, ਪਰਤਿਸ਼ਠਤਾ ਅਤੇ ਸ਼ੋਹਰਤ ਤੋਂ ਵਾਂਝੇ ਰੱਖਿਆ ਗਿਆ ਹੈ ਉਹ 85 ਫੀਸਦੀ ਲੋਕ ਇਸ ਦੇਸ਼ ਦੇ ਮਾਲਕ ਹਨ ਜੋ ਇਸ ਦੇਸ਼ ਦੇ ਬਾਸ਼ਿੰਦੇ ਹਨ। ਉਹਨਾਂ ਦਾ ਇਸ ਦੇਸ਼ ਦੀ ਧਨ ਤੇ ਧਰਤੀ ਤੇ ਪੂਰਾ ਹੱਕ ਹੈ। ਇਸ ਦੇਸ਼ ਦੀ ਰਾਜ ਸੱਤਾ ਤੇ ਬਰਾਹਮਣਵਾਦ ਭਾਰੂ ਹੈ। ਦੇਸ਼ ਦਾ ਪਰਧਾਨ ਮੰਤਰੀ, ਰਾਸ਼ਟਰਪਤੀ, ਚੀਫ ਜਸਟਿਸ, ਫੌਜ ਦਾ ਮੌਜੂਦਾ ਕਮਾਂਡਰ ਮੁੱਖ ਚੋਣ ਕਮਿਸ਼ਨਰ ਤੇ ਤਮਾਮ ਉਚ ਅਹੁਦਿਆਂ ਤੇ ਬਰਾਹਮਣਵਾਦੀ ਹੀ ਡਟੇ ਹਨ। ਅਸੀਂ ਦੇਸ਼ ਵਿਚ ਸਾਰੇ ਲੋਕਾਂ ਦੀ ਬਰਾਬਰੀ ਚਾਹੁੰਦੇ ਹਾਂ । ਜੋ ਬਰਾਹਮਣਵਾਦੀਆਂ ਨੂੰ ਮਨਜੂਰ ਨਹੀਂ । ਕਿਉਂਕਿ ਉਹਨਾਂ ਨੂੰ ਸੱਭ ਕੁੱਝ ਚੌਪਟ ਹੋਣ ਦਾ ਖਤਰਾ ਹੈ । ਅੱਜ ਸਭ ਤੋਂ ਪਹਿਲਾਂ ਸਾਡਾ ਬਰਾਹਮਣਵਾਦ ਨਾਲ ਮੁਕਾਬਲਾ ਹੈ। ਅਸੀਂ ਬਰਾਹਮਣਵਾਦ ਦੇ ਸ਼ਿਕਾਰ ਲੋਕਾਂ ਨੂੰ ਇਕੱਠੇ ਕਰ ਰਹੇ ਹਾਂ।



ਉਹਨਾਂ ਨੇ ਕਿਹਾ ਕਿ ਬਰਾਹਮਣਵਾਦ ਦਾ ਸ਼ਿਕਾਰ ਲੋਕਾਂ ਦੇ ਇਕੱਠੇ ਹੋਣ ਨਾਲ ਜਿਉਂ ਦਾ ਤਿਉਂ (ਸਟਅਟੁਸ ਤੁੋ)ਵਿਵਸਥਾ ਦੇ ਹਾਮੀ ਬਰਾਹਮਣਵਾਦੀਆਂ ਦੇ ਘਿਨਾਉਣੇ ਮਨਸੂਬੇ ਅਸਫਲ ਹੋਣਗੇ । ਦੇਸ਼ ਤੇ 85ਫੀਸਦੀ ਦਲਿਤਾਂ ਸੋਸ਼ਤਾਂ ਦਾ ਰਾਜ ਹੋਵੇਗਾ । ਭਾਈਚਾਰਾ ਬਣਾਓ ਸੰਮੇਲਨ ਤੇ ਚਾਨਣਾ ਪਾਉਂਦਿਆਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਆਖਿਆ ਕਿ ਦੇਸ਼ ਵਿਚ ਟੁੱਟੇ ਫੁੱਟੇ ਲੋਕਾਂ ਦਾ ਭਾਈਚਾਰਾ ਬਣਾਉਣ ਦੀ ਬੇਹੱਦ ਲੋੜ ਹੈ। ਜਿੰਨਾ ਲੋਕਾਂ ਨੂੰ ਬਰਾਹਮਣਵਾਦੀਆਂ ਵੱਲੋਂ 6 ਹਜਾਰ ਟੁਕੜਿਆਂ ਵਿਚ ਤੋੜ ਕੇ ਰੱਖਿਆ ਹੈ ਉਹਨਾਂ ਵਿਚ ਭਾਈਚਾਰਾ ਤੇ ਪ੍ਰੇਮ ਭਾਵ ਪੈਦਾ ਕਰਨ ਦੀ ਲੋੜ ਹੈ।

ਸਾਹਿਬ ਕਾਂਸ਼ੀ ਰਾਮ ਜੀ ਨੇ ਵਿਸ਼ਾਲ ਜਨ ਸੰਮੂਹ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਲਾਹਾਬਾਦ ਦੀ ਉਪ ਚੋਣ ਹੋਣ ਵਾਲੀ ਐ। ਜਿਸਨੂੰ ਵੱਕਾਰੀ ਸੀਟ ਮੰਨਿਆਂ ਜਾਂਦਾ ਹੈ। ਠਾਕਰ ਵੀ ਪੀ ਤੇ ਪਰਧਾਨ ਮੰਤਰੀ (ਰਾਜੀਵ ਗਾਂਧੀ) ਦੇ ਨਜ਼ਦੀਕੀ ਸਾਥੀ ਅਮਿਤਾਬ ਬੱਚਨ ਦੇ ਲੜਨ ਦੀ ਸੰਭਾਵਨਾ ਹੈ। ਅਸੀਂ ਚੋਣ ਸੀਟ ਜਿੱਤਣ ਦੇ ਉਦੇਸ਼ ਨਾਲ ਨਹੀਂ ਬਲਕਿ ਸਾਡਾ ਉਦੇਸ਼ ਸਟੇਟ ਜਿੱਤਣ ਦਾ ਹੈ। ਤਾਂਕਿ ਸਟੇਟ ਜਿੱਤ ਕੇ ਦਿੱਲੀ ਦੇ ਤਖਤ ਤੇ ਕਬਜ਼ਾ ਕੀਤਾ ਜਾ ਸਕੇ। ਉੱਤਰ ਪ੍ਰਦੇਸ਼ ਤੇ ਪੰਜਾਬ 'ਚ ਬਹੁਜਨ ਸਮਾਜ ਪਾਰਟੀ ਤੇਜ਼ ਗਤੀ ਨਾਲ ਅੱਗੇ ਵਧ ਰਹੀ ਹੈ ।ਇਹ ਦੇਖ ਕੇ ਦੁਸ਼ਮਣ ਘਬਰਾਇਆ ਹੋਇਆ ਹੈ। ਤੇ ਤਰ੍ਹਾਂ ਤਰ੍ਹਾਂ ਦੇ ਹੱਥ ਕੰਡੇ ਇਸਤੇਮਾਲ ਕਰ ਰਿਹਾ ਹੈ। ਉਹਨਾਂ ਬਹੁਤ ਤੇਜਸਵੀ ਲਹਿਜੇ ਕਿਹਾ ਕਿ ਦੁਸ਼ਮਣ ਦੇ ਹੱਥ ਕੰਡੇ ਕਾਮਯਾਬ ਨਹੀਂ ਹੋਣਗੇ। ਜੋ ਸਮਾਜ ਸਦੀਆਂ ਤੋ ਅਗਿਆਨਤਾ ਕਾਰਨ ਹਨੇਰੇ 'ਚ ਭਟਕ ਕੇ ਆਪਣਾ ਸੱਭ ਕੁਝ ਲੁਟਾਉਂਦਾ ਰਿਹਾ ਹੈ ਬਜ਼ੁਰਗਾਂ ਦੇ ਯਤਨਾਂ ਸਦਕਾ ਉਹ ਹੁਣ ਕਾਫੀ ਜਾਗਰੂਕ ਹੋ ਚੁੱਕਾ ਹੈ। ਮਹਾਤਮਾ ਜੋਤੀ ਬ ਫੂਲੇ ਨੇ ਇਸ ਸਮਾਜ ਵਿਚ ਗਿਆਨ ਦੇ ਬੀਜ ਬੀਜੇ ਜੋ ਅੱਗੇ ਜਾਕੇ ਪੂਰਨ ਰੂਪ ਵਿਚ ਵਧੇ ਫੁੱਲੇ। ਰਾਮਾ ਸੁਆਮੀ ਨਾਇਕਰ, ਸ਼ਾਹੂ ਜੀ ਮਹਾਰਾਜ ਅਤੇ ਅੰਬੇਡਕਰ ਨੇ ਇਸ ਦੁੱਖੀ ਸਮਾਜ ਨੂੰ ਤਰੱਕੀ ਦੇ ਰਾਹ ਵੱਲ ਮੋੜਨ ਲਈ ਪੂਰੀ ਜਿੰਦਗੀ ਸੰਘਰਸ਼ ਕੀਤਾ। ਅੱਜ ਬਹੁਜਨ ਸਮਾਜ ਦੀ ਜੋ ਸਥਿੱਤੀ ਬਣੀ ਹੈ ਉਹ ਬਜ਼ੁਰਗਾਂ ਦੀ ਦੇਣ ਹੈ। ਅੱਜ ਇਹ ਸਮਾਜ ਪੜ੍ਹ ਲਿਖ ਕੇ ਅੱਗੇ ਵਧ ਰਿਹਾ ਹੈ।



ਲਾਲ ਸਿੰਘ ਸੁਲਹਾਣੀ
91-98721-55120

ਉਹਨਾਂ ਅਗੇ ਬੋਲਦਿਆਂ ਕਿਹਾ ਕਿ ਸੱਭ ਬਰਾਹਮਣਵਾਦੀ ਪਾਰਟੀਆਂ ਬਹੁਜਨ ਸਮਾਜ ਦਾ ਹਿਤ ਨਹੀਂ ਚਾਹੁੰਦੀਆਂ। ਕਮਿਊਨਿਸਟ ਪਾਰਟੀਆਂ ਪਿਛਲੇ 65 ਸਾਲਾਂ ਤੋਂ ਦਲਿਤਾਂ ਨੂੰ ਉਪਰ ਉਠਾਉਣ ਦਾ ਰਾਗ ਅਲਾਪ ਰਹੀਆਂ ਹਨ। ਪਰੰਤੂ ਉਹ ਉਹਨਾਂ ਨੂੰ ਦੋ ਡੰਗ ਦੀ ਰੋਟੀ ਮੁਹੱਈਆ ਨਹੀਂ ਕਰਵਾ ਸਕੀਆਂ ਉਹਨਾਂ ਨੇ ਸਿਵਾਏ ਨਾਅਰੇ ਬਾਜੀ ਦੇ ਕੁੱਝ ਵੀ ਨਹੀਂ ਕੀਤਾ । ਉਹਨਾਂ ਨੇ ਦਾਅਵੇ ਨਾਲ ਕਿਹਾ ਕਿ ਸਾਡੇ ਹੱਥ ਸਤਾ ਆਉਣ ਤੇ ਪੰਜ ਸਾਲਾਂ ਦੇ ਅੰਦਰ ਅੰਦਰ ਇਸ ਦੇਸ਼ ਦੇ ਦੱਬੇ ਕੁਚਲੇ ਲੋਕਾਂ ਨੂੰ ਉਪਰ ਉਠਾ ਕੇ ਦਿਖਾਵਾਂਗੇ। ਉਹਨਾਂ ਨੇ ਦੱਬੇ ਕੁਚਲੇ ਲੋਕਾਂ ਦਾ ਧਨਵਾਦ ਕਰਦਿਆਂ ਕਿਹਾ ਕਿ ਦਲਿਤ ਸੋਸ਼ਿਤ ਸਮਾਜ ਦਾ ਫਾਇਦਾ ਆਪਸ ਵਿਚ ਲੜਨ ਝਗੜਨ ਵਿਚ ਨਹੀਂ ਸਗੋਂ ਇਕੱਠੇ ਵ ਹੋਣ ਵਿਚ ਹੈ। ਆਪਸ ਵਿਚ ਲੜਨ ਝਗੜਨ ਨਾਲ ਬਰਾਹਮਣ ਵਾਦੀਆਂ ਦਾ ਗੈਰ ਬਰਾਬਰੀ ਕਾਇਮ ਰੱਖਣ ਦਾ ਕੰਮ ਆਸਾਨ ਹੋ ਜਾਂਦਾ ਹੈ । ਜੋ ਵਰਣ ਵਿਵਸਥਾ ਤੇ ਜਾਤੀਵਾਦ ਦਾ ਪੂਰਕ ਹੈ। ਇਸ ਲਈ ਸਾਨੂੰ ਅੱਜ ਹੀ ਸਾਰੇ ਭੇਦ ਭਾਵ ਮਿਟਾ ਕੇ ਇਕੱਠੇ ਹੋਣ ਲਈ ਜੁਟ ਜਾਣਾ ਚਾਹੀਦਾ ਹੈ।

ਹੋਰਨਾਂ ਤੋ ਇਲਾਵਾ ਡਾਕਟਰ ਮੋਹਨ ਸਿੰਘ ਫ਼ਲੀਆਂ ਵਾਲਾ ਪਰਧਾਨ ਬਸਪਾ ਪੰਜਾਬ, ਸਤਨਾਮ ਸਿੰਘ ਕੈਂਥ ਪਰਧਾਨ ਯੂਥ ਵਿੰਗ ਬਸਪਾ ਪੰਜਾਬ, ਜਨਾਬ ਅਨਵਰ ਅਹਿਮਦ ( ਸਾਬਕਾ ਵਿਧਾਇਕ), ਮੁਖਤਿਆਰ ਸਿੰਘ ਸਦਰ ਜਨਰਲ ਸਕੱਤਰ ਬਸਪਾ ਹਰਿਆਣਾ, ਗੁਰਦੇਵ ਸਿੰਘ ਜ਼ਿਲ੍ਹਾ ਪਰਧਾਨ ਬਸਪਾ ਫਿਰੋਜ਼ਪੁਰ ਆਦਿ ਆਗੂਆਂ ਨੇ ਸੰਬੋਧਨ ਕੀਤਾ । ਸੀਨੀਅਰ ਬਸਪਾ ਆਗੂ ਬਾਪੂ ਤਾਰਾ ਸਿੰਘ ਸਮੇਤ ਹੋਰ ਬਸਪਾ ਆਗੂ ਮੰਚ ਤੇ ਸਸ਼ੋਭਤ ਸਨ। ਲਾਲ ਸਿੰਘ ਸੁਲਹਾਣੀ ਪਰਧਾਨ ਬਾਮਸੇਫ ਜ਼ਿਲ੍ਹਾ ਫਿਰੋਜ਼ਪੁਰ ਦੀ ਅਗਵਾਈ ਚ ਬਾਮਸੇਫ ਦੇ ਸਹਿਯੋਗ ਨਾਲ ਬਸਪਾ ਫਿਰੋਜ਼ਪੁਰ ਵਲੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਦਸ ਹਜਾਰ ਰੁਪਏ ਦੀ ਥੈਲੀ ਭੇਟ ਕੀਤੀ ਗਈ ।



15 ਅਗਸਤ 2001 ਬਸੰਤ ਵਿਹਾਰ ਜਲੰਧਰ ਸਾਹਿਬ ਕਾਂਸ਼ੀ ਰਾਮ ਜੀ ਦੇ ਰਿਹਾਇਸ਼ ਤੇ ਮੇਰੀ ਧੀ ਅਮਨਿੰਦਰ ਕੌਰ ਗੁਰਲਗਨ ਦਾ ਜਨਮ ਦਿਨ ਮਨਾਇਆ ਗਿਆ ਉਸ ਅਵਸਰ ਦੀਆਂ ਸਾਹਿਬ ਕਾਂਸ਼ੀ ਰਾਮ ਜੀ ਨਾਲ ਯਾਦਗਾਰੀ ਤਸਵੀਰਾਂ ਵਿਚ ਮੇਰੇ ਪਰਿਵਾਰ ਸਮੇਤ ਮਾਂਹਵਾਰੀ 'ਕੌਮੀ ਉਡਾਰੀਆਂ' ਮੈਗਜ਼ੀਨ (ਜਲੰਧਰ) ਦੇ ਮੁੱਖ ਸੰਪਾਦਕ ਮਾਣਯੋਗ ਸ੍ਰੀ ਸੀ. ਐਲ. ਚੁੰਬਰ ਜੀ ਦਾ ਪਰਿਵਾਰ ਹਾਜਰ ਸੀ। ਬਹੁਜਨ ਨਾਇਕ ਤੇ ਦਲਿਤਾਂ ਸੋਸ਼ਤਾਂ ਦੇ ਮਸੀਹਾ ਨੇ ਬੱਚੀ ਨੂੰ ਅਸ਼ੀਰਵਾਦ ਤੇ ਅਸੀਸਾਂ ਦਿਤੀਆਂ। ਉਨ੍ਹਾਂ ਨਾਲ ਮਾਣੇ ਖੁਸ਼ੀ ਦੇ ਇਤਿਹਾਸਕ ਤੇ ਮਾਣਮੱਤੇ ਪਲਾਂ ਦੀਆਂ ਕੁੱਝ ਯਾਦਾਂ ਦੀ ਸਾਂਝ ਪਾਉਂਦਿਆਂ ਮਾਣ ਮਹਿਸੂਸ ਕਰਦੇ ਹਾਂ।

– ਲਾਲ ਸਿੰਘ ਸੁਲਹਾਣੀ, ਸੂਬਾ ਜਰਨਲ ਸਕੱਤਰ, ਬਹੁਜਨ ਸਮਾਜ ਪਾਰਟੀ (ਪੰਜਾਬ)













# ਕੈਲੇਫੋਰਨੀਆ 'ਚ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ


























**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਅਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਦੀ ਪ੍ਰਧਾਨਗੀ ਹੇਠ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸਤਿਕਾਰ ਸ਼ਰਧਾ ਨਾਲ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ, ਯੂਬਾ ਸਿਟੀ ਕੈਲੇਫੋਰਨੀਆ ਵਿਖੇ ਮਨਾਇਆ ਗਿਆ। 31 ਅਕਤੂਬਰ ਨੂੰ ਸਵੇਰੇ ਯੋਗ ਵਸ਼ਿਸ਼ਟ ਸਾਹਿਬ ਦੇ ਪਾਠ ਰੱਖੇ ਗਏ ਤੇ ਉਪਰੰਤ ਸਮੂਹ ਸੰਗਤਾਂ ਵੱਲੋਂ ਸਤਿਗੁਰੂ ਵੱਲੋਂ ਬਖਸ਼ਿਸ਼ ਕੀਤੇ ਸੂਹੇ ਲਾਲ ਨਿਸ਼ਾਨ ਸਾਹਿਬ ਚੜ੍ਹਾਏ ਗਏ।

ਉਪਰੰਤ ਭੁਪਿੰਦਰ ਭਿੰਦਾ, ਅਸ਼ੋਕ ਕੁਮਾਰ, ਰਾਜ ਕੁਮਾਰ ਤੇ ਦੇਸ ਰਾਜ ਜੀ ਵੱਲੋਂ ਭਗਵਾਨ ਵਾਲਮੀਕ ਜੀ ਦੀ ਉਪਮਾ ਵਿਚ ਸ਼ਬਦ ਗਾਣ ਕੀਤਾ ਗਿਆ ਤੇ ਸਤਿਗੁਰੂ ਰਵਿਦਾਸ ਟੈਂਪਲ ਦੇ ਕੀਰਤਨੀ ਜਥੇ ਗੁਰਦਿਆਲ ਸਿੰਘ ਤੇ ਸਾਥੀ ਵੱਲੋਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ ਤੇ ਛੋਟੀ ਬੱਚੀ ਸਿਮਰਨ ਭਗਾਣੀ ਨੇ ਭਗਵਾਨ ਵਾਲਮੀਕ ਜੀ ਦੇ ਸ਼ਬਦ ਗਾਏ। ਸਵੇਰੇ ਤੋਂ ਸ਼ਾਮ ਤੱਕ ਲੰਗਰਾਂ ਦੀ ਅਤੁੱਟ ਸੇਵਾ ਚਲਦੀ ਰਹੀ। ਇਸ ਦਿਨ ਲੰਗਰਾਂ ਦੀ ਸੇਵਾ ਜਗਜੀਤ ਸਿੰਘ ਰਾਣਾ ਤੇ ਦੇਸ ਰਾਜ ਸ਼ੁੱਭ ਪਰਿਵਾਰ ਵੱਲੋਂ ਕੀਤੀ ਗਈ।

ਨਵੰਬਰ 1 ਐਤਵਾਰ ਨੂੰ ਸਵੇਰੇ ਯੋਗ ਵਸ਼ਿਸ਼ਟ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਆਰਤੀ ਅਰਦਾਸ ਕੀਤੀ ਗਈ। ਭੋਗ ਤੋਂ ਉਪਰੰਤ ਵੱਖ-ਵੱਖ ਬੁਲਾਰਿਆਂ ਫਤਿਹ ਸਿੰਘ, ਹਰਜੀਤ ਸਿੰਘ, ਕਰਮਜੀਤ ਸਿੰਘ ਬੈਂਸ, ਗੁਰਨਾਮ ਸਿੰਘ ਭੰਡਾਲ ਵੱਲੋਂ ਭਗਵਾਨ ਵਾਲਮੀਕ ਜੀ ਦੇ ਜੀਵਨ, ਸਿੱਖਿਆ ਬਾਰੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ। ਸਾਰੇ ਹੀ ਬੁਲਾਰਿਆਂ ਨੇ ਭਗਵਾਨ ਵਾਲਮੀਕ ਜੀ ਦੇ ਉਪਦੇਸ਼ ਤੇ ਡਾ. ਭੀਮ ਰਾਓ ਅੰ-ਬੇਡਕਰ ਸਾਹਿਬ ਜੀ ਦੇ ਦੱਸੇ ਰਾਹ ਅਨੁਸਾਰ ਪੜ੍ਹੋ, ਜੁੜੋ ਤੇ ਹੱਕ ਲਈ ਸੰਘਰਸ਼ ਕਰੋ ਦੀ ਗੱਲ ਉਪਰ ਪੂਰਾ ਜ਼ੋਰ ਦਿੱਤਾ। ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਪ੍ਰਗਟ ਦਿਨ ਦੀ ਖੁਸ਼ੀਆਂ ਵਿਚ ਸ਼ਾਮਲ ਹੋਏ ਨਵੇਂ ਪਰਿਵਾਰਾਂ ਦਾ, ਕਲਾਕਾਰਾਂ ਦਾ, ਵੱਖ-ਵੱਖ ਸਭਾਵਾਂ ਦਾ ਅਤੇ ਕੀਰਤਨੀ ਜਥਿਆਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਵੱਖ-ਵੱਖ ਕਲਾਕਾਰਾਂ ਅਮਰਜੀਤ ਸਿੰਘ ਲਾਲੀ, ਭੁਪਿੰਦਰ ਭਿੰਦਾ, ਰਾਜ ਕੁਮਾਰ, ਅਸ਼ੋਕ ਕੁਮਾਰ, ਸਿਮਰਨ ਭਗਾਣੀ, ਸਵਰਨ ਕੌਰ ਭਗਾਣੀ, ਲਤਾ ਸੌਂਧੀ, ਦੇਸ ਰਾਜ ਸ਼ੁੱਭ ਵੱਲੋਂ ਸ਼ਬਦ ਗਾਣ ਕੀਤਾ ਗਿਆ। ਗਿਆਨੀ ਗੁਰਦਿਆਲ ਸਿੰਘ ਜੀ ਦੇ ਜਥੇ ਵੱਲੋਂ ਕੀਰਤਨ ਨਾਲ ਸੰਗਤਾਂ ਨਾਲ ਸਾਂਝ ਪਾਈ ਗਈ। ਮਿਊਜ਼ਿਕ ਤੇ ਨਵੀ ਅਤੇ ਅਸ਼ੋਕ ਕੁਮਾਰ ਸੋਨੂੰ ਵੱਲੋਂ ਸਾਥ ਦਿੱਤਾ ਗਿਆ। ਸਾਰਾ ਦਿਨ ਲੰਗਰਾਂ ਦੀ ਅਤੁੱਟ ਸੇਵਾ ਚਲਦੀ ਰਹੀ। ਇਸ ਦਿਨ ਲੰਗਰਾਂ ਦੀ ਸੇਵਾ ਸ਼ਸ਼ੀ ਭਗਾਣੀਆਂ ਤੇ ਸਮੂਹ ਪਰਿਵਾਰ ਨੂੰ ਸ਼ਰਧਾ ਤੇ ਸਤਿਕਾਰ ਨਾਲ ਕੀਤੀ ਗਈ। ਸਭਾ ਵੱਲੋਂ ਲੰਗਰਾਂ ਦੀ ਸੇਵਾ ਕਰਨ ਵਾਲੇ ਪਰਿਵਾਰਾਂ ਦਾ ਵੀ ਸਿਰੋਪਿਆਂ ਨਾਲ ਸਨਮਾਨ ਕੀਤਾ ਗਿਆ। ਸਾਰੇ ਪ੍ਰੋਗਰਾਮ ਦੌਰਾਨ ਸਟੇਜ ਦੀ ਕਾਰਵਾਈ ਬਲਵੀਰ ਸਿੰਘ ਧਾਰੀਵਾਲ (ਸੋਨੀ) ਵੱਲੋਂ ਨਿਭਾਈ ਗਈ। ਪ੍ਰੋਗਰਾਮ ਦੇ ਅੰਤ ਵਿਚ ਆਈਆਂ ਸੰਗਤਾਂ ਦਾ ਧੰਨਵਾਦ ਪ੍ਰਧਾਨ ਪ੍ਰੇਮ ਸੌਂਧੀ ਜੀ ਵੱਲੋਂ ਕੀਤਾ ਗਿਆ। ਪ੍ਰੈਸ ਨੂੰ ਇਹ ਸਾਰੀ ਜਾਣਕਾਰੀ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।

ਅਦਾਰਾ 'ਦੇਸ਼ ਦੁਆਬਾ' ਵੱਲੋਂ ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀਆਂ ਲੱਖ-ਲੱਖ ਵਧਾਈਆਂ।

# ਕੈਲੇਫੋਰਨੀਆ 'ਚ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ






























# ਕੈਲੇਫੋਰਨੀਆ 'ਚ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ










# ਲੋਹੀਆਂ ਖਾਸ 'ਚ ਮਨਾਇਆ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ











**ਲੋਹੀਆਂ ਖਾਸ (ਬਿਊਰੋ)–** ਵਾਰਡ ਨੰਬਰ 12 ਲੋਹੀਆਂ ਖਾਸ ਦੀ ਭਗਵਾਨ ਵਾਲਮੀਕ ਮੰਦਰ ਕਮੇਟੀ ਵੱਲੋਂ ਪ੍ਰਧਾਨ ਅਜੈ ਕੁਮਾਰ ਸਹੋਤਾ ਤੇ ਸਕੱਤਰ ਹਰਮੇਸ਼ ਲਾਲ ਦੀ ਅਗਵਾਈ ਵਿਚ ਸਮੂਹ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਪਿਆਰ ਅਤੇ ਸਤਿਕਾਰ ਸਹਿਤ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ ਗਿਆ। ਵੀਰਵਾਰ ਨੂੰ ਸਵੇਰੇ ਸ੍ਰੀ ਯੋਗ ਵਸ਼ਿਸ਼ਟ ਸਾਹਿਬ ਦੇ ਪਾਠ ਰੱਖੇ ਗਏ।

ਤਿੰਨ ਦਿਨਾਂ ਦੀ ਅਖੰਡ ਪਾਠ ਦਾ ਭੋਗ 31 ਅਕਤੂਬਰ 2020 ਦਿਨ ਸ਼ਨਿਚਰਵਾਰ ਨੂੰ ਪਾਇਆ ਗਿਆ। ਵਾਰਡ ਨੰਬਰ 12 ਤੋਂ ਇਲਾਵਾ ਸ਼ਹਿਰ ਦੇ ਹੋਰ ਵਾਰਡਾਂ 'ਚੋਂ ਵੀ ਸੰਗਤਾਂ ਨੇ ਸ਼ਿਰਕਤ ਕੀਤੀ। ਤਿੰਨੇ ਦਿਨ ਹੀ ਲੰਗਰਾਂ ਦੀ ਅਤੁੱਟ ਸੇਵਾ ਚਲਦੀ ਰਹੀ। ਸੰਗਤਾਂ ਦੇ ਸਹਿਯੋਗ ਨਾਲ ਇਸ ਸਾਲ ਪਹਿਲੀ ਵਾਰ ਇਕ ਨਵੰਬਰ 2020 ਦੀ ਰਾਤ ਨੂੰ 7 ਵਜੇ ਤੋਂ ਇਕ ਵਜੇ ਤੱਕ ਸਤਿਸੰਗ ਕਰਵਾਇਆ ਗਿਆ। ਸਤਿਸੰਗ ਦੀ ਸ਼ੁਰੂਆਤ ਧੰਨ ਧੰਨ ਸ੍ਰੀ ਗੁਰੂ ਗਿਆਨ ਨਾਥ ਜੀ ਦੇ ਚਰਨ ਸੇਵਕ, ਕਲਾਰਾਂ ਵਾਲੇ ਸੰਤ ਸੇਵਕ ਨਾਥ ਜੀ ਵੱਲੋਂ ਕੀਤੀ ਗਈ।

ਸੰਤ ਸੇਵਕ ਨਾਥ ਜੀ ਵੱਲੋਂ ਸੰਗਤਾਂ ਨੂੰ ਸਤਿਸੰਗ ਕਰਕੇ ਗੁਰੂ ਵਾਲਮੀਕ ਜੀ ਦੇਜੀਵਨ ਤੇ ਸਿੱਖਿਆ ਬਾਰੇ ਸਿੱਖਿਅਤ ਕੀਤਾ ਗਿਆ। ਉਹਨਾਂ ਤੋਂ ਬਾਅਦ ਸਤਨਾਮ ਸਿੰਘ ਜੀ ਚਿਮਟਿਆਂ ਵਾਲਿਆਂ ਤੇ ਉਹਨਾਂ ਦੇ ਜਥੇ ਵੱਲੋਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ। ਸਤਿਸੰਗ ਦੌਰਾਨ ਸ਼ਹਿਰ ਤੋਂ ਇਲਾਵਾ ਨੇੜਲੇ ਪਿੰਡਾਂ 8ਚੋਂ ਵੀ ਸੰਗਤਾਂ ਨੇ ਸ਼ਰਧਾ ਨਾਲ ਹਾਜ਼ਰੀ ਲਗਵਾਈ।

ਸਤਿਸੰਗ ਵਿਚ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਨੇ ਵੀ ਹਾਜ਼ਰੀ ਲਗਵਾਈ। ਉਹਨਾਂ ਦੇ ਨਾਲ ਤੀਰਥ ਸਿੰਘ ਕੰਗ, ਚੇਅਰਮੈਨ ਮਾਰਕੀਟ ਕਮੇਟੀ ਲੋ-ਹੀਆਂ, ਰਾਜ ਕੁਮਾਰ (ਰਾਜੀ) ਸਾਬਕਾ ਪ੍ਰਧਾਨ ਨਗਰ ਕੌਂਸਲ ਲੋਹੀਆਂ, ਹੀਰਾ ਲਾਲ ਠੇਕੇਦਾਰ, ਮਨਜੀਤ ਸਿੰਘ ਪੱਤਰਕਾਰ, ਲੱਡਾ (ਸਾਰੇ ਐਮ. ਸੀ. ਸਾਹਿਬਾਨ) ਤੇ ਵਾਰਡ ਨੰਬਰ 9 ਦੀ ਵਾਲਮੀਕ ਮੰਦਰ ਕਮੇਟੀ, ਪ੍ਰਧਾਨ ਹਰਜਿੰਦਰ ਸਿੰਘ ਜਿੰਦਾ ਦੀ ਅਗਵਾਈ 'ਚ ਸਾਰੀ ਕਮੇਟੀ ਨੇ ਹਾਜ਼ਰੀ ਲਗਵਾਈ। ਉਹਨਾਂ ਸਾਰੇ ਪ੍ਰੋਗਰਾਮਾਂ ਦੌਰਾਨ ਲੰਗਰਾਂ ਦੀ ਅਤੁੱਟ ਸੇਵਾ ਚਲਦੀ ਰਹੀ। ਹਰ ਸਾਲ ਦੀ ਤਰ੍ਹਾਂ ਇਸ ਸਾਰੇ ਪ੍ਰੋਗਰਾਮ ਦੌਰਾਨ ਲੰਗਰਾਂ ਦੀ ਸੇਵਾ (ਇਸੇ ਵਾਰਡ ਦੇ ਨਿਵਾਸੀ) ਮਾਸਟਰ ਸੰਤੋਖ ਸਿੰਘ ਗਿੱਲ ਤੇ ਸਮੂਹ ਪਰਿਵਾਰ (ਅਮਰੀਕਾ ਤੋਂ) ਵੱਲੋਂ ਕੀਤੀ ਗਈ ਅਤੇ ਪਾਠੀਆਂ ਦੀ ਸੇਵਾ ਹਰਜਿੰਦਰ ਸਿੰਘ ਗਿੱਲ ਪੁੱਤਰ ਗੁਰਦੇਵ ਸਿੰਘ ਗਿੱਲ ਵੱਲੋਂ ਕੀਤੀ ਗਈ।

ਪ੍ਰੈਸ ਨੂੰ ਇਹ ਜਾਣਕਾਰੀ ਪ੍ਰਧਾਨ ਅਜੈ ਸਹੋਤਾ ਤੇ ਸਕੱਤਰ ਹਰਮੇਸ਼ ਲਾਲ ਨਾਹਰ ਵੱਲੋਂ ਦਿੱਤੀ ਗਈ। ਸਾਬਕਾ ਮੰਤਰੀ/ ਜ਼ਿਲ੍ਹਾ ਜਥੇਦਾਰ ਸਵਰਗੀ ਅਜੀਤ ਸਿੰਘ ਕੋਹਾੜ ਦੇ ਪੋਤਰੇ ਸ. ਬਚਿੱਤਰ ਸਿੰਘ ਕੋਹਾੜ ਨੇ ਵੀ ਸਤਸੰਗ ਵਿਚ ਹਾਜ਼ਰੀ ਲਗਵਾਈ।


ਅਦਾਰਾ 'ਦੇਸ਼ ਦੁਆਬਾ' ਵੱਲੋਂ ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀਆਂ ਲੱਖ-ਲੱਖ ਵਧਾਈਆਂ।

# ਭਗਵਾਨ ਵਾਲਮੀਕਿ ਜਯੰਤੀ ਮੌਕੇ ਪਿੰਡ ਢੱਕ ਪੰਡੋਰੀ ਵਿਖੇ ਦਿਖਾਇਆ ਗਿਆ ਮੁੱਖ ਮੰਤਰੀ ਪੰਜਾਬ ਦਾ ਲਾਈਵ ਸੰਦੇਸ਼

**ਫਗਵਾੜਾ (ਬੀ.ਕੇ.ਰੱਤੂ)** ਪੰਜਾਬ ਸਰਕਾਰ ਵਲੋਂ ਭਗਵਾਨ ਵਾਲਮੀਕਿ ਜੀ ਦੀ ਜਯੰਤੀ ਮੌਕੇ ਅੰਮ੍ਰਿਤਸਰ ਦੇ ਭਗਵਾਨ ਵਾਲਮੀਕਿ ਤੀਰਥ ਆਸ਼ਰਮ ਵਿਖੇ ਆਯੋਜਿਤ ਸਮਾਗਮ ਦੌਰਾਨ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵਲੋਂ ਦਿੱਤਾ ਗਿਆ ਸੰਦੇਸ਼ ਫਗਵਾੜਾ ਬਲਾਕ ਦੇ ਪਿੰਡ ਢੱਕ ਪੰਡੋਰੀ ਸਥਿਤ ਸਰਕਾਰੀ ਹਾਈ ਸਕੂਲ ਵਿਖੇ ਬੀ.ਡੀ.ਪੀ.ਓ. ਸੁਖਦੇਵ ਸਿੰਘ ਦੀ ਅਗਵਾਈ ਅਤੇ ਪੰਚਾਇਤ ਸੱਕਤਰ ਮਲਕੀਤ ਚੰਦ ਤੇ ਪੰਚਾਇਤ ਅਫਸਰ ਸੰਤੋਖ ਸਿੰਘ ਦੀ ਦੇਖਰੇਖ ਹੇਠ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਸਿੱਧੇ ਪ੍ਰਸਾਰਣ ਵਜੋਂ ਐਲ.ਈ.ਡੀ.



ਸਕ੍ਰੀਨ ਲਗਾ ਕੇ ਦਿਖਾਇਆ ਗਿਆ। ਇਸ ਮੌਕੇ ਮਾਰਕਿਟ ਕਮੇਟੀ ਫਗਵਾੜਾ ਦੇ ਉਪ ਚੇਅਰਮੈਨ ਜਗਜੀਵਨ ਲਾਲ ਲੱਡੂ ਸਰਪੰਚ ਖਲਵਾੜਾ ਕਲੋਨੀ ਅਤੇ ਬਲਾਕ ਸੰਮਤੀ ਮੈਂਬਰ ਰੂਪ ਲਾਲ ਢੱਕ ਪੰਡੋਰੀ ਵਿਸ਼ੇਸ਼ ਤੌਰ ਤੇ ਪੁੱਜੇ। ਉਹਨਾਂ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਕੋਵਿਡ-19 ਕੋਰੋਨਾ ਮਹਾਮਾਰੀ ਕਾਰਨ ਜਿਆਦਾ ਗਿਣਤੀ ਵਿਚ ਸੰਗਤਾਂ ਦਾ ਭਗਵਾਨ ਵਾਲਮੀਕਿ ਤੀਰਥ ਅੰਮ੍ਰਿਤਸਰ ਪਹੁੰਚਣਾ ਮੁਸ਼ਕਲ ਸੀ ਜਿਸ ਕਰਕੇ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਲੋਂ ਇਹ ਫੈਸਲਾ ਲਿਆ ਗਿਆ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ। ਉਹਨਾਂ ਸਮੂਹ ਹਾਜਰੀਨ ਨੂੰ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੀ ਵਧਾਈ ਦਿੱਤੀ ਅਤੇ ਉਹਨਾਂ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਆ। ਇਸ ਮੌਕੇ ਸਰਪੰਚ ਬੀਬੀ ਸੁਰਜੀਤ ਕੌਰ, ਸਕੂਲ ਇੰਚਾਰਜ ਯਾਦਵਿੰਦਰ ਸਿੰਘ ਤੋਂ ਇਲਾਵਾ ਪੰਚਾਇਤ ਮੈਂਬਰ ਅਤੇ ਪਿੰਡ ਦੇ ਪਤਵੰਤੇ ਵੱਡੀ ਗਿਣਤੀ ਵਿਚ ਹਾਜਰ ਸਨ।



ਦਰਵੇਸ਼ ਪਿੰਡ ਵਿੱਚ ਭਗਵਾਨ ਵਾਲਮੀਕਿ ਮਹਾਰਾਜ ਜੀ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਨਗਰ ਕੀਰਤਨ ਸਜਾਏ ਗਏ।

# ਔਕਲੈਂਡ 'ਚ ਲੁਧਿਆਣਾ ਦੇ 30 ਤੋਂ ਵੱਧ ਜੋੜਿਆਂ ਨੇ ਆਪਣੀ ਜਾਣ-ਪਹਿਚਾਣ ਸਾਂਝੀ ਕਰਦਿਆਂ ਬਣਾਇਆ ਨਵਾਂ ਪਰਿਵਾਰ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**--ਕਹਿੰਦੇ ਨੇ ਜੇਕਰ ਸਾਰਾ ਕੁਝ ਸੰਪੂਰਨ ਹੁੰਦਾ ਤਾਂ ਤੁਸੀਂ ਕੁਝ ਨਹੀਂ ਸਿੱਖ ਸਕਦੇ ਸੀ ਅਤੇ ਨਾ ਹੀ ਹੋਰ ਵਿਕਾਸ ਕਰ ਸਕਦੇ ਸੀ। ਜੀਵਨ ਦੀ ਸਭ ਤੋਂ ਵਧੀਆ ਗੱਲ ਇਹ ਹੈ ਕਿ ਤੁਸੀਂ ਇਕ ਦੂਜੇ ਦੇ ਜੀਵਨ ਨਾਲ ਮੇਲ-ਜੋਲ ਰੱਖੋ। ਜੀਵਨ ਇਕ ਸਾਈਕਲ ਵਾਂਗ ਹੈ ਅਤੇ ਸੰਤੁਲਿਨ ਬਣਾ ਕੇ ਚਲਦੇ ਰਹਿਣਾ ਹੀ ਜੀਵਨ ਹੈ। ਰਿਜਕਾਂ ਦੀ ਭਾਲ ਵਿਚ ਪਹੁੰਚੇ ਪੰਜਾਬੀ ਰੁਜ਼ਗਾਰ ਵਾਲੇ ਗੱਡੇ ਰੁੜ ਪੈਣ 'ਤੇ ਫਿਰ ਯਾਦਾਂ ਦੇ ਯਾਤਰੂਆਂ ਸਹਾਰੇ ਰੱਖੀਆਂ ਪੰਜਾਬੀ ਵਿਰਸੇ ਦੀਆਂ ਪੰਡਾਂ ਹੌਲੀ-ਹੌਲੀ ਖੋਲ੍ਹਣੀਆਂ ਵੀ ਸ਼ੁਰੂ ਕਰ ਦਿੰਦੇ ਹਨ। ਨਿਊਜ਼ੀਲੈਂਡ 'ਚ ਪੰਜਾਬ ਦੀ ਰਾਜਧਾਨੀ ਲੁਧਿਆਣਾ ਤੋਂ ਪਹੁੰਚੇ ਸ. ਹਰਦੀਪ ਸਿੰਘ ਗਿੱਲ (ਡਿਸਕਾਊਂਟ ਬਿਨ ਵਾਲੇ) ਦੇ ਉਦਮ ਸਦਕਾ ਇਥੇ ਲੁਧਿਆਣਾ ਫੈਮਿਲੀ ਗਰੁੱਪ ਪੰਜ ਸਾਲ ਪਹਿਲਾਂ ਹੋਂਦ ਵਿਚ ਆਇਆ ਸੀ। ਅੱਜ ਪੰਜਵੇਂ ਸਾਲ ਦੀ ਸਾਲਗਿਰਾ ਉਤੇ ਇਸ ਗਰੁੱਪ ਵੱਲੋਂ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਕੁਝ ਹੋਰ ਨਵੇਂ ਜੋੜਿਆਂ ਨੂੰ ਸ਼ਾਮਿਲ ਕਰਦਿਆਂ ਆਪਣਾ ਪ੍ਰਦੇਸੀ ਵਸਦਾ ਨਵਾਂ ਪਰਿਵਾਰ ਹੋਰ ਵੱਡਾ ਕਰ ਲਿਆ। ਲਗਪਗ 30 ਤੋਂ ਵੱਧ ਜੋੜੇ ਜਿਸ ਦੇ ਵਿਚ ਮਾਤਾ-ਪਿਤਾ, ਪੁੱਤ-ਨੂੰਹ ਅਤੇ ਧੀ-ਜਵਾਈ ਸ਼ਾਮਿਲ ਹੋਏ।

ਸ. ਹਰਦੀਪ ਸਿੰਘ ਗਿੱਲ ਨੇ ਆਏ ਸਾਰੇ ਜੋੜਿਆਂ ਨੂੰ 'ਜੀ ਆਇਆਂ' ਆਖਿਆ। ਰੇਡੀਓ ਪੇਸ਼ਕਾਰ ਸ. ਸ਼ਰਨਜੀਤ ਸਿੰਘ ਨੇ ਮਾਈਕ ਸੰਭਾਲਦਿਆਂ ਮਨੋਰੰਜਨ ਨੁਮਾ ਮਾਹੌਲ ਬਣਾਈ ਰੱਖਿਆ। ਹਰ ਇਕ ਨੇ ਆਪਣੇ ਬਾਰੇ ਜਾਣ-ਪਹਿਚਾਣ ਕਰਵਾਉਂਦਿਆਂ ਆਪਣੇ ਪੇਕੇ ਅਤੇ ਸਹੁਰੇ ਪਿੰਡ ਬਾਰੇ ਗੱਲਬਾਤ ਕੀਤੀ ਅਤੇ ਕਈ ਵਾਰ ਗੱਲਾਂ-ਗੱਲਾਂ ਦੇ ਵਿਚ ਠਹਾਕੇ ਲੱਗੇ। ਜਿਸ ਨੂੰ ਜੋ ਆਉਂਦਾ ਸੀ ਉਸਨੇ ਉਹ ਸੁਣਾ ਕੇ ਪੂਰੇ ਮਾਹੌਲ ਨੂੰ ਹੋਰ ਖੁਸ਼ਗਵਾਰ ਬਣਾਇਆ। ਡਾ. ਮਨਕਰਨ ਸਿੰਘ ਸੰਧੂ ਦੇ ਪਿਤਾ ਸ. ਰਜਿੰਦਰ ਸਿੰਘ ਨੇ ਪੰਜਾਬੀ ਲੋਕ ਗੀਤਾਂ ਨੂੰ ਹੂ ਬ ਹੂ ਸੁਣਾ ਕੇ ਤਵਿਆਂ ਵਾਲਾ ਪੁਰਾਣਾ ਸਮਾਂ ਯਾਦ ਕਰਵਾ ਦਿੱਤਾ। ਸ. ਜਗਦੀਪ ਸਿੰਘ ਮਾਲਵਾ ਕਲੱਬ



ਵਾਲਿਆਂ ਆ ਰਹੇ ਪੰਜਾਬੀ ਭਾਸ਼ਾ ਹਫਤੇ ਨੂੰ ਸਮਰਪਿਤ ਇਕ ਕਵਿਤਾ 'ਮੈਂ ਬੋਲੀ ਤੇਰੇ ਪੁਰਖਾਂ ਦੀ, ਮੈਨੂੰ ਬੋਲਾਂ ਵਿਚ ਸ਼ਿੰਗਾਰ' ਬਹੁਤ ਹੀ ਖੂਬਸੂਰਤੀ ਨਾਲ ਪੇਸ਼ ਕੀਤੀ। ਸ. ਅਮਰਜੀਤ ਸਿੰਘ ਲੱਖਾ ਨੇ ਵੀ ਆਪਣੀ ਬਹੁਤ ਸੋਹਣੀ ਰਚਨਾ ਪੇਸ਼ ਕੀਤੀ। ਸ. ਅਜਮੇਰ ਸਿੰਘ ਵਿਰਦੀ ਨੇ ਵੀ ਢੁੱਕਵੇਂ ਮਾਹੌਲ ਉਤੇ ਗੀਤ ਪੇਸ਼ ਕੀਤਾ। ਇਸ ਪੱਤਰਕਾਰ ਨੇ ਵੀ ਮਾਂ ਨੂੰ ਸਮਰਪਿਤ ਇਕ ਖੂਬਸੂਰਤ ਰਚਨਾ ਪੇਸ਼ ਕੀਤੀ। ਕੁਝ ਹੋਰ ਆਏ ਮਹਿਮਾਨਾਂ ਨੇ ਵੀ ਕੁਝ ਨਾ ਕੁਝ ਸੁਣਾਇਆ।

ਬੀਬੀਆਂ ਨੇ ਤੰਬੋਲਾ ਖੇਡ ਦੇ ਵਿਚ ਸਾਰਿਆਂ ਨੂੰ ਸ਼ਾਮਿਲ ਕਰਕੇ ਰੌਣਕ ਲਾਈ। ਲੁਧਿਆਣਾ ਦਾ ਮਸ਼ਹੂਰ ਸੁਨੀਲ ਅਗਰਵਾਲ ਪਰਿਵਾਰ (ਭੱਠੇ ਵਾਲੇ), ਪਹਿਲੀ ਵਾਰ ਇਸ ਫੈਮਿਲੀ ਗਰੁੱਪ ਦਾ ਨਵਾਂ ਮੈਂਬਰ ਬਣਿਆ। ਇਸ ਤੋਂ ਇਲਾਵਾ ਕੁਝ ਹੋਰ ਨਵੇਂ ਮੈਂਬਰ ਵੀ ਸ਼ਾਮਿਲ ਹੋਏ। ਮਾਨ-ਸਨਮਾਨ ਦਾ ਦੌਰ ਵੀ ਚੱਲਿਆ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਬਹੁਤ ਸਾਰੇ ਆਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ।

ਪ੍ਰੋਗਰਾਮ ਦੀ ਸਫਲਤਾ ਨੂੰ ਵੇਖਦਿਆਂ ਅਗਲਾ ਪ੍ਰੋਗਰਾਮ ਇਸ ਤੋਂ ਵੱਡਾ ਕਰਨ ਦਾ ਐਲਾਨ ਕੀਤਾ ਗਿਆ ਅਤੇ ਲੁਧਿਆਣਾ ਫੈਮਿਲੀ ਗਰੁੱਪ ਆਉਣ ਵਾਲਾ ਆਪਣਾ ਸਮਾਗਮ ਇਕ ਦਿਨਾਂ ਕਰੂਜ਼ ਦੇ ਵਿਚ ਕਰਨ ਦਾ ਪ੍ਰਬੰਧ ਕਰੇਗਾ। ਚਾਵਲਾ ਰੈਸਟੋਰੈਂਟ ਵਾਲੇ ਸ. ਜਸਪ੍ਰੀਤ ਸਿੰਘ ਹੋਰਾਂ ਦਾ ਲਾਜ਼ੀਜ ਖਾਣੇ ਦੇ ਲਈ ਧੰਨਵਾਦ ਕੀਤਾ ਗਿਆ। ਸ. ਮਨਜੀਤ ਸਿੰਘ ਬਿੱਲਾ ਹੋਰਾਂ ਆਪਣੇ ਨਵੇਂ ਕੈਮਰੇ ਦੀ ਚੱਠ ਕਰਦਿਆਂ ਖਾਸ ਤੌਰ 'ਤੇ ਬਣਾਏ ਗਏ ਲੁਧਿਆਣਾ ਦੇ ਘੰਟਾਘਰ ਮੂਹਰੇ ਸਾਰਿਆਂ ਦੀਆਂ ਤਸਵੀਰਾਂ ਲਈਆਂ। ਅੰਤ ਦੇ ਵਿਚ ਪਹੁੰਚੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਜੰਤਰ-ਮੰਤਰ ਧਰਨੇ 'ਤੇ ਇਕੱਠੇ ਹੋਏ ਸੀ ਐੱਮ ਅਮਰਿੰਦਰ ਸਿੰਘ ਤੇ ਨਵਜੋਤ ਸਿੰਘ ਸਿੱਧੂ

**ਨਵੀਂ ਦਿੱਲੀ–** ਪੰਜਾਬ 'ਚ ਭਾਰੀ ਬਿਜਲੀ ਕਟੌਤੀ ਦੌਰਾਨ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅੱਜ ਦਿੱਲੀ ਦੇ ਜੰਤਰ-ਮੰਤਰ 'ਤੇ ਧਰਨਾ ਦੇ ਰਹੇ ਹਨ। ਉਨ੍ਹਾਂ ਨਾਲ ਪੰਜਾਬ ਸਰਕਾਰ ਦੇ ਕਈ ਮੰਤਰੀ ਤੇ ਵਿਧਾਇਕ ਵੀ ਜੰਤਰ-ਮੰਤਰ 'ਤੇ ਧਰਨਾ ਦੇ ਰਹੇ ਹਨ। ਇਹ ਵਿਰੋਧ ਪ੍ਰਦਰਸ਼ਨ ਸੰਸਦ ਵੱਲੋਂ ਹਾਲ ਹੀ 'ਚ ਬਣਾਏ ਤਿੰਨ ਕਿਸਾਨ ਬਿੱਲਾਂ ਖ਼ਿਲਾਫ਼ ਹੈ। ਇਸ ਦੌਰਾਨ ਉਹ ਪੰਜਾਬ ਦੇ ਬਿਜਲੀ ਸੰਕਟ ਨਾਲ ਮਾਲਗੱਡੀਆਂ ਦੀ ਆਵਾਜਾਈ ਤੇ ਜ਼ਰੂਰੀ ਚੀਜ਼ਾਂ ਦੀ ਸਥਿਤੀ ਬਾਰੇ ਪੂਰੀ ਜਾਣਕਾਰੀ ਵੀ ਮੁਹੱਈਆ ਕਰਵਾਉਣਗੇ।



### ਪੰਜਾਬ 'ਚ ਬਿਜਲੀ ਸੰਕਟ ਦਾ ਖ਼ਤਰਾ

ਪਿਛਲੇ ਮਹੀਨੇ ਤੋਂ ਸੰਸਦ ਵੱਲੋਂ ਪਾਸ ਕੀਤੇ ਖੇਤੀ ਬਿੱਲਾਂ ਖ਼ਿਲਾਫ਼ ਪੂਰੇ ਪੰਜਾਬ 'ਚ ਕਿਸਾਨਾਂ ਦਾ ਵਿਰੋਧ ਪ੍ਰਦਰਸ਼ਨ ਜਾਰੀ ਹੈ ਤੇ ਪੰਜਾਬ ਸਰਕਾਰ ਵੀ ਸਮਰਥਨ ਦੇ ਰਹੀ ਹੈ। ਪੰਜਾਬ 'ਚ ਕਿਸਾਨਾਂ ਦੇ ਧਰਨਿਆਂ ਦੀ ਵਜ੍ਹਾ ਨਾਲ ਮਾਲਗੱਡੀਆਂ ਦੀ ਆਵਾਜਾਈ ਪ੍ਰਭਾਵਿਤ ਹੋਈ ਹੈ, ਜਿਸ ਨਾਲ ਸੂਬੇ ਦੇ 5 ਥਰਮਲ ਪਲਾਂਟਾਂ 'ਚ ਕੋਲੇ ਦੀ ਕਮੀ ਦੀ ਵਜ੍ਹਾ ਨਾਲ ਬਿਜਲੀ ਉਤਪਾਦਨ ਵੀ ਰੁਕ ਗਿਆ ਹੈ। ਇਸ ਨਾਲ ਹੁਣ ਬਿਜਲੀ ਸੰਕਟ ਪੈਦਾ ਹੋ ਗਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਸਾਰਿਆਂ ਮੁੱਦਿਆਂ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੂਬੇ ਦੇ ਸਾਰੇ ਵਿਧਾਇਕਾਂ ਨਾਲ ਦਿੱਲੀ 'ਚ ਰਾਸ਼ਟਰਪਤੀ ਰਾਮਨਾਥ ਕੋਵਿੰਦ ਨਾਲ ਮਿਲਣਾ ਚਾਹੁੰਦੇ ਸਨ ਪਰ ਮੁਲਾਕਾਤ ਲਈ ਰਾਸ਼ਟਰਪਤੀ ਵੱਲੋਂ ਸਮਾਂ ਨਹੀਂ ਦਿੱਤਾ ਗਿਆ। ਇਸ ਤੋਂ ਨਰਾਜ਼ ਕੈਪਟਨ ਅਮਰਿੰਦਰ ਸਿੰਘ ਨੇ ਸਾਰੇ ਵਿਧਾਇਕਾਂ ਨਾਲ ਧਰਨੇ 'ਤੇ ਬੈਠਣ ਦੀ ਗੱਲ ਕਹੀ ਹੈ।

### ਪੰਜਾਬ 'ਚ ਬਲੈਕ ਆਊਟ ਦਾ ਖ਼ਤਰਾ

ਇਨ੍ਹੀਂ ਦਿਨੀਂ ਪੂਰੇ ਪੰਜਾਬ 'ਚੇ ਤਿੰਨ ਤੋਂ ਚਾਰ ਘੰਟੇ ਤਰ ਬਿਜਲੀ ਦੀ ਕਟੌਤੀ ਹੋ ਰਹੀ ਹੈ। ਇਸ ਦੇ ਨਾਲ ਹੀ ਸੂਬੇ 'ਚ ਖ਼ਾਧ ਦੀ ਵੀ ਕਿੱਲਤ ਹੋਣ ਲੱਗੀ ਹੈ, ਨਾਲ ਹੀ ਉਦਯੋਗਾਂ 'ਚ ਸਮਾਨ ਦਾ ਸਟਾਕ ਵਧਣ ਲੱਗਿਆ ਹੈ।

# ਰਿਪਬਲਿਕ ਟੀਵੀ ਦੇ ਅਰਨਬ ਗੋਸਵਾਮੀ ਗ੍ਰਿਫ਼ਤਾਰ

**ਮੁੰਬਈ–** ਰਿਪਬਲਿਕ ਟੀਵੀ ਦੇ ਸੰਪਾਦਕ ਅਰਨਬ ਗੋਸਵਾਮੀ ਨੂੰ ਮੁੰਬਈ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਉੱਤੇ ਇੱਕ ਆਤਮ ਹੱਤਿਆ ਮਾਮਲੇ ਵਿਚ ਵਿਅਕਤੀ ਨੂੰ ਉਕਸਾਉਣ ਦਾ ਇਲਜ਼ਾਮ ਲਾਇਆ ਗਿਆ ਹੈ। ਅਰਨਬ ਗੋਸਵਾਮੀ ਨੂੰ ਬਾਅਦ ਦੁਪਹਿਰ 2 ਵਜੇ ਰਾਏਗੜ੍ਹ ਦੀ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਐਨਸੀਪੀ ਦੇ ਮੁੱਖ ਦਫ਼ਤਰ ਵਿਚ 11 ਵਜੇ ਪ੍ਰੈਸ ਕਾਨਫਰੰਸ ਕਰਕੇ ਇਸ ਮਾਮਲੇ ਬਾਰੇ ਜਾਣਕਾਰੀ ਦੇਣਗੇ। ਇਸ ਤੋਂ ਪਹਿਲਾਂ ਮਿਲੀ ਜਾਣਕਾਰੀ ਮੁਤਾਬਕ ਸਵੇਰੇ ਮੁੰਬਈ ਪੁਲਿਸ ਰਿਪਬਲਿਕ ਟੀਵੀ ਦੇ ਸੰਪਾਦਕ ਅਰਨਬ ਗੋਸਵਾਮੀ ਦੇ ਘਰ ਪਹੁੰਚੀ ਅਤੇ ਉਨ੍ਹਾਂ ਨੂੰ ਵੈਨ ਵਿੱਚ ਬਿਠਾ ਕੇ ਆਪਣੇ ਨਾਲ ਲੈ ਗਈ। ਅਰਨਬ ਗੋਸਵਾਮੀ ਨੇ ਇਲਜ਼ਾਮ ਲਾਇਆ ਹੈ ਕਿ ਮੁੰਬਈ ਪੁਲਿਸ ਨੇ ਉਨ੍ਹਾਂ ਨਾਲ, ਉਨ੍ਹਾਂ ਦੀ ਪਤਨੀ, ਪੁੱਤਰ ਅਤੇ ਸੱਸ-ਸਹੁਰੇ ਨਾਲ ਹੱਥੋਪਾਈ ਕੀਤੀ।



ਮੁੰਬਈ ਪੁਲਿਸ ਨੇ ਰਿਪਬਲਿਕ ਟੀਵੀ ਦੇ ਸੰਪਾਦਕ ਅਰਨਬ ਗੋਸਵਾਮੀ ਨੂੰ 2018 'ਚ ਇੰਟੀਰੀਅਰ ਡਿਜ਼ਾਇਨਰ ਅਨਵੇ ਨਾਇਕ ਤੇ ਉਸ ਦੀ ਮਾਂ ਕੁਮੁਦ ਨਾਇਕ ਦੀ ਮੌਤ ਦੇ ਮਾਮਲੇ 'ਚ ਹਿਰਾਸਤ 'ਚ ਲਿਆ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਅਰਨਬ ਗੋਸਵਾਮੀ ਨੂੰ ਹੁਣ ਅਲੀਬਾਗ ਲਿਜਾਇਆ ਜਾਵੇਗਾ। ਅਰਨਬ ਗੋਸਵਾਮੀ ਖਿਲਾਫ ਇਹ ਐਕਸ਼ਨ ਉਸ ਵੇਲੇ ਲਿਆ ਗਿਆ ਜਦੋਂ ਉਨ੍ਹਾਂ ਖਿਲਾਫ ਟੀਆਰਪੀ ਘੁਟਾਲੇ ਦੀ ਜਾਂਚ ਮੁੰਬਈ 'ਚ ਚੱਲ ਰਹੀ ਹੈ। ਇਸ ਦੌਰਾਨ ਇਕ ਖੁਦਕੁਸ਼ੀ ਨੋਟ ਬਰਾਮਦ ਹੋਇਆ ਸੀ। ਜਿਸ 'ਚ ਅਨਵੇ ਨਾਇਕ ਨੇ ਲਿਖਿਆ ਸੀ ਅਰਨਬ ਗੋਸਵਾਮੀ ਸਮੇਤ ਦੋ ਹੋਰਾਂ ਨੇ 5.40 ਕਰੋੜ ਰੁਪਏ ਦੀ ਅਦਾਇਗੀ ਨਹੀਂ ਕੀਤੀ ਸੀ ਜਿਸ ਕਾਰਨ ਉਹ ਵਿੱਤੀ ਪਰੇਸ਼ਾਨੀ 'ਚੋਂ ਗੁਜ਼ਰ ਰਿਹਾ ਸੀ।

ਸਾਲ 2018 'ਚ ਅਲੀਬਾਗ ਪੁਲਿਸ ਨੇ ਖੁਦਕੁਸ਼ੀ ਕਰਨ ਲਈ ਉਕਸਾਉਣ ਦਾ ਕੇਸ ਦਰਜ ਕੀਤਾ ਸੀ ਜੋ ਬਾਅਦ 2019 'ਚ ਰਾਏਗੜ ਪੁਲਿਸ ਨੇ ਬੰਦ ਕਰ ਦਿੱਤਾ ਸੀ। ਮਈ 2020 'ਚ ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁੱਖ ਨੇ ਅਨਵੇ ਨਾਇਕ ਦੀ ਧੀ ਅਦਨਿਆ ਨਾਇਕ ਵੱਲੋਂ ਪਹੁੰਚ ਕਰਨ ਤੋਂ ਬਾਅਦ ਇਸ ਮਾਮਲੇ ਦੀ ਨਵੀਂ ਸੀਆਈਡੀ ਜਾਂਚ ਦਾ ਐਲਾਨ ਕੀਤਾ ਸੀ ਤੇ ਕਿਹਾ ਸੀ ਕਿ ਅਲੀਬਾਗ ਪੁਲਿਸ ਨੇ ਅਰਨਬ ਗੋਸਵਾਮੀ ਤੋਂ ਬਕਾਏ ਦੀ ਅਦਾਇਗੀ ਦੀ ਪੜਤਾਲ ਨਹੀਂ ਕੀਤੀ ਸੀ।

### ਕੰਗਨਾ ਰਨੌਤ ਆਈ ਅਰਨਬ ਦੀ ਹਮਾਇਤ 'ਤੇ

ਅਦਾਕਾਰਾ ਕੰਗਨਾ ਰਣੌਤ ਨੇ ਅਰਨਬ ਗੋਸਵਾਮੀ ਉੱਪਰ ਮੁੰਬਈ ਪੁਲਿਸ ਦੀ ਕਾਰਵਾਈ ਉੱਪਰ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਕੰਗਨਾ ਨੇ ਟਵੀਟ ਕੀਤਾ,"ਪੱਪੂ ਪ੍ਰੋ ਨੂੰ ਗੁੱਸਾ ਕਿਉਂ ਆਉਂਦਾ ਹੈ? ਪੈਂਗੁਇਨਾਂ ਨੂੰ ਗੁੱਸਾ ਕਿਉਂ ਆਉਂਦਾ ਹੈ? ਸੋਨੀਆ ਸੈਨਾ ਨੂੰ ਇੰਨਾ ਗੁੱਸਾ ਕਿਉਂ ਆਉਂਦਾ ਹੈ? ਅਰਨਬ ਸਰ ਬੋਲਣ ਦੀ ਅਜ਼ਾਦੀ ਲਈ ਆਪਣੇ ਵਾਲ ਖਿੱਚਣ ਦਿਓ ਅਤੇ ਕੁਟਮਾਰ ਕਰਨ ਦਿਓ। ਸਾਡੇ ਤੋਂ ਪਹਿਲਾਂ ਕਈ ਮਹਾਨ ਲੋਕ ਹੱਸਦੇ ਹੋਏ ਫਾਂਸੀ ਚੜ੍ਹ ਗਏ, ਅਜ਼ਾਦੀ ਦਾ ਕਰਜ਼ ਚੁਕਾਉਣਾ ਹੈ"

# ਦਿੱਲੀ ਵਿਚਲਾ ਹਵਾ ਦਾ ਪ੍ਰਦੂਸ਼ਣ ਕਿਵੇਂ ਕੰਟਰੋਲ ਕੀਤਾ ਜਾਵੇ?



ਡਾ. ਗੁਰਿੰਦਰ ਕੌਰ
001-408-493-9776

ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਵਿਚ ਵਧਦੇ ਹਵਾ ਦੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ 29 ਅਕਤੂਬਰ ਨੂੰ ਇਕ ਆਰਡੀਨੈਂਸ ਜਾਰੀ ਕੀਤਾ ਜਿਸ ਉੱਤੇ ਰਾਸ਼ਟਰਪਤੀ ਨੇ ਉਸੇ ਦਿਨ ਸਹੀ ਪਾ ਦਿੱਤੀ ਸੀ। ਇਸ ਆਰਡੀਨੈਂਸ ਦੀ ਉਲੰਘਣਾ ਕਰਨ ਵਾਲਿਆਂ ਨੂੰ ਪੰਜ ਸਾਲ ਦੀ ਕੈਦ ਜਾਂ ਇਕ ਕਰੋੜ ਰੁਪਏ ਜੁਰਮਾਨਾ ਜਾਂ ਦੋਵੇਂ ਤਰ੍ਹਾਂ ਦੀਆਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ। ਕਾਨੂੰਨ ਅਤੇ ਨਿਆਂ ਮੰਤਰਾਲੇ ਵੱਲੋਂ ਜਾਰੀ ਆਰਡੀਨੈਂਸ ਤਹਿਤ ਵਾਤਾਵਰਨ ਪ੍ਰਦੂਸ਼ਣ ਕੰਟਰੋਲ ਆਥਰਟੀ ਨੂੰ ਭੰਗ ਕਰਕੇ ਉਸ ਦੀ ਥਾਂ ਉੱਤੇ 20 ਮੈਂਬਰਾਂ ਦਾ ਇਕ ਕਮਿਸ਼ਨ ਗਠਿਤ ਕਰ ਦਿਤਾ ਗਿਆ ਹੈ। ਹੁਣ ਇਸ ਕਮਿਸ਼ਨ ਕੋਲ ਨਵੇਂ ਆਰਡੀਨੈਂਸ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ ਕਾਨੂੰਨੀ ਕਰਵਾਈ ਕਰਨ ਦੀ ਸ਼ਕਤੀ ਹੈ। ਇਸ ਆਰਡੀਨੈਂਸ ਨੂੰ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਰਾਜਾਂ ਵਿਚ ਫ਼ੌਰੀ ਤੌਰ ਉੱਤੇ ਲਾਗੂ ਕਰ ਦਿੱਤਾ ਗਿਆ ਹੈ।

ਕੇਂਦਰੀ ਵਾਤਾਵਰਨ ਮੰਤਰੀ ਪ੍ਰਕਾਸ਼ ਜਾਵੇਡਕਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਨਵੇਂ ਆਰਡੀਨੈਂਸ ਨਾਲ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਵਿਚਲੇ ਹਵਾ ਦੇ ਪ੍ਰਦੂਸ਼ਣ ਵਿਚ ਭਾਰੀ ਕਮੀ ਆ ਜਾਵੇਗੀ ਜਦੋਂਕਿ ਕਿਸਾਨਾਂ ਨੇ ਇਸ ਆਰਡੀਨੈਂਸ ਨੂੰ ਕੇਂਦਰ ਸਰਕਾਰ ਦੀ ਬਦਲਾ ਲੈਣ ਵਾਲੀ ਕਰਵਾਈ ਕਰਾਰ ਦਿੱਤਾ ਹੈ ਕਿਉਂਕਿ ਕੇਂਦਰ ਸਰਕਾਰ ਨੇ ਇਹ ਆਰਡੀਨੈਂਸ ਉਸ ਸਮੇਂ ਲਾਗੂ ਕੀਤਾ ਹੈ ਜਦੋਂ ਕਿਸਾਨ ਇਕ ਪਾਸੇ ਖੇਤਾਂ ਵਿਚੋਂ ਧਾਨ ਦੀ ਫਸਲ ਚੁੱਕ ਰਹੇ ਹਨ ਅਤੇ ਕਣਕ ਬੀਜਣ ਲਈ ਧਾਨ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਖੇਤ ਖਾਲੀ ਕਰ ਰਹੇ ਅਤੇ ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਸੰਘਰਸ਼ ਕਰ ਰਹੇ ਹਨ। ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਵਿਚ ਵਧ ਰਹੇ ਹਵਾ ਦੇ ਪ੍ਰਦੂਸ਼ਣ ਲਈ ਲਗਭਗ ਪਿਛਲੇ ਇਕ ਦਹਾਕੇ ਤੋਂ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਰਾਜਾਂ ਵਿਚ ਸਾੜੀ ਜਾਂਦੀ ਝੋਨੇ ਅਤੇ ਕਣਕ ਦੀ ਰਹਿੰਦ-ਖੂੰਹਦ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ ਕਿਉਂਕਿ 2009 ਵਿਚ ਕੇਂਦਰ ਸਰਕਾਰ ਨੇ ਪੰਜਾਬ ਵਿਚ ਧਰਤੀ ਹੇਠਲੇ ਡਿਗਦੇ ਪਾਣੀ ਦੇ ਪੱਧਰ ਨੂੰ ਦੇਖਦੇ ਹੋਏ ਧਾਨ ਦੀ 10 ਜੂਨ ਤੋਂ ਪਹਿਲਾਂ ਲਵਾਈ ਉੱਤੇ ਰੋਕ ਲਗਾਉਣ ਕਾਰਨ ਫ਼ਸਲ ਦੀ ਵਢਾਈ ਵੀ ਸਤੰਬਰ ਦੀ ਥਾਂ ਅਕਤੂਬਰ ਵਿਚ ਹੋਣ ਕਾਰਨ ਹਿਮਾਲਿਆ ਪਹਾੜ ਦੇ ਪੈਰਾਂ ਵਿਚ ਸਥਿਤ ਰਾਜਾਂ ਵਿਚ ਸਰਦੀਆਂ ਦੀ ਆਮਦ ਕਾਰਨ ਤਾਪਮਾਨ ਇਕਦਮ ਘਟਣਾ ਸ਼ੁਰੂ ਹੋ ਜਾਂਦਾ ਹੈ ਜਿਸ ਨਾਲ ਹਵਾ ਵਿਚਲੇ ਹਰ ਤਰ੍ਹਾਂ ਦੀ ਧੂੜ ਅਤੇ ਧੂੰਏ ਦੇ ਕਣਾਂ ਉੱਤੇ ਪਾਣੀ ਜੰਮਣ ਨਾਲ ਧੁੰਦ ਦਾ ਵਿਗੜਿਆ ਰੂਪ "ਧੂੰਆਂਖੀ ਧੁੰਦ" ਹੋਂਦ ਵਿਚ ਆ ਜਾਂਦਾ ਹੈ ਜੋ ਭੂਗੋਲਿਕ ਅਤੇ ਸਥਾਨਕ ਕਾਰਨਾਂ ਕਰਕੇ ਹੁੰਦਾ ਹੈ। ਪਹਿਲਾਂ ਸਤੰਬਰ ਵਿਚ ਧਾਨ ਦੀ ਵਢਾਈ ਹੋਣ ਕਾਰਨ ਤਾਪਮਾਨ ਜ਼ਿਆਦਾ ਹੋਣ ਅਤੇ ਹਵਾ ਦੀ ਤੇਜ਼ੀ ਕਾਰਨ ਇਹ ਧੂੰਆਂ ਹਵਾ ਵਿਚ ਉਡ ਜਾਂਦਾ ਸੀ ਜਿਸ ਨਾਲ ਨਾਂ ਤਾਂ ਇਨ੍ਹਾਂ ਰਾਜਾਂ ਵਿਚ ਅਤੇ ਨਾ ਹੀ ਦਿੱਲੀ ਵਿਚ ਹਵਾ ਦੇ ਪ੍ਰਦੂਸ਼ਣ ਦੀ ਸਮੱਸਿਆ ਆਉਂਦੀ ਸੀ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਿੱਲੀ ਵਿਚ ਸਰਦੀ ਦੀ ਸ਼ੁਰੂਆਤ ਹੋਣ ਨਾਲ ਹਵਾ ਦੇ ਪ੍ਰਦੂਸ਼ਣ ਵਿਚ ਵਾਧਾ ਹੋਣ ਨਾਲ ਦਿੱਲੀ ਸਰਕਾਰ ਨੇ ਆਪਣੀ ਪੀਹੜੀ ਹੇਠਾਂ ਸੋਟਾ ਫੇਰਨ ਦੀ ਥਾ ਉੱਤੇ ਦਿੱਲੀ ਦੇ ਆਲੇ-ਦੁਆਲੇ ਦੇ ਰਾਜਾਂ ਨੂੰ ਦਿੱਲੀ ਵਿਚਲੇ ਹਵਾ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਠਹਿਰਾਉਣਾ ਸ਼ੁਰੂ ਕਰ ਦਿੱਤਾ ਅਤੇ ਕੇਂਦਰ ਸਰਕਾਰ ਜੋ ਪਹਿਲਾਂ ਹੀ ਕਿਸਾਨਾਂ ਦੇ ਸੰਘਰਸ਼ ਤੋਂ ਔਖੀ ਸੀ ਉਸ ਨੇ ਮੌਕਾ ਮਿਲਦੇ ਹੀ ਇਹ ਨਵਾਂ ਆਰਡੀਨੈਂਸ ਜਾਰੀ ਕਰ ਦਿੱਤਾ ਕਿ ਦਿੱਲੀ ਦੇ ਪ੍ਰਦੂਸ਼ਣ ਲਈ ਕਿਸਾਨ ਹੀ ਜ਼ਿੰਮੇਵਾਰ ਹਨ।

ਇਸ ਪ੍ਰਦੂਸ਼ਣ ਲਈ ਅਸਲ ਵਿੱਚ ਜ਼ਿੰਮੇਵਾਰ ਕੋਣ ਹੈ ਇਸ ਦਾ ਪਤਾ ਲਗਾਉਣ ਲਈ ਸਾਨੂੰ ਥੋੜ੍ਹਾ ਜਿਹਾ ਪਿਛੋਕੜ ਵਿਚ ਜਾਣਾ ਪਵੇਗਾ। 1990-2000 ਦੇ ਦਹਾਕੇ ਵਿਚ ਵੀ ਦਿੱਲੀ ਦੀ ਹਵਾ ਬਹੁਤ ਪ੍ਰਦੂਸ਼ਿਤ ਹੋ ਗਈ ਸੀ, ਪਰ ਉਦੋਂ ਕੇਂਦਰ ਸਰਕਾਰ ਦੀ ਮਨਸਾ ਸਾਫ਼ ਸੀ ਤਾਂ ਉਸ ਨੇ ਅਸਲ ਕਾਰਨ ਲੱਭ ਕੇ ਦਿੱਲੀ ਦੀ ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਦਿੱਲੀ ਵਿਚ ਡੀਜ਼ਲ ਨਾਲ ਚੱਲਣ ਵਾਲੀਆਂ ਬੱਸਾਂ, ਆਟੋ-ਰਿਕਸ਼ਿਆਂ ਆਦਿ ਉੱਤੇ ਜੁਰਮਾਨੇ ਲਗਾਉਂਦੇ ਹੋਏ ਉਨ੍ਹਾਂ ਨੂੰ ਡੀਜ਼ਲ ਦੀ ਥਾ ਉੱਤੇ ਸੀ.ਐੱਨ.ਜੀ. ਗੈਸ ਵਰਤਣ ਲਈ ਪ੍ਰੇਰਿਤ ਕਰਕੇ ਹਵਾ ਦੇ ਪ੍ਰਦੂਸ਼ਣ ਉੱਤੇ ਕਾਬੂ ਪਾ ਲਿਆ ਸੀ। ਉਦੋਂ ਸਿਰਫ਼ ਸਥਾਨਿਕ ਬੱਸਾਂ ਅਤੇ ਆਟੋ-ਰਿਕਸ਼ੇ ਹੀ ਡੀਜ਼ਲ ਨਾਲ ਚਲਦੇ ਸਨ ਅਤੇ ਉਸ ਤੋਂ ਬਾਅਦ ਦਿੱਲੀ ਵਾਸੀ ਕਈ ਸਾਲ ਪ੍ਰਦੂਸ਼ਣ-ਰਹਿਤ ਹਵਾ ਦਾ ਆਨੰਦ ਮਾਣਦੇ ਰਹੇ।

ਪਿਛਲੇ ਇਕ ਦਹਾਕੇ ਤੋਂ ਫਿਰ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਹਵਾ ਦੇ ਪ੍ਰਦੂਸ਼ਣ ਦਾ ਭਾਰੀ ਸੰਤਾਪ ਝੱਲ ਰਿਹਾ ਹੈ। ਦਿੱਲੀ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜਨ ਲਈ ਪ੍ਰਦੂਸ਼ਣ ਦੀ ਸਮੱਸਿਆ ਨੂੰ ਗੁਆਂਢੀ ਰਾਜਾਂ ਦੇ ਸਿਰ ਮੜ ਰਹੀ ਹੈ। ਪਰ ਪ੍ਰਦੂਸ਼ਣ ਦਾ ਅਸਲ ਕਾਰਨ ਦਿੱਲੀ ਦਾ ਅਨਿਯਮਤ ਆਰਥਿਕ ਵਿਕਾਸ ਹੈ। ਪਿਛਲੇ ਸਾਲਾਂ ਵਿਚ ਦਿੱਲੀ ਵਿਚ ਆਰਥਿਕ ਵਿਕਾਸ ਦੇ ਨਾਅ ਉੱਤੇ ਕਾਰਪੋਰੇਟ ਖੇਤਰ ਨੂੰ ਉਤਸ਼ਾਹਿਤ ਕਰਨ ਕਰਕੇ ਕਾਰਾਂ (ਖ਼ਾਸ ਕਰਕੇ ਡੀਜ਼ਲ ਨਾਲ ਚੱਲਣ ਵਾਲੀਆਂ), ਮੋਟਰ ਗੱਡੀਆਂ, ਉਦਯੋਗਿਕ ਇਕਾਈਆਂ ਅਤੇ ਨਿਰਮਾਣ ਕਾਰਜਾਂ ਆਦਿ ਵਿਚ ਬੇਸ਼ੁਮਾਰ ਵਾਧਾ ਹੋਇਆ ਹੈ।



ਇਕੱਲੀਆਂ ਮੋਟਰ-ਗੱਡੀਆਂ ਅਤੇ ਕਾਰਾਂ ਦੀ ਗਿਣਤੀ ਜਿਹੜੀ 2000 ਵਿਚ ਸਿਰਫ਼ 34 ਲੱਖ ਸੀ ਵਧ ਕੇ 2018 ਵਿਚ 1 ਕਰੋੜ 12 ਲੱਖ ਹੋ ਗਈ ਹੈ ਜੋ ਦਿੱਲੀ ਦੀਆਂ ਸੜਕਾਂ ਉੱਤੇ ਹਰ ਰੋਜ਼ ਕਾਰਬਨਡਾਇਆਕਸਾਇਡ, ਕਾਰਬਨਮੋਨੋਆਕਸਾਈਡ, ਸਲਫ਼ਰਡਾਇਆਕਸਾਈਡ, ਉਜ਼ੋਨ ਆਦਿ ਵਰਗੀਆਂ ਗੈਸਾਂ ਛੱਡਦੀਆਂ ਹੋਈਆਂ ਦਿੱਲੀ ਦੀ ਹਵਾ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਮੌਸਮ ਵਿਭਾਗ ਦੇ ਮਾਹਿਰਾਂ ਅਤੇ ਵਿਗਿਆਨ ਅਤੇ ਵਾਤਾਵਰਨ ਸੰਸਥਾ ਨੇ ਆਪਣੀ ਇੱਕ ਖੋਜ ਦੇ ਅਧਾਰ ਉੱਤੇ ਦੱਸਿਆ ਸੀ ਕਿ ਦਿੱਲੀ ਵਿਚ 70 ਫ਼ੀਸਦ ਹਵਾ ਦਾ ਪ੍ਰਦੂਸ਼ਣ ਸਿਰਫ਼ ਵਾਹਨਾਂ ਕਰਕੇ ਹੁੰਦਾ ਹੈ। ਆਈ.ਆਈ.ਟੀ. ਕਾਨਪੁਰ ਦੀ ਇਕ ਖੋਜ ਅਨੁਸਾਰ, ਦਿੱਲੀ ਵਿਚ ਹਰ ਰੋਜ਼ ਵੱਖ ਵੱਖ ਤਰ੍ਹਾਂ ਦੇ ਸਰੋਤਾਂ ਤੋਂ 312 ਟਨ ਸਲਫ਼ਰਡਾਇਆਕਸਾਈਡ, 142 ਟਨ ਨਾਈਟਰੋਜਨ ਆਕਸਾਈਡ, 59 ਟਨ ਪੀ.ਐੱਮ. 2.5 ਅਤੇ 143 ਟਨ ਪੀ.ਐੱਮ. 10 ਹਵਾ ਵਿਚ ਦਾਖ਼ਲ ਹੁੰਦਾ ਹੈ ਜਿਸ ਵਿਚ 98 ਫ਼ੀਸਦ ਨਾਈਟਰੋਜਨ ਆਕਸਾਈਡ, 60 ਫ਼ੀਸਦ ਸਲਫ਼ਰਡਾਇਆਕਸਾਈਡ, 14 ਫ਼ੀਸਦ ਪੀ.ਐੱਮ. 10 ਅਤੇ 10 ਫ਼ੀਸਦ ਪੀ.ਐੱਮ. 2.5 ਇਕੱਲੀਆਂ ਉਦਯੋਗਿਕ ਇਕਾਈਆਂ ਛੱਡਦੀਆਂ ਹਨ।

ਇਸ ਦੇ ਨਾਲ ਨਾਲ ਦਿੱਲੀ ਵਿਚ ਪਹਾੜਾਂ ਦੀ ਉਚਾਈ ਦੇ ਬਰਾਬਰ ਦੇ ਵੱਡੇ-ਵੱਡੇ ਜਲਦੇ-ਬਲਦੇ ਕੂੜੇ ਦੇ ਢੇਰ ਸਾਰਾ ਸਾਲ ਮਣਾਂ-ਮੂੰਹੀ ਗੰਦੀਆਂ ਗੈਸਾਂ ਅਤੇ ਧੂੰਏਂ ਅਤੇ ਧੂੜ ਦੇ ਕਣ ਵਾਤਾਵਰਨ ਵਿਚ ਸੁੱਟਕੇ ਦਿੱਲੀ ਦੀ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ। ਦਿੱਲੀ ਵਿਚ ਲਗਾਤਾਰ ਚੱਲਦੇ ਉਸਾਰੀ ਦੇ ਕੰਮ ਅਤੇ ਥਰਮਲ ਪਲਾਂਟ ਵੀ ਹਵਾ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਹਨ। ਇਸ ਗੱਲ ਤੋਂ ਨਾ ਤਾਂ ਕੇਂਦਰ ਸਰਕਾਰ ਅਤੇ ਨਾ ਹੀ ਦਿੱਲੀ ਸਰਕਾਰ ਇਨਕਾਰੀ ਹੋ ਸਕਦੀ ਹੈ ਕਿ ਦਿੱਲੀ ਵਿਚਲਾ ਹਵਾ ਦਾ ਪ੍ਰਦੂਸ਼ਣ ਦਿੱਲੀ ਸ਼ਹਿਰ ਦੀਆਂ ਆਪਣੀਆਂ ਗਤੀਵਿਧੀਆਂ ਕਾਰਨ ਹੈ ਕਿਉਂਕਿ ਕਰੋਨਾ ਮਹਾਂਮਾਰੀ ਸਮੇਂ ਹੋਏ ਲੌਕਡਾਊਨ ਵੇਲੇ ਦਿੱਲੀ ਦਾ ਅਸਮਾਨ ਬਿਲਕੁਲ ਸਾਫ਼ ਹੋ ਗਿਆ ਸੀ ਜਦੋਂਕਿ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿਚ ਕਿਸਾਨ ਹਾੜ੍ਹੀ ਦੀ ਫ਼ਸਲ ਚੁੱਕਕੇ ਕਣਕ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਰਹੇ ਸਨ।

ਹਾਲ ਵਿਚ ਆਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ (ਪੀ.ਏ.ਯੂ.) ਦੀ ਇਕ ਖੋਜ ਅਨੁਸਾਰ ਪਰਾਲੀ ਸਾੜਨ ਕਾਰਨ ਜਿਹੜਾ ਧੂੰਆਂ ਉੱਠਦਾ ਹੈ ਉਹ ਪੰਜਾਬ ਵਿਚ ਹੀ ਰਹਿ ਜਾਂਦਾ ਹੈ ਕਿਉਂਕਿ ਹਵਾ ਵਿਚਲਾ ਪ੍ਰਦੂਸ਼ਣ ਦੂਰ-ਦੁਰਾਡੀਆਂ ਥਾਵਾਂ ਉੱਪਰ ਉਦੋਂ ਹੀ ਪਹੁੰਚਦਾ ਹੈ ਜਦੋਂ ਹਵਾ ਦੀ ਚੱਲਣ ਦੀ ਰਫ਼ਤਾਰ ਜ਼ਿਆਦਾ ਹੋਵੇ, ਪਰ ਜਦੋਂ ਧੂੰਆਂਖੀ ਧੁੰਦ ਬਣਦੀ ਹੈ ਤਾਂ ਉਸ ਦਾ ਮੁੱਢਲਾ ਕਾਰਨ ਹਵਾ ਦੀ ਸਥਿਰਤਾ ਹੈ ਭਾਵ ਹਵਾ ਚੱਲਦੀ ਹੀ ਨਹੀਂ ਹੈ ਅਤੇ ਹਵਾ ਵਿਚਲਾ ਪ੍ਰਦੂਸ਼ਣ ਉਸੇ ਥਾਂ ਨੂੰ ਪ੍ਰਦੂਸ਼ਿਤ ਕਰਦਾ ਹੈ ਜਿੱਥੇ ਪੈਦਾ ਹੁੰਦਾ ਹੈ। ਪੀ.ਏ.ਯੂ. ਦੇ ਉਪਰੋਕਤ ਅਧਿਐਨ ਅਨੁਸਾਰ 2017, 2018 ਅਤੇ 2019 ਦੇ ਤਿੰਨ ਸਾਲ ਹਵਾ ਦੀ ਗਤੀ ਇਕ ਅਕਤੂਬਰ ਤੋਂ ਲੈ ਕੇ 16 ਦਸੰਬਰ ਤੱਕ ਭਾਵ 77 ਦਿਨ 5 ਕਿਲੋਮੀਟਰ ਪ੍ਰਤਿ ਘੰਟਾ ਤੋਂ ਘੱਟ ਹੀ ਰਹੀ ਹੈ ਜੋ ਪੰਜਾਬ ਦੀ ਪ੍ਰਦੂਸ਼ਿਤ ਹਵਾ ਨੂੰ 300-350 ਕਿਲੋਮੀਟਰ ਦੂਰ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਤੱਕ ਲਿਜਾ ਹੀ ਨਹੀਂ ਸਕਦੀ। ਇਸ ਤੋਂ ਇਲਾਵਾ ਰਾਜਸਥਾਨ ਵਿਚ ਕਣਕ ਦੀ ਫ਼ਸਲ ਵੈਸੇ ਹੀ ਬਹੁਤ ਘੱਟ ਹੁੰਦੀ ਅਤੇ ਧਾਨ ਦੀ ਫ਼ਸਲ ਪਾਣੀ ਦੀ ਥੁੜ੍ਹ ਹੋਣ ਕਰਕੇ ਹੋ ਹੀ ਨਹੀਂ ਸਕਦੀ। ਰਹੀ ਉੱਤਰ ਪ੍ਰਦੇਸ਼ ਦੀ ਗੱਲ ਉਹ ਦਿੱਲੀ ਤੋਂ ਬਾਅਦ ਆਉਂਦਾ ਹੈ ਇਸ ਲਈ ਦਿੱਲੀ ਦੀ ਪ੍ਰਦੂਸ਼ਿਤ ਹਵਾ ਉੱਤਰ ਪ੍ਰਦੇਸ਼ ਨੂੰ ਪ੍ਰਦੂਸ਼ਿਤ ਕਰ ਸਕਦੀ ਹੈ। ਜੇਕਰ ਹਵਾ ਉੱਤਰ-ਪੱਛਮ ਦਿਸ਼ਾ ਤੋਂ ਆਉਂਦੀ ਹੈ ਤਾਂ ਦਿੱਲੀ ਨੂੰ ਪ੍ਰਦੂਸ਼ਿਤ ਕਰ ਸਕਦੀ ਹੈ, ਪਰ ਜੇਕਰ ਹਵਾ ਦੱਖਣ-ਪੂਰਬ ਦਿਸ਼ਾ ਤੋਂ ਆਉਂਦੀ ਹੈ ਤਾਂ ਦਿੱਲੀ ਦੀ ਪ੍ਰਦੂਸ਼ਿਤ ਹਵਾ ਹਰਿਆਣਾ ਅਤੇ ਪੰਜਾਬ ਦੀ ਹਵਾ ਨੂੰ ਵੀ ਪ੍ਰਦੂਸ਼ਿਤ ਕਰ ਦੇਵੇਗੀ ਕਿਉਂਕਿ ਹਵਾ ਵਗਣ ਲਈ ਹੱਦਾਂ ਦੀ ਮੁਹਤਾਜ਼ ਨਹੀਂ ਹੁੰਦੀ। ਸੋ, ਜਿੰਨੇ ਇਹ ਰਾਜ ਦਿੱਲੀ ਦੀ ਹਵਾ ਨੂੰ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹਨ ਉਸ ਤੋਂ ਵੀ ਕਿਧਰੇ ਵੱਧ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਇਨ੍ਹਾਂ ਰਾਜਾਂ ਦੀ ਹਵਾ ਨੂੰ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹਨ। ਇਸ ਲਈ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਵਿਚ ਰਹਿੰਦੇ ਆਰਡੀਨੈਂਸ ਦੀ ਉਲੰਘਣਾ ਕਰਨ ਵਾਲਿਆਂ ਨੂੰ ਜੁਰਮਾਨਾ ਅਤੇ ਸਜ਼ਾ ਹੋਣੀ ਚਾਹੀਦੀ ਕਿਉਂਕਿ ਇੱਥੋਂ ਦੇ ਲੋਕ ਹਵਾ ਵਿਚ ਪ੍ਰਦੂਸ਼ਣ ਵਧ ਮੁਨਾਫ਼ੇ ਅਤੇ ਜ਼ਿਆਦਾ ਸੁਖ-ਸੁਵਿਧਾਵਾਂ ਜੁਟਾਉਣ ਅਤੇ ਮੌਜ-ਮਸਤੀ ਲਈ ਪੈਦਾ ਕਰਦੇ ਹਨ, ਜਦੋਂਕਿ ਕਿਸਾਨ ਦੇਸ਼ ਵਾਸੀਆਂ ਲਈ ਅਨਾਜ ਪੈਦਾ ਕਰਨ ਲਈ ਸਾਧਨਾਂ ਦੀ ਥੁੜ੍ਹ ਕਾਰਨ ਮਜ਼ਬੂਰੀਵੱਸ ਪ੍ਰਦੂਸ਼ਣ ਪੈਦਾ ਕਰਦੇ ਹਨ। ਇਸ ਤੋਂ ਬਿਨਾਂ ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ ਪਰਾਲੀ ਅਤੇ ਨਾੜ ਸਾੜਣ ਨਾਲ ਮੌਸਮ ਮਾਹਿਰਾਂ ਅਨੁਸਾਰ ਦਿੱਲੀ ਵਿਚ ਸਿਰਫ਼ 15-20 ਦਿਨਾਂ ਲਈ 6 ਫ਼ੀਸਦ ਪ੍ਰਦੂਸ਼ਣ ਪਹੁੰਚਦਾ ਹੈ ਉਹ ਵੀ ਜੇਕਰ ਹਵਾ ਉੱਤਰ-ਪੱਛਮ ਦਿਸ਼ਾ ਤੋਂ ਆਉਂਦੀ ਹੈ। ਆਮ ਹਾਲਤਾਂ ਵਿਚ ਸਾਰਾ ਪ੍ਰਦੂਸ਼ਣ ਪੈਦਾ ਕਰਨ ਲਈ ਦਿੱਲੀ ਆਪ ਹੀ ਜ਼ਿੰਮੇਵਾਰ ਹੈ। ਸੋ ਇਸ ਲਈ ਦਿੱਲੀ ਅਤੇ ਕੇਂਦਰ ਸਰਕਾਰ ਨੂੰ ਦਿੱਲੀ ਦੀ ਹਵਾ ਨੂੰ ਸਾਫ਼ ਕਰਨ ਲਈ ਸਾਲ 2000 ਵਾਂਗ ਸਥਾਨਕ ਪੱਧਰ ਉੱਤੇ ਉਪਰਾਲੇ ਕਰਨੇ ਚਾਹੀਦੇ ਹਨ ਨਾ ਕਿ ਗ਼ਰੀਬ ਕਿਸਾਨਾਂ ਨੂੰ ਸਜ਼ਾ ਦੇ ਕੇ ਡਾਢੇ ਦਾ ਸਤੀਂ ਵੀਹੀਂ ਸੌ ਵਾਲੀ ਕਹਾਵਤ ਦੀ ਸਚਾਈ ਨੂੰ ਪਰਤੱਖ ਰੂਪ ਵਿਚ ਲਾਗੂ ਕਰਨਾ ਚਾਹੀਦਾ ਹੈ।

ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਜਦੋਂ ਵੀ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ ਦੀ ਹਵਾ ਦੇ ਪ੍ਰਦੂਸ਼ਣ ਸੰਬੰਧੀ ਦਿੱਲੀ ਜਾਂ ਦੇਸ਼ ਦੇ ਦਰਜੇ ਸੰਬੰਧੀ ਕੋਈ ਵੀ ਰਿਪੋਰਟ ਆਉਂਦੀ ਹੈ ਤਾਂ ਉਸ ਨੂੰ ਨਕਾਰਨ ਅਤੇ ਦੂਜਿਆਂ ਸਿਰ ਮੜ੍ਹਣ ਦੀ ਥਾਂ ਉੱਤੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਚੰਗੀ ਵਿਉਂਤਬੰਦੀ ਨਾਲ ਉਪਰਾਲੇ ਕਰੇ। ਹਵਾ ਦਾ ਪ੍ਰਦੂਸ਼ਣ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਵਿਚ ਹੀ ਨਹੀਂ ਬਲਕਿ ਦੇਸ਼ ਦੇ ਸਾਰੇ ਸ਼ਹਿਰਾਂ ਵਿਚ ਹੀ ਵਧ ਰਿਹਾ ਹੈ। 21 ਜਨਵਰੀ, 2020 ਨੂੰ ਭਾਰਤ ਦੀ ਗਰੀਨਪੀਸ ਸੰਸਥਾ ਅਨੁਸਾਰ ਰਾਸ਼ਟਰੀ ਮਾਪਦੰਡਾਂ ਤਹਿਤ ਦੇਸ਼ ਦੇ 80 ਫ਼ੀਸਦ ਸ਼ਹਿਰਾਂ ਦੀ ਹਵਾ ਪ੍ਰਦੂਸ਼ਿਤ ਹੈ ਅਤੇ ਅੰਤਰ-ਰਾਸ਼ਟਰੀ ਮਾਪਦੰਡ ਅਨੁਸਾਰ ਦੇਸ਼ ਦਾ ਇਕੋ-ਇਕ ਸ਼ਹਿਰ ਲੂੰਗਲੇਈ (ਮਿਜ਼ੋਰਮ) ਪ੍ਰਦੂਸ਼ਣ ਰਹਿਤ ਹੈ। ਹਾਲ ਵਿਚ ਆਈ ਸਟੇਟ ਆਫ਼ ਗੋਲਬਲ ਏਅਰ 2020 ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ 2019 ਵਿਚ 16.7 ਲੱਖ ਲੋਕਾਂ ਦੀ ਮੌਤ ਹਵਾ ਦੇ ਪ੍ਰਦੂਸ਼ਣ ਕਾਰਨ ਹੋਈ ਜਿਨ੍ਹਾਂ ਵਿਚੋਂ 1 ਲੱਖ 16 ਹਜ਼ਾਰ ਬੱਚੇ ਸਨ ਜੋ ਜਨਮ ਤੋਂ ਬਾਅਦ ਇਕ ਮਹੀਨੇ ਦੇ ਵਿਚਲੇ ਅਰਸੇ ਵਿਚ ਹੀ ਮਰ ਗਏ।

ਕੇਂਦਰ ਸਰਕਾਰ ਨੂੰ ਇਹੋ ਜਿਹੇ ਪੱਖਪਾਤੀ ਆਰਡੀਨੈਂਸ/ਕਾਨੂੰਨ ਬਣਾਉਣ ਦੀ ਥਾਂ ਉੱਤੇ ਦਿੱਲੀ ਵਿਚ ਜਨਤਕ ਵਾਹਨਾਂ ਦੀ ਗਿਣਤੀ ਵਧਾਉਣ ਦੇ ਨਾਲ ਨਾਲ ਉਨ੍ਹਾਂ ਨੂੰ ਇੰਨਾ ਚੁਸਤ-ਦੁਰਸਤ ਬਣਾਏ ਕਿ ਲੋਕ ਨਿੱਜੀ ਵਾਹਨਾਂ ਨੂੰ ਛੱਡ ਕੇ ਜਨਤਕ ਵਾਹਨਾਂ ਦੀ ਆਵਾਜਾਈ ਲਈ ਵਰਤੋਂ ਕਰਨ ਲੱਗ ਜਾਣ। ਨਿੱਜੀ ਵਾਹਨਾਂ ਦੀ ਗਿਣਤੀ ਘਟਾਉਣ ਲਈ ਸਮਾਂ-ਨਿਰਧਾਰਤ ਉਪਰਾਲੇ ਕੀਤੇ ਜਾਣ। ਪੈਦਲ ਚੱਲਣ ਅਤੇ ਸਾਈਕਲਾਂ ਦੀ ਵਰਤੋਂ ਕਰਨ ਵਾਲਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਉਦਯੋਗਿਕ ਇਕਾਈਆਂ ਵਿਚ ਹਵਾ-ਸ਼ੁੱਧਤਾ ਯੰਤਰ ਲਗਾਉਣੇ ਯਕੀਨੀ ਬਣਾਏ ਜਾਣ। ਬਿਜਲੀ ਪੈਦਾ ਕਰਨ ਲਈ ਥਰਮਲ ਪਲਾਂਟਾਂ ਦੀ ਥਾਂ ਉੱਤੇ ਕੋਈ ਹੋਰ ਸੁਰੱਖਿਅਤ ਵਿਧੀ ਅਪਣਾਈ ਜਾਵੇ। ਉਸਾਰੀ ਦੇ ਕੰਮਾਂ ਵਿਚ ਵਧੇਰੇ ਸਾਵਧਾਨੀ ਵਰਤੀ ਜਾਵੇ ਅਤੇ ਕੂੜੇ ਦੇ ਢੇਰਾਂ ਨੂੰ ਨਜਿੱਠਣ ਲਈ ਸੁਰੱਖਿਅਤ ਵਿਗਿਆਨਕ ਢੰਗ ਅਪਣਾਏ ਜਾਣ। ਇਸ ਦੇ ਨਾਲ ਨਾਲ ਕਿਸਾਨਾਂ ਨੂੰ ਫ਼ਸਲਾਂ ਦੀ ਰਹਿੰਦ-ਖੂੰਹਦ ਨਾਲ ਨਜਿੱਠਣ ਆਧੁਨਿਕ ਮਸ਼ੀਨਰੀ ਸਸਤੀਆਂ ਕੀਮਤਾਂ ਉੱਤੇ ਮੁਹੱਈਆ ਕਾਰਵਾਈ ਜਾਵੇ। ਕੇਂਦਰ ਸਰਕਾਰ ਉਨ੍ਹਾਂ ਕਿਸਾਨਾਂ ਨੂੰ ਸਜ਼ਾ ਦੇਣ ਦੀ ਬਜਾਇ ਸੁਹਿਰਦਤਾ ਵਾਲਾ ਰਵਈਆ ਅਪਣਾ ਕੇ ਉਨ੍ਹਾਂ ਦੀ ਮੁਸ਼ਕਲਾਂ ਨੂੰ ਹੱਲ ਕਰਨ ਦੇ ਨਾਲ ਨਾਲ ਦੇਸ਼ ਦੀ ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੇ ਉਪਰਾਲੇ ਕਰੇ।

# ਭਾਰਤੀ ਮੂਲ ਦੀ ਸਾਂਸਦ ਪ੍ਰਿਅੰਕਾ ਰਾਧਾਕ੍ਰਿਸ਼ਨਨ ਨਿਊਜ਼ੀਲੈਂਡ ਸਰਕਾਰ ਦੇ ਸੰਭਾਵੀ ਮੰਤਰੀਆਂ ਦੀ ਸੂਚੀ 'ਚ ਸ਼ਾਮਿਲ

**ਆਕਲੈਂ (ਹਰਜਿੰਦਰ ਸਿੰਘ ਬਸਿਆਲਾ)**-ਨਿਊਜ਼ੀਲੈਂਡ ਦੀ 53ਵੀਂ ਸੰਸਦੀ ਚੋਣਾਂ ਬੀਤੀ 17 ਅਕਤੂਬਰ ਨੂੰ ਖਤਮ ਹੋ ਗਈਆਂ ਸਨ ਪਰ ਸਰਕਾਰੀ ਤੌਰ ਉਤੇ ਅੰਤਿਮ ਨਤੀਜਿਆ ਦਾ ਐਲਾਨ ਸ਼ੁੱਕਰਵਾਰ 6 ਨਵੰਬਰ ਨੂੰ ਕੀਤਾ ਜਾਣਾ ਹੈ। ਇਨ੍ਹਾਂ ਵੋਟਾਂ ਦੇ ਰੁਝਾਨੀ ਨਤੀਜਿਆਂ ਅਨੁਸਾਰ ਲੇਬਰ ਪਾਰਟੀ ਇਸ ਵੇਲੇ 64 ਸੀਟਾਂ ਜਿੱਤ ਰਹੀ ਹੈ, ਨੈਸ਼ਨਲ 35 ਸੀਟਾਂ, ਐਕਟ ਪਾਰਟੀ ਨੂੰ 10 ਸੀਟਾਂ, ਗ੍ਰੀਨ ਪਾਰਟੀ ਨੂੰ 10 ਸੀਟਾਂ, ਮਾਓਰੀ ਪਾਰਟੀ ਨੂੰ ਇਕ ਸੀਟ ਮਿਲ ਰਹੀ ਹੈ। ਸ਼ੁੱਕਰਵਾਰ ਨੂੰ ਹੋਂਦ ਦੇ ਵਿਚ ਆ ਰਹੀ ਨਵੀਂ ਸਰਕਾਰ ਸਹੁੰ ਚੁੱਕੇਗੀ ਅਤੇ ਆਪਣੇ ਮੰਤਰੀ ਮੰਡਲ ਨੂੰ ਸਹੁੰ ਚੁਕਾਏਗੀ।

ਅੱਜ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੇ ਆਪਣੇ 20 ਕੈਬਨਿਟ ਮੰਤਰੀਆਂ ਅਤੇ 4 ਮੰਤਰੀਆਂ ਅਤੇ 2 ਸਹਿਯੋਗੀ ਪਾਰਟੀ ਦੇ ਮੰਤਰੀਆਂ ਦੇ ਨਾਵਾਂ ਦੀ ਸੂਚੀ ਜਾਰੀ ਕੀਤੀ। ਭਾਰਤੀਆਂ ਦੇ ਲਈ ਇਸ ਵਾਰ ਖਾਸ ਖਿੱਚ ਭਰੀ ਖਬਰ ਇਹ ਹੈ ਕਿ ਇਥੇ ਪਹਿਲੀ ਵਾਰ ਕਿਸੀ ਭਾਰਤੀ ਮੂਲ ਦੀ ਸਾਂਸਦ ਰਾਧਾ ਕ੍ਰਿਸ਼ਨਨ ਨੂੰ ਇਸ ਵਾਰ ਮੰਤਰੀ ਪਦ ਲਈ ਚੁਣ ਲਿਆ ਗਿਆ ਹੈ। ਰਾਧਾ ਕ੍ਰਿਸ਼ਨਨ ਦੇ ਕੋਲ ਤਿੰਨ ਮੰਤਰਾਲੇ ਰਹਿਣਗੇ ਜਿਨ੍ਹਾਂ ਵਿਚ 'ਕਮਿਊਨਿਟੀ ਅਤੇ ਵਲੰਟੀਅਰ ਮੰਤਰਾਲਾ', 'ਡਾਇਵਰਸਿਟੀ-ਇਨਕਲੂਜ਼ਨ-ਏਥਨਿਕ ਮੰਤਰਾਲਾ' ਅਤੇ 'ਯੂਥ ਮੰਤਰਾਲਾ' ਦਾ ਕਾਰਜ ਭਾਰ ਸੌਂਪਿਆ ਗਿਆ ਹੈ। ਇਸ ਤੋਂ ਇਲਾਵਾ ਉਹ 'ਸ਼ੋਸਲ ਡਿਵੈਲਪਮੈਂਟ ਅਤੇ ਇੰਪਲਾਇਮੈਂਟ' ਦੇ ਸਹਾਇਕ ਮੰਤਰੀ ਰਹਿਣਗੇ। ਵਰਨਣਯੋਗ ਹੈ ਕਿ ਚੇਨਈ ਦੀ ਜੰਪਮਲ ਅਤੇ ਸਿੰਗਾਪੁਰ ਪੜ੍ਹੀਲਿਖੀ ਪ੍ਰਿਅੰਕਾ ਰਾਧਾਕ੍ਰਿਸ਼ਨਨ (41) 2017 ਦੀਆਂ ਆਮ ਚੋਣਾਂ ਦੇ ਵਿਚ ਲੇਬਰ ਪਾਰਟੀ ਦੀ ਲਿਸਟ ਐਮ. ਪੀ. ਵਜੋਂ ਸੰਸਦ ਦੇ ਵਿਚ ਆਪਣੀ ਥਾਂ ਬਨਾਉਣ ਵਿਚ ਕਾਮਯਾਬ ਹੋ ਗਈ ਸੀ। ਰਾਧਾਕ੍ਰਿਸ਼ਨਨ ਨੂੰ 2019 ਦੇ ਵਿਚ ਪਾਰਲੀਮੈਂਟਰੀ ਪ੍ਰਾਈਵੇਟ ਸੈਕਟਰੀ (ਏਥਨਿਕ ਅਫ-ਅਰਜ਼) ਬਣਾਇਆ ਗਿਆ ਸੀ। ਇਸ ਵਾਰ ਪ੍ਰਿਅੰਕਾ ਰਾਧਾ ਕ੍ਰਿਸ਼ਨਨ ਨੂੰ 12440 ਵੋਟਾਂ ਪਈਆਂ ਜਦ ਕਿ ਉਨ੍ਹਾਂ ਦੇ ਹਲਕੇ ਮਾਉਂਗਾਕਾਇਕੀ ਦੇ ਨੈਸ਼ਨਲ ਪਾਰਟੀ ਦੇ ਉਮਦੀਵਾਰ ਡੇਨਿਸ ਲੀਅ ਨੂੰ 13010 ਵੋਟਾਂ ਪਈਆਂ। ਉਹ ਭਾਵੇਂ 580 ਵੋਟਾਂ ਦੇ ਫਰਕ ਨਾਲ ਵੋਟਾਂ ਦੇ ਵਿਚ ਹਾਰ ਗਏ ਹਨ ਪਰ ਉਨ੍ਹਾਂ ਦੀ ਚੋਣ ਲਿਸਟ ਐਮ. ਪੀ. ਵਜੋਂ ਹੋ ਗਈ ਸੀ।



ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਨੇ ਆਪਣੇ ਮੰਤਰਾਲੇ ਦੇ ਵਿਚ ਪ੍ਰਧਾਨ ਮੰਤਰੀ ਪੱਦ, 'ਨੈਸ਼ਨਲ ਸਕਿਊਰਿਟੀ ਅਤੇ ਇੰਟੈਲੀਜੈਂਸ', 'ਚਾਇਲਡ ਪੌਵਰਟੀ ਰੀਡਿਕਸ਼ਨ', 'ਰਿਸਪਾਂਸੀਬਲਿਟੀਜ਼ ਫਾਰ ਮਨਿਸਟਰੀਅਲ ਸਰਵਿਸਜ਼' ਅਤੇ ਸਹਾਇਕ ਮੰਤਰਾਲੇ ਵਜੋਂ 'ਆਰਟਸ, ਕਲਚਰਲ ਅਤੇ ਹੈਰੀਟੇਜ' ਰੱਖਿਆ ਹੈ। ਉਹ ਬੈਚਲਰ ਆਫ ਕਮਿਊ-ਨੀਕੇਸ਼ਨ ਸਟੱਡੀਜ਼ ਇਨ ਪਾਲੇਟਿਕਸ ਅਤੇ ਪਬਲਿਕ ਰਿਲੇਸ਼ਨਜ਼ ਹਨ। ਉਹ ਹਮਿਲਟਨ ਸ਼ਹਿਰ ਨਾਲ ਸਬੰਧ ਰੱਖਦੇ ਹਨ ਜਿੱਥੇ ਪੰਜਾਬੀਆਂ ਦਾ ਗੜ੍ਹ ਹੈ ਅਤੇ ਇਥੇ ਹੀ ਪਹਿਲਾ ਗੁਰਦੁਆਰਾ ਸਾਹਿਬ 1977 ਵਿਚ ਸੰਗਤ ਲਈ ਖੋਲ੍ਹ ਦਿੱਤਾ ਗਿਆ ਸੀ।

ਦੇਸ਼ ਦੇ ਉਪ ਪ੍ਰਧਾਨ ਮੰਤਰੀ ਸਾਂਸਦ ਗ੍ਰਾਂਟ ਰੌਬਰਟਸਨ ਰਹਿਣਗੇ ਜਿਨ੍ਹਾਂ ਕੋਲ ਫਾਇਨਾਂਸ, ਇਨਫ੍ਰਾਸਟਰਕਚਰ, ਰੇਸਿੰਗ ਅਤੇ ਸਪੋਰਟਸ ਅਤੇ ਰੀਕ੍ਰੀਏਸ਼ਨ ਹੋਣਗੇ। ਖੇਡ ਮੰਤਰੀ ਹੁੰਦਿਆਂ ਉਹ ਫਰਵਰੀ ਮਹੀਨੇ ਇਥੇ ਆਈ ਕ੍ਰਿਕਟ ਟੀਮ ਦੇ ਨਾਲ ਵੀ ਮਿਲੇ ਸਨ ਅਤੇ ਕੈਪਟਨ ਵਿਰਾਟ ਕੋਹਲੀ ਦੇ ਨਾਲ ਮਿਲ ਕੇ ਬਹੁਤ ਖੁਸ਼ ਹੋਏ ਸਨ। ਉਹ ਅਕਸਾਰ 15 ਅਗਸਤ ਨੂੰ ਭਾਰਤੀਆਂ ਨੂੰ ਵਧਾਈ ਵੀ ਦਿੰਦੇ ਹਨ। ਉਹ ਬੈਚਲਰ ਆਫ ਆਰਟਸ ਵਿਦ ਆਨਰ ਹਨ, ਸਾਬਕਾ ਪ੍ਰਧਾਨ ਮੰਤਰੀ ਹੈਲਨ ਕਲਾਰਕ ਦੇ ਸਲਾਹਕਾਰ ਰਹਿ ਚੁੱਕੇ ਹਨ ਅਤੇ ਹੇਸਟਿੰਗਜ਼ ਤੋਂ ਡੁਨੀਡਨ ਬਦਲ ਕੇ ਚਲੇ ਗਏ ਸਨ।

ਇਮੀਗ੍ਰੇਸ਼ਨ ਮੰਤਰੀ ਕ੍ਰਿਸ ਫਾਅਫੂਈ ਹੋਣਗੇ ਜੋ ਕਿ ਇਸ ਵੇਲੇ ਵੀ ਕੁਝ ਸਮੇਂ ਤੋਂ ਅਜਿਹੀਆਂ ਸੇਵਾਵਾਂ ਨਿਭਾਅ ਰਹੇ ਹਨ। ਉਹ ਬ੍ਰਾਡਕਾਸਟਿੰਗ ਅਤੇ ਮੀਡੀਆ ਅਤੇ ਜਸਟਿਸ ਮੰਤਰਾਲਾ ਵੀ ਵੇਖਣਗੇ। ਦੇਸ਼ ਦੇ ਇਤਿਹਾਸ ਵਿਚ ਵਿਦੇਸ਼ ਮੰਤਰੀ ਪਹਿਲੀ ਵਾਰ ਇਕ ਮਹਿਲਾ ਸਾਂਸਦ ਬਣੇਗੀ ਜਿਸ ਦਾ ਨਾਂਅ ਨਾਨਾਈਆ ਮਾਹੁਟਾ ਹੈ ਅਤੇ 1996 ਤੋਂ ਉਹ ਮੈਂਬਰ ਪਾਰਲੀਮੈਂਟ ਚੱਲੀ ਆ ਰਹੀ ਹੈ। ਇਹ ਪਹਿਲੀ ਮਹਿਲਾ ਸਾਂਸਦੇ ਹੈ ਜਿਸ ਦੇ ਚਿਹਰੇ ਉਤੇ ਮਾਓਰੀ ਸਭਿਆਚਾਰ ਦਾ ਪ੍ਰਤੀਕ ਪੱਕੀ ਸਿਆਹੀ ਵਾਲਾ ਟੈਟੂ ਬਣਿਆ ਹੈ। ਪ੍ਰਧਾਨ ਮੰਤਰੀ ਨੇ ਅੱਜ ਐਲਾਨ ਕੀਤਾ ਹੈ ਕਿ ਜਿਹੜਾ ਵੀ ਮੰਤਰੀ ਆਪਣੀ ਜ਼ਿੰਮੇਵਾਰੀ ਠੀਕ ਤਰ੍ਹਾਂ ਨਾਲ ਨਹੀਂ ਨਿਭਾਏਗਾ ਉਸਨੂੰ ਬਾਹਰ ਦਾ ਰਸਤਾ ਵਿਖਾਇਆ ਜਾਵੇਗਾ। ਅਗਲੇ ਤਿੰਨ ਸਾਲ ਜਿੱਥੇ ਕੋਵਿਡ-19 ਦੇ ਨਾਲ ਲੜਿਆ ਜਾਵੇਗਾ ਉਥੇ ਦੂਜੇ ਦੇਸ਼ਾਂ ਨਾਲ ਵਪਾਰਕ ਸਬੰਧ ਮਜ਼ਬੂਤ ਕੀਤੇ ਜਾਣਗੇ।

# ਲੋਕਤੰਤਰ ਦੀ ਮੱਠੀ-ਮੱਠੀ ਮੌਤ ਹੈ, ਪੰਜਾਬ ਦੇ ਸੰਘਰਸ਼ ਨੂੰ ਦਬਾਉਣਾ



ਗੁਰਮੀਤ ਪਲਾਹੀ
91-98158-02070

ਇਹ ਦੁਖਦਾਈ ਹੈ ਕਿ ਕੁਝ ਲੋਕ ਹੀ ਵੇਖ ਰਹੇ ਹਨ ਕਿ ਪੰਜਾਬ ਵਿੱਚ ਕੀ ਹੋ ਰਿਹਾ ਹੈ? ਅਤੇ ਜੋ ਲੋਕ ਅਸਲੀਅਤ ਵੇਖ ਰਹੇ ਹਨ, ਉਹਨਾ ਵਿੱਚੋਂ ਤਾਂ ਕਈ ਚੁੱਪ ਹਨ ਜਾਂ ਚੁੱਪ ਰਹਿਣਗੇ ਇਸ ਡਰੋਂ ਕਿ ਉਹਨਾ ਨਾਲ ਵੀ ਉਹ ਕੁਝ ਨਾ ਹੋ ਜਾਵੇਗਾ ਜੋ ਦੇਸ਼ ਦੇ ਕੁਝ ਲੇਖਕਾਂ, ਵਿਦਿਆਰਥੀਆਂ, ਕਵੀਆਂ, ਪ੍ਰੋਫੈਸਰਾਂ ਅਤੇ ਸਮਾਜਿਕ ਕਾਰਕੁੰਨਾਂ ਨਾਲ ਹੋਇਆ। ਜਿਹਨਾ ਖਿਲਾਫ਼ "ਹਾਕਮ ਵਿਰੋਧੀ ਅਵਾਜ਼" ਬਨਣ 'ਤੇ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ਼ ਕਰਵਾ ਦਿੱਤੇ ਗਏ।

ਕਿਹਾ ਜਾ ਰਿਹਾ ਹੈ ਕਿ ਪੰਜਾਬ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਕਿਸਾਨ ਖ਼ਫਾ ਹਨ ਕਿ ਉਹਨਾ ਦੀ ਆਪਣੀ ਲੋਕਤੰਤਰੀ ਸਰਕਾਰ ਨੇ ਉਹਨਾ ਵਿਰੁੱਧ ਕਾਲੇ ਕਾਨੂੰਨ ਪਾਸ ਕਰ ਦਿੱਤੇ ਹਨ। ਉਹਨਾ ਨੂੰ ਕਾਰਪੋਰੇਟੀਆਂ ਦਾ "ਚਾਰਾ" ਬਣਾਕੇ ਉਹਨਾ ਅੱਗੇ ਉਹਨਾ ਦਾ "ਖ਼ਾਜਾ" ਬਨਣ ਲਈ ਸੁੱਟ ਦਿੱਤਾ ਹੈ। ਕਿਸਾਨ ਕਹਿੰਦੇ ਹਨ ਕਿ ਉਹਨਾ ਦੀ ਫ਼ਸਲ ਦਾ ਜੇਕਰ ਉਹਨਾ ਨੂੰ ਮੁੱਲ ਹੀ ਨਹੀਂ ਮਿਲਣਾ, ਜੇਕਰ ਉਹਨਾ ਦੀ ਜ਼ਮੀਨ ਲੁਕਵੇਂ ਢੰਗ-ਤਰੀਕਿਆਂ ਨਾਲ ਹੜੱਪ ਲਈ ਜਾਣੀ ਹੈ ਤਾਂ ਫਿਰ ਉਹ ਉਸ ਲੋਕਤੰਤਰ ਦਾ ਹਿੱਸਾ ਕਿਵੇਂ ਹੋਏ, ਜਿਹੜਾ ਉਹਨਾ ਨੂੰ ਇਨਸਾਫ਼,ਆਜ਼ਾਦੀ, ਬਰਾਬਰਤਾ ਦੇਣ ਦੀ ਦੁਹਾਈ ਦਿੰਦਾ ਹੈ? ਉਹ ਪੁੱਛਦੇ ਹਨ ਕਿ ਜੇਕਰ ਉਹ ਆਪਣੇ ਹੱਕਾਂ ਲਈ ਹਕੂਮਤ ਅੱਗੇ ਆਪਣੀ ਗੱਲ ਰੱਖ ਰਹੇ ਹਨ, ਤਾਂ ਫਿਰ ਉਹਨਾ ਦੀ ਗੱਲ ਜਾਂ ਉਹਨਾ ਦਾ ਪੱਖ ਸੁਣਿਆ ਕਿਉਂ ਨਹੀਂ ਜਾ ਰਿਹਾ? ਆਪਣੀ ਜਿੱਦ ਕਾਇਮ ਰੱਖਦਿਆਂ ਉਹ ਹੱਥ-ਕੰਡੇ ਕਿਉਂ ਵਰਤੇ ਜਾ ਰਹੇ ਹਨ, ਜਿਹਨਾ ਨਾਲ ਹੱਕਾਂ ਲਈ ਸੰਘਰਸ਼ ਕਰ ਰਹੇ ਲੋਕ, ਅੱਕ-ਥੱਕ ਜਾਣ ਤੇ ਚੁੱਪ-ਚਾਪ ਘਰਾਂ ਵਿੱਚ ਦੁਬਕ ਕੇ ਬੈਠ ਜਾਣ। ਕੀ ਇਹ ਕਿਸੇ ਜੀਊਂਦੇ-ਜਾਗਦੇ ਲੋਕਤੰਤਰ ਵਿੱਚ ਹੋਣਾ ਜਾਇਜ਼ ਹੈ? ਕੀ ਦੇਸ਼ ਦਾ ਹਾਕਮ ਉਸ ਸਥਿਤੀ ਵਿੱਚ ਇਸ ਗੱਲ ਦਾ ਦਾਅਵਾ ਕਰਨ ਦਾ ਹੱਕਦਾਰ ਹੈ ਕਿ ਸਾਡਾ ਦੇਸ਼ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਦੋਂ ਕਿ ਸੰਸਦ ਵਿੱਚ ਬਿਨ੍ਹਾਂ ਮਤਦਾਨ ਕਾਨੂੰਨ ਪਾਸ ਕਰਵਾਏ ਜਾ ਰਹੇ ਹੋਣ, ਦੇਸ਼ ਦੇ ਨੇਤਾਵਾਂ ਨੂੰ ਬਿਨ੍ਹਾਂ ਕਿਸੇ ਦੋਸ਼ ਜੇਲ੍ਹੀਂ ਧੱਕ ਦਿੱਤਾ ਜਾਂਦਾ ਹੋਏ, ਜਦ ਸਦੀ ਪੁਰਾਣੇ ਧਾਰਮਿਕ ਸਥਲ ਨੂੰ ਢਾਉਣ ਵਾਲਿਆਂ ਨੂੰ ਦੋਸ਼ੀ ਹੀ ਨਾ ਗਰਦਾਨਿਆਂ ਜਾਏ ਅਤੇ ਜਿਥੇ ਟੈਕਸ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ "ਵਿਰੋਧੀਆਂ" ਦੇ ਉਤਪੀੜਨ ਦਾ ਕਾਰਨ ਬਣ ਜਾਣ। ਜਿਥੇ ਘੱਟ ਗਿਣਤੀਆਂ ਡਰ ਵਿੱਚ ਰਹਿ ਰਹੀਆਂ ਹੋਣ ਅਤੇ ਜਿਥੇ ਪੁਲਿਸ ਅਤੇ ਪ੍ਰਸ਼ਾਸਨ ਆਪਣੇ ਸਿਆਸੀ ਆਕਾਵਾਂ ਦੇ ਇਸ਼ਾਰੇ ਉਤੇ ਕੰਮ ਕਰਨ ਲਈ ਮਜ਼ਬੂਰ ਕਰ ਦਿੱਤੇ ਗਏ ਹੋਣ ਅਤੇ ਜਿਥੇ ਫੌਜ ਵੀ ਸਿਆਸੀ ਮੁੱਦਿਆਂ ਪ੍ਰਤੀ ਬੋਲ ਰਹੀ ਹੋਵੇ ਅਤੇ ਜਿਥੇ ਮੀਡੀਆ ਨੂੰ ਗੋਦ ਲੈਕੇ ਹਾਕਮ ਧਿਰ, ਸਿਰਫ ਤੇ ਸਿਰਫ਼ ਆਪਣੀ ਬੋਲੀ ਬੋਲਣ 'ਤੇ ਮਜ਼ਬੂਰ ਕਰ ਦਿੱਤੀ ਗਈ ਹੋਵੇ।

ਪੰਜਾਬ ਦੇ ਕਿਸਾਨ ਹੱਕਾਂ ਦੀ ਲੜਾਈ ਲਈ ਸੜਕਾਂ ਉਤੇ ਆਏ। ਉਹਨਾ ਰੇਲ ਪੱਟੜੀਆਂ ਮੱਲ ਲਈਆਂ। ਕਿਸਾਨਾਂ ਤੋਂ ਬਿਨ੍ਹਾਂ ਮਜ਼ਦੂਰ, ਨੌਜਵਾਨ, ਔਰਤਾਂ, ਛੋਟੇ ਕਾਰੋਬਾਰੀ, ਅਧਿਆਪਕ, ਬੁੱਧੀਜੀਵੀ ਉਹਨਾ ਨਾਲ ਆ ਖੜੇ ਹੋਏ। ਕਿਸਾਨਾਂ ਦੀਆਂ ਜੱਥੇਬੰਦੀਆਂ ਇਕੱਠੀਆਂ ਹੋਈਆਂ। ਮਜ਼ਬੂਰਨ ਪੰਜਾਬ ਦੀ ਸਰਕਾਰ ਨੂੰ ਵਿਧਾਨ ਸਭਾ 'ਚ ਬਾਕੀ ਲਗਭਗ ਸਾਰੀਆਂ ਪਾਰਟੀਆਂ ਨੂੰ ਨਾਲ ਲੈ ਕੇ ਤਿੰਨੇ ਖੇਤੀ ਕਾਨੂੰਨ ਵਾਪਿਸ ਲੈਣ ਦੇ ਬਿੱਲ ਪਾਸ ਕੀਤੇ। ਬਾਵਜੂਦ ਇਸ ਸਭ ਕੁਝ ਦੇ ਕੇਂਦਰ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਦੀਆਂ ਪੰਜਾਬੀਆਂ ਨੂੰ ਸਰਵ ਪ੍ਰਵਾਨਤ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਸੰਘਰਸ਼ ਕਰ ਰਹੇ ਨੁਮਾਇੰਦਿਆਂ ਨੂੰ ਗੱਲਬਾਤ ਲਈ ਵੀ ਸੱਦਿਆ ਨਹੀਂ ਜਾ ਰਿਹਾ। ਜੇਕਰ ਇੱਕ ਦੋ ਵੇਰ ਸੱਦਾ ਪੱਤਰ ਮਿਲੇ ਹਨ ਤਾਂ ਉਹ ਕਿਸਾਨਾਂ ਦੀ ਗੱਲ ਸੁਨਣ ਲਈ ਨਹੀਂ, ਸਗੋਂ ਉਹਨਾ ਨੂੰ ਆਪਣੇ ਪਾਸ ਕੀਤੇ ਕਾਨੂੰਨਾਂ ਦੇ ਫਾਇਦੇ ਦੱਸਣ ਲਈ ਸੱਦੇ ਦਿੱਤੇ ਗਏ ਹਨ। ਕੀ ਹਾਕਮਾਂ ਵਲੋਂ ਕਿਸੇ ਸਮੁੱਚੇ ਸੂਬੇ ਦੇ ਲੋਕਾਂ ਦੇ ਜਜ਼ਬਿਆਂ ਨੂੰ ਦਰਕਿਨਾਰ ਕਰਨਾ ਜਾਇਜ਼ ਹੈ? ਕੀ ਸਮੁੱਚੇ ਸੂਬੇ ਦੇ ਲੋਕਾਂ ਪ੍ਰਤੀ ਓਪਰਾ ਤੇ ਦੁਰਿਆਰਾ ਵਰਤਾਓ ਕਰਨ ਨੂੰ ਉਦਾਰ ਲੋਕਤੰਤਰ ਦੀ ਮੱਠੀ-ਮੱਠੀ ਮੌਤ ਨਹੀਂ ਗਿਣਿਆ ਜਾਏਗਾ?

ਸੂਬੇ ਦੇ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਪੈਰ ਹੇਠ ਮਧੋਲਣਾ ਅਤੇ ਉਹਨਾ ਨੂੰ ਠਿੱਠ ਕਰਨ ਲਈ ਹਰ ਹਰਬਾ ਵਰਤਣਾ ਕੀ ਬਦਲਾ ਲਊ ਕਾਰਵਾਈ ਨਹੀਂ ਹੈ? ਇਸ ਨਵੇਂ ਹੁਕਮ ਨੂੰ ਕੀ ਸਮਝਿਆ ਜਾਏ ਇਸਨੂੰ ਕਿ ਕਿਸਾਨਾਂ ਨੇ ਕੱਚਾ ਮਾਲ ਪੰਜਾਬ 'ਚ ਲਿਆਉਣ ਲਈ ਤਾਂ ਪਟੱੜੀਆਂ ਖਾਲੀ ਕਰ ਦਿੱਤੀਆਂ, ਪਰ ਸਰਕਾਰ ਵਲੋਂ ਨਵੀਂ ਸ਼ਰਤ ਲਗਾਉਣਾ ਕਿ ਮਾਲ ਗੱਡੀਆਂ ਤਦੇ ਚਾਲੂ ਹੋਣਗੀਆਂ ਜੇਕਰ ਯਾਤਰੂ ਗੱਡੀਆਂ ਚਲਾਉਣ ਦੀ ਕਿਸਾਨ ਆਗਿਆ ਦੇਣਗੇ। ਕੀ ਇਹ ਰਾਜ ਹੱਠ ਤਾਂ ਨਹੀਂ ਹੈ?

ਇਸ ਗੱਲ ਨੂੰ ਕੀ ਸਮਝਿਆ ਜਾਵੇ ਕਿ ਪਰਾਲੀ ਜਲਾਉਣ ਵਾਲੇ ਨੂੰ ਇੱਕ ਕਰੋੜ ਤੱਕ ਜੁਰਮਾਨਾ ਤੇ ਪੰਜ ਸਾਲ ਦੀ ਕੈਦ ਹੋਏਗੀ, ਜਦਕਿ ਪ੍ਰਦੂਸ਼ਣ ਲਈ ਇਕੱਲਿਆਂ ਪਰਾਲੀ ਜਲਾਉਣਾ ਹੀ ਕਾਰਨ ਨਹੀਂ ਹੈ? ਇਸਨੂੰ ਕੀ ਸਮਝਿਆ ਜਾਵੇ ਕਿ ਕਿਸਾਨ ਅੰਦੋਲਨ ਦੇ ਸਮੇਂ ਪੰਜਾਬ ਤੋਂ ਪੇਂਡੂ ਵਿਕਾਸ ਫੰਡ ਖੋਹਣ ਦਾ ਕੇਂਦਰ ਨੇ ਐਲਾਨ ਕਰ ਦਿੱਤਾ ਹੈ। ਕੀ ਇਹ ਜਿੱਦ ਪੁਗਾਉਣਾ ਤੇ ਵਿਰੋਧੀਆਂ ਨੂੰ ਠਿੱਠ ਕਰਨਾ ਤਾਂ ਨਹੀਂ ਹੈ?

ਇਸ ਗੱਲ ਨੂੰ ਕੀ ਸਮਝਿਆ ਜਾਏ ਕਿ ਦਲਿਤਾਂ ਉਤੇ ਹੋ ਰਹੇ ਅਤਿਆਚਾਰਾਂ ਵਿਰੁੱਧ ਪੰਜਾਬ ਵਿੱਚ ਹਾਕਮ ਧਿਰ ਭਾਜਪਾ ਰੈਲੀਆਂ ਕੱਢਣ ਲੱਗ ਪਈ ਤੇ ਸ਼ਾਂਤਮਈ ਕਿਸਾਨ ਅੰਦੋਲਨ ਨੂੰ ਟਕਰਾਅ ਦੀ ਸਥਿਤੀ ਵਿੱਚ ਲਿਆਉਣ ਲਈ ਤਰਲੋ ਮੱਛੀ ਹੋਣ ਲੱਗੀ। ਕੀ ਇਹ ਪੰਜਾਬ ਦੇ ਲੋਕਾਂ ਦੇ ਮਨਾਂ ਵਿਚੋਂ ਭਾਜਪਾ ਦੀ ਲਪੇਟੀ ਜਾ ਰਹੀ ਸਫ਼ ਨੂੰ ਮੁੜ ਸੁਰਜੀਤ ਕਰਨ ਲਈ ਯਤਨ ਵਜੋਂ ਨਹੀਂ ਵੇਖਿਆ ਜਾਣਾ ਚਾਹੀਦਾ? ਕੀ ਇਹ ਪਾੜੋ ਤੇ ਰਾਜ ਕਰੋ ਦੀ ਨੀਤੀ ਤੇ ਨੀਅਤ ਤਾਂ ਨਹੀਂ?

ਪੰਜਾਬ ਨਾਲ ਵਿਤਕਰਿਆਂ ਦੀ ਦਾਸਤਾਨ ਲੰਬੀ ਹੈ। ਦਿੱਲੀ ਤਖਤ ਚਾਹੇ ਉਹ ਕਾਂਗਰਸ ਦੇ ਹੱਥ ਸੀ ਅਤੇ ਭਾਵੇਂ ਅੱਜ ਭਾਜਪਾ ਦੇ ਹੱਥ ਹੈ, ਪੰਜਾਬ ਲਈ ਨਿੱਤ ਨਵੀਆਂ ਔਖਿਆਈਆਂ ਪੈਦਾ ਕਰਦਾ ਰਿਹਾ ਹੈ। 1947 ਭੁਲਿਆ ਨਹੀਂ ਸੀ ਕਿ 1984 ਨੇ ਪੰਜਾਬ ਝੰਜੋੜਿਆ। ਵਿਦੇਸ਼ੀ ਗੁਆਂਢੀਆਂ ਨਾਲ ਜੰਗਾਂ ਵਿੱਚ ਤਾਂ ਪੰਜਾਬ ਨੇ ਆਪਣੀ ਆਰਥਿਕਤਾ ਗੁਆਈ ਹੀ, ਹਰੇ ਇਨਕਲਾਬ ਦੇ ਮ੍ਰਿਗਤ੍ਰਿਸ਼ਨਾਈ ਵਰਤਾਰੇ ਨੇ ਪੰਜਾਬ ਦੇ ਕਿਸਾਨਾਂ ਦੇ ਜੜ੍ਹੀਂ ਤੇਲ ਦਿੱਤਾ। ਪੰਜਾਬ ਦਾ ਧਰਤੀ ਹੇਠਲਾ ਪਾਣੀ ਮੁਕਿਆ, ਜ਼ਰਖੇਜ਼ ਜ਼ਮੀਨਾਂ ਜ਼ਹਿਰੀਲੀਆਂ ਜ਼ਮੀਨਾਂ ਬਣੀਆਂ। ਖੇਤੀ ਘਾਟੇ ਦਾ ਸੌਦਾ ਬਣਿਆ।

ਨਿਰਾਸਤਾ ਤੇ ਨਿਰਾਸ਼ਾ ਦੇ ਆਲਮ ਵਿੱਚ ਦਹਿਸ਼ਤਵਾਦ ਦਾ ਦੌਰ ਪੰਜਾਬ ਦੇ ਪਿੰਡੇ ਨੂੰ ਪੱਛ ਗਿਆ। ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨਿਗਲ ਲਈ, ਰਹਿੰਦੀ ਖੂੰਹਦੀ ਜਵਾਨੀ ਹੱਥੀਂ ਝੋਲੇ ਫੜਾ, ਵਿਦੇਸ਼ੀ ਤੋਰ ਦਿੱਤੀ। ਕੀ ਹੈਰਾਨੀ ਦੀ ਗੱਲ ਨਹੀਂ ਕਿ ਪੰਜਾਬੀ ਸੂਬਾ 1966 'ਚ ਬਨਣ ਤੋਂ ਬਾਅਦ ਅੱਜ 54 ਸਾਲਾਂ ਬਾਅਦ ਵੀ ਪੰਜਾਬ ਕੋਲ ਆਪਣੀ ਰਾਜਧਾਨੀ ਨਹੀਂ? ਜਦਕਿ 5 ਜਾਂ 6 ਲੱਖ ਦੀ ਅਬਾਦੀ ਵਾਲੇ ਨਾਗਾਲੈਂਡ ਵਰਗੇ ਸੂਬੇ ਵੀ ਰਾਜਧਾਨੀਆਂ ਵਾਲੇ ਹਨ। ਪੰਜਾਬੀਆਂ ਦੀਆਂ ਕੁਰਬਾਨੀਆਂ ਦਾ ਮੁੱਲ ਪਾਉਂਦਿਆਂ ਦੇਸ਼ ਦੇ ਮੌਕੇ ਦੇ ਹਾਕਮਾਂ ਭਾਖੜਾ ਡੈਮ ਵਰਗਾ ਤੋਹਫ਼ਾ ਪੰਜਾਬ ਨੂੰ ਦਿੱਤਾ, ਉਹ ਪੰਜਾਬੀ ਸੂਬਾ ਬਨਣ ਵੇਲੇ ਪੰਜਾਬ ਤੋਂ ਖੋਹ ਲਿਆ ਅਤੇ ਨਾਲ ਹੀ ਪੰਜਾਬ ਦੇ ਪਾਣੀ ਖੋਹ ਲਏ ਅਤੇ ਲਗਭਗ 6 ਦਹਾਕਿਆਂ ਬਾਅਦ ਵੀ ਪਾਣੀਆਂ ਦੇ ਮਾਮਲੇ 'ਚ ਪੰਜਾਬ ਨੂੰ ਇਨਸਾਫ ਨਹੀਂ ਮਿਲ ਰਿਹਾ। ਇਹ ਕਦੇ ਸਿਆਸੀ ਸ਼ੌਕਣਬਾਜੀ ਕਾਰਨ ਹੋ ਰਿਹਾ ਹੈ ਅਤੇ ਕਦੇ ਪੰਜਾਬ ਦੇ ਸਿਆਸੀ ਲੋਕਾਂ ਦੀ ਵੋਟ ਹਥਿਆਉਣ ਦੀ ਬੇਇਮਾਨੀ ਅਤੇ ਬਦਨੀਤੀ ਕਾਰਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਅੱਜ ਕਿਸਾਨ ਸੰਘਰਸ਼ ਸਮੇਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਆਪਣਾ ਵੋਟ ਬੈਂਕ ਪੱਕਾ ਕਰਨ ਲਈ ਤਰਲੋ-ਮੱਛੀ ਹੋ ਰਹੀਆਂ ਹਨ ਅਤੇ ਕਿਸਾਨਾਂ ਵਿਚੋਂ ਖਿਸਕਦੇ ਅਧਾਰ ਨੂੰ ਬਚਾਈ ਰੱਖਣ ਲਈ ਨਿੱਤ ਨਵੇਂ ਪੈਂਤੜੇ ਅਪਨਾਉਂਦੀਆਂ ਹਨ।

ਕਿਆਸ ਕਰੋ ਉਸ ਪਾਰਟੀ ਦਾ ਵਰਤਾਰਾ ਜਿਹੜੀ ਕਦੇ ਭਾਜਪਾ ਦੇ ਵਲੋਂ ਪਾਸ ਕੀਤੇ ਖੇਤੀ ਐਕਟਾਂ ਨੂੰ ਕਿਸਾਨ ਹਿਤੈਸ਼ੀ ਮੰਨਦੀ ਤੇ ਪ੍ਰਚਾਰਦੀ ਰਹੀ ਤੇ ਜਦੋਂ ਕਿਸਾਨ ਰੋਹ ਵੇਖਿਆ ਤਾਂ ਕੂਹਣੀ ਮੋੜ ਕੱਟਕੇ ਖੇਤੀ ਐਕਟਾਂ ਦੇ ਹੱਕ 'ਚ ਆ ਖੜੋਤੀ। ਇਹੀ ਪਾਰਟੀ, ਜਦੋਂ ਵਿਰੋਧੀ ਧਿਰ 'ਚ ਹੁੰਦੀ ਹੈ ਤਾਂ ਚੰਡੀਗੜ੍ਹ ਪੰਜਾਬ ਨੂੰ ਦਿਉ ਤੇ ਪੰਜਾਬੀ ਬੋਲਦੇ ਇਲਾਕੇ ਹਰਿਆਣੇ ਤੋਂ ਲੈ ਕੇ ਪੰਜਾਬ ਦੀ ਝੋਲੀ ਪਾਉ ਦਾ ਨਾਹਰਾ ਲਾਉਂਦੀ ਹੈ ਤੇ ਜਦੋਂ ਆਪ ਹਾਕਮ ਧਿਰ ਬਣਦੀ ਹੈ ਜਾਂ ਦਿੱਲੀ ਦੀ ਹਾਕਮ ਧਿਰ ਦਾ ਹਿੱਸਾ ਬਣਦੀ ਹੈ ਤਾਂ ਚੰਡੀਗੜ੍ਹ ਵੀ ਭੁੱਲ ਜਾਂਦੀ ਹੈ ਅਤੇ ਪੰਜਾਬ ਦੇ ਪਾਣੀਆਂ ਨਾਲ ਹੋਏ ਵਿਤਕਰੇ ਦੀ ਦਾਸਤਾਨ ਵੀ ਉਸਨੂੰ ਯਾਦ ਨਹੀਂ ਰਹਿੰਦੀ। ਇਹੀ ਹਾਲ ਆਮ ਆਦਮੀ ਪਾਰਟੀ ਦਾ ਹੈ, ਜਿਹੜੀ ਵਿਧਾਨ ਸਭਾ ਤੇ ਰਾਜਪਾਲ ਪੰਜਾਬ ਕੋਲ ਨਵੇਂ ਕਿਸਾਨ ਐਕਟਾਂ ਨੂੰ ਪਾਸ ਕਰਾਉਣ ਤੇ ਪੁਰਾਣੇ ਕੇਂਦਰੀ ਐਕਟਾਂ ਦੇ ਵਿਰੋਧ 'ਚ ਖੜਦੀ ਹੈ ਅਤੇ ਬਾਅਦ 'ਚ ਪੈਂਤੜਾ ਹੀ ਬਦਲ ਲੈਂਦੀ ਹੈ। ਕਾਂਗਰਸ ਤਾਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਵੱਡੇ ਦਮਗਜ਼ੇ ਮਾਰਨ ਅਤੇ ਪਾਣੀਆਂ ਦੀ ਵੰਡ ਦੇ ਮਾਮਲੇ ਉਤੇ ਵਿਧਾਨ ਸਭਾ 'ਚ ਮਤੇ ਪਾਸ ਕਰ, ਕਰਵਾਕੇ ਇਸ ਅਹਿਮ ਮਸਲੇ ਨੂੰ ਆਪਣੇ ਰਹਿਮੋ-ਕਰਮ ਉਤੇ ਛੱਡਕੇ ਸਿਰ ਹੇਠ ਬਾਂਹ ਦੇਕੇ ਸੁੱਤੀ ਨਜ਼ਰ ਆਉਂਦੀ ਹੈ।

ਅੱਜ ਜਦੋਂ ਪੰਜਾਬ ਦੇ ਲੋਕਾਂ ਨੇ ਆਪਣੇ ਹੱਕਾਂ ਦੀ ਰਾਖੀ ਦਾ ਹੋਕਾ ਦਿੱਤਾ ਹੈ। ਕਿਸਾਨ ਜੱਥੇਬੰਦੀਆਂ ਨੇ ਮੋਹਰੀ ਰੋਲ ਅਦਾ ਕਰਦਿਆਂ, ਦੇਸ਼ ਦੇ ਲੋਕਾਂ ਨੂੰ ਉਹਨਾ ਨਾਲ ਖੜਨ ਅਤੇ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਲਈ ਸੱਦਾ ਦਿੱਤਾ ਹੈ ਤਾਂ ਦੇਸ਼ ਦੀਆਂ ਲਗਭਗ 300 ਕਿਸਾਨ ਜੱਥੇਬੰਦੀਆਂ ਉਹਨਾ ਦੇ ਹੱਕ 'ਚ ਆ ਖੜ੍ਹੀਆਂ ਹਨ ਅਤੇ ਉਹਨਾ ਵਲੋਂ ਭਾਰਤ ਬੰਦ ਦਾ ਸੱਦਾ ਭਾਰਤ ਦੇ ਲੋਕਤੰਤਰ ਨੂੰ ਜੀਊਂਦੇ ਰੱਖਣ ਲਈ ਇੱਕ ਆਵਾਜ਼ ਬਨਣ ਸਮਾਨ ਹੈ।

ਪੰਜਾਬ ਦੇ ਲੋਕਾਂ ਨੇ ਦੇਸ਼ ਵਿੱਚ ਘੱਟ ਗਿਣਤੀਆਂ 'ਤੇ ਹੋ ਰਹੇ ਅਤਿਆਚਾਰਾਂ, ਦਲਿਤਾਂ ਨਾਲ ਹੋ ਰਹੀ ਬੇਇਨਸਾਫੀ ਅਤੇ ਭਾਰਤੀ ਸੰਵਿਧਾਨ ਨਾਲ ਕੀਤੀ ਜਾ ਰਹੀ ਛੇੜਛਾੜ ਵਿਰੁੱਧ ਇੱਕ ਆਵਾਜ਼ ਇਹ ਜਾਣਦਿਆਂ, ਸਮਝਦਿਆਂ ਲਗਾਈ ਹੈ ਕਿ ਭਾਰਤ ਦਾ ਧਰਮ ਨਿਰਪੱਖ ਢਾਂਚਾ ਖੇਰੂ-ਖੇਰੂ ਹੋ ਰਿਹਾ ਹੈ, ਸੂਬਿਆਂ ਨੂੰ ਮਿਲੇ ਵੱਧ ਅਧਿਕਾਰ ਸ਼ਰ੍ਹੇਆਮ ਖੋਹੇ ਜਾ ਰਹੇ ਹਨ ਅਤੇ ਲੋਕਾਂ ਦੇ ਅੱਖਾਂ 'ਚ ਘੱਟਾ ਪਾਕੇ ਭਾਰਤੀ ਲੋਕਤੰਤਰ ਨੂੰ ਹਾਕਮ ਧਿਰ ਵਲੋਂ ਅਧਮੋਇਆ ਕਰਨ ਦੀ ਸਾਜਿਸ਼ ਰਚੀ ਗਈ ਹੈ।

ਹਾਕਮ ਧਿਰ ਜੇਕਰ ਪੰਜਾਬ ਦੇ ਲੋਕਾਂ ਦੇ ਸੰਘਰਸ਼ ਤੇ ਆਵਾਜ਼ ਆਪਣੇ ਹੱਥ ਕੰਡਿਆਂ ਨਾਲ ਦਬਾਉਣ 'ਚ ਕਾਮਯਾਬ ਹੁੰਦੀ ਹੈ ਤਾਂ ਇਹ ਭਾਰਤੀ ਲੋਕਤੰਤਰ ਦੀ ਮੱਠੀ-ਮੱਠੀ ਮੌਤ ਸਾਬਤ ਹੋਏਗੀ, ਜਿਸਦੇ ਸਿੱਟੇ ਸਿਰਫ਼ ਪੰਜਾਬ ਦੇ ਲੋਕਾਂ ਨੂੰ ਹੀ ਨਹੀਂ, ਸਮੁੱਚੇ ਦੇਸ਼ ਨੂੰ ਭੁਗਤਣੇ ਪੈਣਗੇ।

**1 ਨਵੰਬਰ ਪੰਜਾਬ ਦਿਵਸ**

# ਉਹ ਪੰਜਾਬ ਅਤੇ ਇਹ ਪੰਜਾਬ

ਰਮੇਸ਼ ਬੱਗਾ ਚੋਹਲਾ 91- 94631-32719

ਅੱਜ ਦਾ ਪੰਜਾਬ ਉਸ (ਪੁਰਾਤਨ) ਪੰਜਾਬ ਵਰਗਾ ਨਹੀਂ ਅਤੇ ਨਾ ਹੀ ਉਹੋ ਜਿਹੇ ਜਵਾਨ ਰਹੇ ਹਨ। ਪੰਜ ਦਰਿਆਵਾਂ ਵਾਲੇ ਪੰਜਾਬ ਦਾ ਇਕ ਵੱਖਰਾ ਹੀ ਮਾਣ ਅਤੇ ਤਾਣ ਸੀ ਪਰ ਇੱਕਵੀਂ ਸਦੀ ਦੇ ਪੰਜਾਬ ਵਿਚ ਬਹੁਤ ਕੁੱਝ ਨਿਵੇਕਲਾ ਅਤੇ ਨਿਆਰਾ ਹੈ।ਇਸ ਨਿਵੇਕਲਤਾ ਅਤੇ ਨਿਆਰਤਾ ਨੇ ਗੁਰੂਆਂ-ਪੀਰਾਂ, ਬੀਰ-ਬਹਾਦਰਾਂ ਅਤੇ ਅਣਖੀਲੇ ਪੰਜਾਬੀਆਂ ਦੇ ਪੰਜਾਬ ਕਈ ਪੱਖਾਂ ਢਾਹ ਲਾਈ ਹੈ। 1947 ਦੇ ਸਮੇਂ ਕੁੱਝ ਕੁ ਰਾਜਨੀਤੀਵਾਨਾਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਖ਼ਾਤਿਰ ਪੰਜਾਬ ਦੀ ਧਰਤੀ ਨੂੰ ਲਹੂ ਲੁਹਣ ਕੀਤਾ ਸੀ ਅਤੇ ਆਪਣਿਆਂ ਨੂੰ ਆਪਣਿਆਂ (ਧਰਮ ਅਤੇ ਇਲਾਕੇ ਦੇ ਨਾਂਅ 'ਤੇ) ਤੋਂ ਤੋੜ੍ਹਨ ਅਤੇ ਵਿਛੋੜਨ ਦਾ ਕੋਝਾ ਜਤਨ ਕੀਤਾ ਸੀ।ਇਸ ਸਾਲ ਕ੍ਰਿਸ਼ਨ,ਮੁਹੰਮਦ ਤੇ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਨਜ਼ਰਅੰਦਾਜ਼ ਕਰਕੇ ਇਸ ਦੇ ਪੰਜ ਆਬਾਂ ਵਿਚ ਨਫ਼ਰਤ ਦਾ ਜ਼ਹਿਰ ਘੋਲ ਦਿੱਤਾ ਗਿਆ ਸੀ ਅਤੇ ਪੰਜਾਬ ਦੇ ਭੂਗੋਲਿਕ ਕਲਾਵੇ ਨੂੰ ਛੋਟਾ ਕਰ ਦਿੱਤਾ ਗਿਆ ਸੀ।ਇਸ ਚੰਦਰੀ ਘੜੀ ਮਨੁੱਖਤਾ ਦੇ ਹੋਏ ਘਾਣ ਨੂੰ ਦੇਖ ਕੇ ਪੰਜਾਬ ਲਹੂ ਦੇ ਅਥਰੂ ਰੋ ਰਿਹਾ ਸੀ ਪਰ ਰਾਜਨੀਤਕ ਲੋਕ ਰਾਜਸੀ ਲਾਹਾ ਲੈ ਰਹੇ ਸਨ।ਪੰਜਾਬ ਦੀ ਖੁਸ਼ਹਾਲੀ ਅਤੇ ਹਰਿਆਲੀ ਦਾ ਦਮ ਭਰਨ ਵਾਲੇ ਪੰਜਾਬ ਵਿਚਲੇ ਪੰਜਾਂ ਦਰਿਆਵਾਂ ਦਾ ਪਾਣੀ ਸੁੰਗੜ ਕੇ ਦੋ ਵੱਖਰੀਆਂ ਧਰਾਵਾਂ ਵਿਚ ਵਹਿਣ ਲੱਗਾ।ਇਕ ਧਾਰਾ ਪੱਛਮ ਵਿਚ ਵਹਿਣ ਲੱਗੀ ਅਤੇ ਦੂਸਰੀ ਪੂਰਬ ਵਿਚ।



ਇਸ ਵਖਰੇਵੇਂ ਅਤੇ ਸੁੰਗਰੇਵੇਂ ਨੂੰ ਪੰਜਾਬ ਅਜੇ ਭੁੱਲਿਆ ਨਹੀਂ ਸੀ ਕਿ ਤਕਰੀਬਨ ਦੋ ਦਹਾਕਿਆਂ (1 ਨਵੰਬਰ 1966 ਵਿਚ) ਬਾਅਦ ਇਸ ਨੂੰ ਭਾਸ਼ਾਈ ਆਧਾਰ 'ਤੇ ਹੋਰ ਛਾਂਗ ਦਿੱਤਾ ਗਿਆ।ਪੰਜਾਬੀ ਸੂਬੇ ਦੇ ਨਾਮ 'ਤੇ ਪੰਜਾਬੀਅਤ ਦੇ ਵਿਹੜੇ ਵਿਚ ਵਿੱਥ ਦੀਆਂ ਦੋ ਹੋਰ ਲਕੀਰਾਂ ਖਿੱਚ ਕੇ ਦੋ ਹੋਰ ਸੂਬੇ ਹਰਿਆਣਾ ਅਤੇ ਹਿਮਾਚਲ ਤਿਆਰ ਕਰ ਦਿੱਤੇ ਗਏ।ਇੱਕ ਕੁੱਖ ਵਿਚੋਂ ਜਨਮ ਲੈ ਕੇ ਸਭਿਆਚਾਰਕ ਸਾਂਝ ਰੱਖਣ ਦੇ ਬਾਵਜੂਦ ਵੀ ਇਹ ਸੂਬੇ ਕਈ ਵਾਰ ਆਪਸ ਵਿਚ ਇੱਟ-ਖੜੱਕਾ ਲਗਾਈ ਰੱਖਦੇ ਹਨ।

ਸਿਰਫ਼ ਭੂਗੋਲਿਕ ਦੁਖ ਕਾਰਨ ਹੀ ਨਹੀਂ ਸਗੋਂ ਪੰਜਾਬ ਆਪਣੇ ਰਹਿਤਲ ਵਿਚ ਆਏ ਕੁੱਝ ਨਾਂਹ-ਪੱਖੀ ਰੁਝਾਨਾਂ ਕਾਰਨ ਵੀ ਅੱਖਾਂ ਭਰ ਲੈਂਦਾ ਹੈ।ਦੁੱਧ,ਘਿਓ ਅਤੇ ਮੱਖਣੀਆਂ ਦੇ ਸ਼ੌਕੀਨ ਪੰਜਾਬੀ ਹੁਣ ਛੇਵੇਂ ਦਰਿਆ (ਨਸ਼ਿਆਂ) ਦੇ ਵਹਿਣ ਵਿਚ ਵਹੀ ਜਾ ਰਹੇ ਹਨ।ਨਸ਼ਿਆਂ ਦੇ ਮਾਰੂ ਪ੍ਰਭਾਵਾਂ ਕਾਰਨ ਕਈ ਤਾਂ ਆਪਣੀਆਂ ਬੇਸ਼ਕੀਮਤੀ ਜ਼ਿੰਦਗੀਆਂ ਤੋਂ ਵੀ ਹੱਥ ਧੋਈ ਜਾ ਰਹੇ ਹਨ।ਮੱਲ ਅਖਾੜਿਆਂ ਵਿਚ ਮੱਲਾਂ ਮਾਰਨ ਵਾਲੇ ਪੰਜਾਬੀ ਗੱਭਰੂਆਂ ਦੀ ਦਿਨ-ਬ-ਦਿਨ ਨਿਘਰਦੀ ਜਾ ਰਹੀ ਹਾਲਤ ਨੂੰ ਦੇਖ ਪੰਜਾਬ ਸੱਚ-ਮੁੱਚ ਹੀ ਅੰਦਰੋ-ਬਾਹਰੋਂ ਦੁਖੀ ਹੈ। ਇਕ ਹਾ-ਸੋਹੀਣੀ ਗੱਲ ਹੋਰ ਵੀ ਹੈ ਜਿਹੜੀ ਪੰਜਾਬ ਨੂੰ ਵਧੇਰੇ ਝੰਜੋੜਦੀ ਹੈ, ਕਿ ਪਿੰਡਾਂ,ਕਸਬਿਆਂ ਅਤੇ ਸ਼ਹਿਰਾਂ ਦੇ ਮੋੜ-ਚੌਰਾਹਿਆਂ 'ਤੇ ਸ਼ਰਾਬ ਦੀਆਂ ਦੁਕਾਨਾਂ ਖੋਲ੍ਹਣ ਵਾਲੇ ਲੋਕ ਹੀ ਪੰਜਾਬ ਨੂੰ ਨਸ਼ਾ-ਮੁਕਤ ਕਰਨ ਦੀਆਂ ਟਾਹਰਾਂ ਮਾਰਦੇ ਰਹਿੰਦੇ ਹਨ ਅਤੇ ਕੁੱਝ ਝੋਲੀ-ਚੁੱਕ ਕਿਸਮ ਦੇ ਲੋਕ ਉਨ੍ਹਾਂ ਦੀਆਂ ਤੁਗ਼ਲਕੀ ਟਾਹਰਾਂ ਦਾ ਹੁੰਗਾਰਾ (ਉਤਲੇ ਮਨੋਂ) ਭਰੀ ਜਾ ਰਹੇ।ਇਹ ਲੋਕ ਵਿਦਿਆਲਿਆਂ-ਮਹਾਂਵਿਦਿਆਲਿਆਂ ਵਿਚ ਪੜ੍ਹਨ ਵਾਲੇ ਪਾੜ੍ਹੇ-ਪਾੜ੍ਹੀਆਂ ਦੇ ਹੱਥਾਂ ਵਿਚ ਬੈਨਰ ਫੜ੍ਹਾ ਕੇ ਨਸ਼ਿਆਂ ਦੇ ਖਿਲਾਫ਼ ਰੈਲੀਆਂ ਤਾਂ ਕੱਢਵਾਈ ਜਾ ਰਹੇ ਹਨ ਪਰ ਬਿਮਾਰੀ ਦੇ ਅਸਲ ਕਾਰਨਾਂ ਨੂੰ (ਜਾਣ-ਬੁੱਝ ਕੇ) ਅੱਖੋਂ ਉਹਲੇ ਕਰਕੇ ਆਪਣੇ ਨੰਬਰ (ਕਾਗਜ਼ੀ) ਬਣਾਈ ਜਾ ਰਹੇ ਹਨ। ਪੰਜਾਬ ਨੂੰ ਪਤਾ ਹੈ ਕਿ ਚੋਰ ਚੋਰ ਕਹਿ ਕੇ ਬਹੁਤਾ ਰੌਲਾ ਪਾਉਣ ਵਾਲੇ ਇਹ ਲੋਕ ਅੰਦਰੋਂ ਚੋਰ ਦੀ ਮਾਂ ਦੇ ਹੀ ਹਿੱਤ ਪਾਲਦੇ ਹਨ ਅਤੇ ਬੁੱਕ ਭਰ-ਭਰ ਪੰਜਾਬੀਆਂ ਦੇ ਅੱਖੀਂ ਘੱਟਾ ਪਾਉਂਦੇ ਹਨ।

ਪੰਜਾਬ ਸਿਰਫ ਆਪਣੇ ਜਾਏ ਗੱਭਰੂਆਂ ਦੇ ਨਸ਼ੀਲੇਪਨ ਦੇ ਰੁਝਾਨ ਕਾਰਨ ਹੀ ਉਦਾਸ ਨਹੀਂ ਸਗੋਂ ਉਹ ਆਪਣੀਆਂ ਮੁਟਿਆਰਾਂ/ਧੀਆਂ ਵਿਚ ਆ ਰਹੇ ਨਾਕਾਰਾਤਮਕ ਬਦਲਾਵਾਂ ਕਾਰਨ ਵੀ ਨੈਣੋਂ ਨੀਰ ਵਹਾ ਰਿਹਾ ਹੈ।ਚਰਖੇ 'ਤੇ ਤੰਦ ਪਾ ਕੇ ਤ੍ਰਿੰਝਣਾਂ ਦੀ ਰੌਣਕ ਵਧਾਉਣ ਵਾਲੀਆਂ ਮੁਟਿਆਰਾਂ ਨਾ ਸਿਰਫ਼ ਕੱਤਣਾ ਹੀ ਭੁੱਲਦੀਆਂ ਜਾ ਰਹੀਆਂ ਹਨ ਸਗੋਂ ਲੁਧਿਆਣੇ ਨੱਚ ਕੇ ਜਲੰਧਰ ਤੱਕ ਧਮਕ ਪਾਉਣ ਦਾ ਹੁਨਰ ਵੀ ਗਵਾਈ ਜਾ ਰਹੀਆਂ ਹਨ।ਇਸ ਹੁਨਰ ਦੀ ਝਲਕ ਯੂਥ-ਫੈਸਟੀਵਲਾਂ ਦੇ ਮੌਕੇ ਕਾਲਜਾਂ-ਯੂਨੀਵਰਸਿਟੀਆਂ ਦੀਆਂ ਸਟੇਜਾਂ ਉਪਰ ਤਾਂ ਦੇਖਣ ਨੂੰ ਮਿਲ ਜਾਂਦੀ ਹੈ ਪਰ ਗਿੱਧੇ ਦੇ ਖੁੱਲ੍ਹਿਆਂ ਪਿੜਾਂ ਵਿਚ ਅਲੋਪ ਹੋ ਗਈ ਹੈ। ਜਿਸ ਪੰਜਾਬ ਵਿਚ ਕਿਸੇ ਕੁੜੀ ਦੇ ਸਿਰ ਤੋਂ ਚੁੰਨੀ ਲਹਿ ਜਾਣ ਨੂੰ ਸਮਾਜਿਕ/ਸਭਿਆਚਾਰਕ ਮਾਣ-ਮਰਯਾਦਾ ਦੀ ਉਲੰਘਣਾ ਸਮਝਿਆ ਜਾਂਦਾ ਸੀ ਉਸੇ ਪੰਜਾਬ ਵਿਚ ਔਰਤਾਂ ਦਾ ਕੱਜਣ ਦਿਨੋਂ ਦਿਨ ਮਨਫ਼ੀ ਹੁੰਦਾ ਜਾ ਰਿਹਾ ਹੈ। ਫ਼ੈਸ਼ਨਪ੍ਰਸਤੀ ਦੇ ਨਾਮ 'ਤੇ ਸ਼ਰਮ-ਹਯਾ ਦੀਆਂ ਹੱਦਾਂ ਮੁਕਾਈਆਂ ਜਾ ਰਹੀਆਂ ਹਨ।ਮਹਿੰਗੇ ਪਹਿਰਾਵੇ ਫ਼ੁਕਰਪੰਥੀਆਂ ਨੂੰ ਫ਼ੁਕਰਪੁਣੇ ਦਾ ਪਾਠ ਪੜ੍ਹਾਉਂਦੇ ਹਨ ਅਤੇ ਇਸ ਪੜ੍ਹਾਈ ਸਦਕਾ ਕਈ ਵਾਰ ਉਹ ਅਨੈਤਿਕ ਵਿਹਾਰ ਨਾਲ ਵੀ ਨੱਥੇ ਜਾਂਦੇ ਹਨ। ਮੁਹੱਬਤਾਂ ਦੇ ਮੌਸਮ ਵਾਲੇ ਪੰਜਾਬ ਵਿਚੋਂ ਮੁਹੱਬਤ ਘਟ ਰਹੀ ਹੈ ਅਤੇ ਬੇਗਾਨਗੀ ਦੀਆਂ ਕੰਧਾਂ ਉੱਚੀਆਂ ਹੋ ਰਹੀਆਂ ਹਨ। ਪਦਾਰਥਵਾਦੀ ਪਹੁੰਚ ਕਾਰਨ ਇਹ ਕੰਧਾਂ ਟੱਪਣੀਆਂ ਹੋਰ ਵੀ ਔਖੀਆਂ ਹੁੰਦੀਆਂ ਜਾ ਰਹੀਆਂ ਹਨ। ਆਪਸੀ ਰਿਸ਼ਤਿਆਂ ਵਿਚਲੀ ਰੂਹ ਮਰ ਰਹੀ ਹੈ ਜਿਸ ਕਾਰਨ ਮੇਲ-ਮਿਲਾਪ ਦੇ ਮੌਕੇ ਘੱਟ ਰਹੇ ਹਨ। ਇਨ੍ਹਾਂ ਮਾਇਨਸ ਹੁੰਦੇ ਜਾ ਰਹੇ ਮੌਕਿਆਂ ਉਪਰ ਜਦੋਂ ਕੋਈ ਗ਼ਿਲਾ-ਸ਼ਿਕਵਾ ਕਰਦਾ ਹੈ ਤਾਂ ਇਸ ਨੂੰ ਸਮੇਂ ਦੀ ਘਾਟ ਕਹਿ ਕੇ ਸੁਰਖ਼ਰੂ ਹੋਇਆ ਜਾਂਦਾ ਹੈ। ਇੱਕ-ਦੂਜੇ ਦੇ ਦੁੱਖ-ਸੁੱਖ ਦੀ ਭਾਈਵਾਲੀ ਹੁਣ ਰਸਮੀ ਜਿਹੀ ਹੋ ਕੇ ਰਹਿ ਗਈ ਹੈ। ਸਮੇਂ ਦਾ ਸੰਤਾਪ ਦੇਖੋ ਕਿਸੇ ਨਾਮੁਰਾਦ ਬਿਮਾਰੀ ਨਾਲ ਮਰ ਜਾਣ ਵਾਲਿਆਂ ਦੀਆਂ ਦੇਹਾਂ ਵਿਦਾਇਗੀ ਸਮੇਂ ਆਪਣਿਆਂ ਦੇ ਮੋਢਿਆਂ ਨੂੰ ਤਰਸ ਰਹੀਆਂ ਹਨ। ਮਰਨ ਵਾਲਿਆਂ ਦਾ ਆਤਮਿਕ ਸੁੱਖ ਮੰਗਣ ਵਾਲਿਆਂ ਦੀ ਆਪਣੀ ਆਤਮਾ ਮਰ ਰਹੀ ਹੈ। ਮਸ਼ੀਨੀਕਰਨ ਦੇ ਯੁੱਗ ਨੇ ਸਾਡੇ ਲਹੂ ਦੇ ਰਿਸ਼ਤਿਆਂ ਦਾ ਮਸ਼ੀਨੀਕਰਨ ਕਰ ਦਿੱਤਾ ਹੈ।

ਪੰਜਾਬ ਨੇ ਉਹ ਦਿਨ ਵੀ ਦੇਖੇ ਹਨ ਜਦੋਂ ਕਿਸੇ ਦੇ ਮਰ ਜਾਣ 'ਤੇ ਆਂਢ-ਗੁਆਂਢ ਦੇ ਚੁੱਲ੍ਹੇ ਵੀ ਠੰਢੇ ਹੋ ਜਾਂਦੇ ਸਨ ਪਰ ਹੁਣ ਤਾਂ ਪਰਿਵਾਰ ਵਾਲੇ ਭਾਣਾ ਮੰਨਣ ਦਾ ਬੱਲ ਹਾਸਲ ਕਰਨ ਲਈ (ਮਰਨ ਵਾਲੇ ਦਾ ਸਿਵਾ ਠੰਢਾ ਹੋਣ ਤੋਂ ਪਹਿਲਾਂ ਹੀ) ਰਸੋਈ ਵਾਲੇ ਸਿਲੰਡਰ ਨੂੰ ਆਨ ਕਰ ਦਿੰਦੇ ਹਨ।ਆਪਣੇ ਜੰਮਿਆਂ-ਜਾਇਆਂ ਦੇ ਇਸ ਨਿਰਮੋਹੀ ਵਰਤਾਓ ਕਾਰਨ ਨਾ ਸਿਰਫ਼ ਵਿਛੜੀ ਰੂਹ ਹੀ ਤੜਪਦੀ ਹੋਵੇਗੀ ਸਗੋਂ ਉਸ ਪੰਜਾਬ ਦੀ ਰੂਹ ਵੀ ਕੰਬ ਜਾਂਦੀ ਹੋਵੇਗੀ ਜਿਸ ਨੂੰ ਪੰਜ ਆਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

# ਖੁਦਮੁਖਤਿਆਰੀ ਹੀ ਇੱਕੋ ਇੱਕ ਹੱਲ ਪੰਜਾਬ ਦੀ ਕਿਰਸਾਨੀ ਤੇ ਹੋਰ ਮਸਲਿਆਂ ਦਾ!



ਜੈਗ ਸਿੰਘ
91-94170-95965

ਦੇਸ ਦੇ ਹਰ ਉਸ ਅਮਨ ਪਸੰਦ, ਲੋਕਤੰਤਰ ਦੇ ਅਲੰਬੜ੍ਹਦਾਰ, ਧਰਮ ਨਿਰਪੇਖ ਮਨੁੱਖ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਦਿਲੋਂ ਸੁੱਕਰਗੁਜਾਰ ਹੋਣਾ ਚਾਹੀਦਾ ਜਿਨਾਂ ਨੇ ਮੰਨੂਵਾਦੀ ਸਿਧਾਂਤ ਦੇ ਮੁਤਾਬਿਕ ਰ ਸ ਸ ਦੀ ਬਣਾਈ ਨੀਤੀ ਤੇ ਚਲਦੇ ਹੋਏ ਇਕ ਦੇਸ਼, ਇਕ ਰਾਸ਼ਟਰ, ਇਕ ਸੰਵਿਧਾਨ, ਇਕ ਬੋਲੀ ਤੇ ਇਕ ਧਰਮ ਦਾ ਨਾਹਰਾ ਦੇ ਕੇ ਦੇਸ਼ ਵਿੱਚ "ਹਿੰਦੂ ਰਾਸ਼ਟਰ" ਨਹੀਂ ਬਲਕਿ "ਬ੍ਰਾਹਮਣ ਰਾਜ" ਸਥਾਪਤ ਕਰਕੇ ਦੇਸ਼ ਦੇ ਮੁੱਠੀ ਭਰ ਲੋਕਾਂ ਅੰਬਾਨੀਆਂ, ਅਡਾਨੀਆਂ, ਨੀਰਵ ਮੋਦੀਆਂ ਨੂੰ ਖੁਸ਼ ਕਰਨ ਲਈ ਜਿਹੜਾ ਪੰਜਾਬ ਗੁਰੂਆਂ ਦੇ ਨਾਂ ਤੇ ਹਮੇਸ਼ਾ ਹੱਸਦਾ, ਵਸੱਦਾ, ਗਾਉਂਦਾ ਤੇ ਨੱਚਦਾ ਆ ਰਿਹਾ ਹੈ।ਉਥੋਂ ਦੇ ਸਾਰਿਆਂ ਵਾਸੀਆਂ ਦੀ ਅਣੱਖ ਨੂੰ ਤਿੰਨ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਲੋਕ ਸਭਾ ਵਿੱਚ ਬੜੇ ਹੀ ਹੈਂਕੜ ਤੇ ਹੰਕਾਰ ਭਰੀ ਨੀਤੀ ਵਰਤ ਕੇ, ਧੱਕੇ ਨਾਲ ਪਾਸ ਕਰਕੇ ਵੰਗਾਰਿਆ ਸੀ। ਇਸ ਨੇ ਸਿਰਫ ਪੰਜਾਬ ਦੇ ਕਿਸਾਨਾਂ ਨੂੰ ਹੀ ਨਹੀਂ ਬਲਕਿ ਪੰਜਾਬ ਦੇ ਹਰ ਵਰਗ ਨੂੰ ਇਨਾਂ ਬਿੱਲਾਂ ਵਿਰੁੱਧ ਇਕਠੇ ਹੋ ਕੇ ਲੜਣ ਲਈ ਇਕ ਲੜ੍ਹੀ ਵਿੱਚ ਵੀ ਪਰੋ ਦਿੱਤਾ ਹੈ।ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਹ ਪਤਾ ਨਹੀਂ ਕਿਹੜ੍ਹੀ ਨਸਲ ਦਾ ਬੰਦਾ ਹੈ ਜਿਹੜਾ ਕਈ ਵਰ੍ਹੇ ਪੰਜਾਬ ਵਿੱਚ ਰ ਸ ਸ ਦਾ ਪ੍ਰਬੰਧਕ ਬਣ ਕੇ ਬੜਾ ਚਿਰ ਇਥੇ ਵਿਚੱਰਦਾ ਰਿਹਾ ਹੈ। ਪਰ ਪੰਜਾਬ ਦਾ ਕੀ ਖਾਸਾ ਹੈ ? ਉਸ ਨੂੰ ਨਹੀਂ ਸਮਝ ਸਕਿਆ। ਦੇਸ਼ ਦੇ ਮਕਾਰ ਤੇ ਛਲਾਵੇ ਭਰੇ ਇਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਰੋਨੇ ਬਿਮਾਰੀ ਦੀ ਆੜ੍ਹ ਵਿੱਚ ਪਹਿਲਾਂ ਉਸ ਦਾ ਨਜਾਇਜ ਲਾਭ ਲੈ ਕੇ ਕਈ ਮੁਸਲਿਮ ਵਿਰੋਧੀ ਕਾਨੂੰਨ ਪਾਸ ਕਰ ਕੇ ਗਿੱਝ ਹੀ ਨਹੀਂ ਸੀ ਗਿਆ, ਉਹ ਨਾਲ ਹੀ ਹੰਕਾਰ ਵਿੱਚ ਆ ਕੇ ਇਹ ਵੀ ਸਮਝਣ ਲਗ ਪਿਆ ਸੀ ਕਿ ਮੈਂ ਪਿੱਛਲੇ ਹੋ ਚੁੱਕੇ ਤਾਨਾਸ਼ਾਹਾਂ ਨੂੰ ਮਾਤ ਪਾ ਕੇ ਬੜਾ ਵੱਡਾ ਤਾਨਾਸ਼ਾਹ ਵੀ ਬਣ ਗਿਆ ਹਾਂ। ਉਸ ਦੇ ਗੁਮਾਨ ਭਰੇ ਇਸ ਰੱਥ ਨੂੰ ਹੁਣ ਕੋਈ ਨਹੀਂ ਰੋਕ ਸਕੇਗਾ। ਪਰ ਉਸ ਨੂੰ ਇਹ ਚਿੱਤ ਚੇਤੇ ਵੀ ਨਹੀਂ ਸੀ ਕਿ ਉਸ ਦਾ ਵਾਹ ਪੰਜਾਬ ਦੇ ਉਨਾਂ ਲੋਕਾਂ ਨਾਲ ਪੈ ਗਿਆ ਹੈ। ਜਿਨਾਂ ਨੇ ਪੰਜਾਬ ਤੇ ਚੜ੍ਹ ਕੇ ਆਉਣ ਵਾਲੇ ਸਾਰੇ ਜਾਬਰਾਂ ਦੇ ਅਜਿਹੇ ਜਬਾੜ੍ਹੇ ਭੰਨੇ ਹਨ ਕਿ ਮੁੜ ਕੇ ਉਨਾਂ ਫਿਰ ਪੰਜਾਬ ਵੱਲ ਆਉਣ ਦੀ ਕਦੇ ਜੁਅੱਰਤ ਹੀ ਨਹੀਂ ਕੀਤੀ। ਇਸ ਆਗੂ ਨੂੰ ਇਹ ਵੀ ਨਹੀਂ ਸੀ ਪਤਾ ਕਿ ਕਿਸਾਨਾਂ ਦਾ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਿਹਾ ਅੰਦੋਲਨ ਇਤਨਾ ਭਿਆਨਕ ਰੂਪ ਧਾਰਨ ਕਰ ਜਾਵੇਗਾ।ਉਹ ਹਰ ਪ੍ਰਕਾਰ ਦੇ ਰੋਕੇ ਜਾਣ ਦੇ ਯਤਨ ਕਰਨ ਦੇ ਬਾਵਜੂਦ, ਤੱਪਦੇ ਸੂਰਜ ਵਾਗੂੰ ਦਿਨੋ ਦਿਨ ਹੋਰ ਮੱਘਦਾ ਮੱਘਦਾ, ਅੱਗ ਦੇ ਅੰਗਾਰੇ ਸੁਟੱਣ ਤਕ ਵੀ ਜਾ ਪੁੱਜੇਗਾ।ਕਦੇ ਕਿਸੇ ਸਿਆਣੇ ਤੋਂ ਸਿਆਣੇ ਭਾਜਪਾ ਆਗੂ ਦੇ ਦਿੱਲ ਦਿਮਾਗ ਵਿੱਚ ਵੀ ਇਹ ਗੱਲ ਨਹੀਂ ਆਈ ਹੋਵੇਗੀ ਕਿ ਕਿਰਸਾਨੀ ਮਸੱਲਿਆਂ ਦਾ ਹੱਲ ਨਿਰੇ ਇਹ ਬਿੱਲ ਵਾਪਿਸ ਕਰਾਉਣ ਤਕ ਹੀ ਸੀਮਤ ਨਾ ਰਹਿ ਕੇ ਪੰਜਾਬ ਕੋਲ ਉਸਦੀ "ਖੁਦਮੁੱਖਤਿਆਰੀ" ਹੋਣਾ ਜਰੂਰੀ ਮੰਗ ਬਣ ਜਾਣ ਤਕ ਜਾ ਅਪੜੇਗੀ।ਕਿਸਾਨਾਂ ਸਮੇਤ ਪੰਜਾਬ ਦੇ ਵਾਸੀਆਂ ਦੀ ਇਹ ਨਿੱਗਰ ਸੋਚ ਬਣ ਗਈ ਹੈ ਕਿ ਇਨਾਂ ਮਸਲਿਆਂ ਦਾ ਸਿਰਫ ਤੇ ਸਿਰਫ ਇੱਕੋ ਹੱਲ ਹੈ। ਅੱਜ ਪੰਜਾਬੀ ਇਸ ਪੱਖੋਂ ਵੀ ਸੋਚਣ ਲਗ ਪਿਆ ਹੈ ਕਿ ਸਰਕਾਰਾਂ ਵਲੋਂ ਜਾਨ ਬੁੱਝ ਕੇ ਉਨਾਂ ਵਿਰੋਧੀ ਕਈ ਮਸਲੇ ਖੜ੍ਹੇ ਕੀਤੇ ਜਾਂਦੇ ਹਨ ਤੇ ਫਿਰ ਪੰਜਾਬੀਆਂ ਨੂੰ ਉਸ ਮਸਲੇ ਦਾ ਹਲ ਕਰਨ ਲਈ ਅੰਦੋਲਨ ਕਰਨਾ ਪੈਂਦਾ, ਉਹ ਮਸੱਲਾ ਹਾਲੇ ਪੂਰੀ ਤਰਾਂ ਹੱਲ ਨਹੀਂ ਹੋਇਆ ਹੁੰਦਾ ਕਿ ਸਰਕਾਰਾਂ ਸ਼ਰਾਰਤਨ ਇਕ ਹੋਰ ਮਸੱਲਾ ਖੜ੍ਹਾ ਕਰ ਦੇਂਦੀਆਂ ਹਨ। ਸਰਕਾਰਾਂ ਨੇ ਤਾਂ ਆਪਣਾ ਸੁਭਾਅ ਬਣਾ ਲਿਆ ਕਿ ਪੰਜਾਬੀਆਂ ਲਈ ਕੋਈ ਨਾ ਕੋਈ ਮੱਸਲਾ ਖੜ੍ਹਾ ਕਰ ਕੇ, ਇਨਾਂ ਨੂੰ ਉਨਾਂ ਵਿੱਚ ਹੀ ਉਲਝਾਈ ਰਖੋ ਤਾਂ ਕਿ ਇਹ ਆਪਣੀ ਪ੍ਰਭੁਸੱਤਾ ਤੇ ਖੁਦ ਮੁਖਤਿਆਰੀ ਬਾਰੇ ਸੋਚ ਹੀ ਨਾ ਸਕਣ।ਉਨਾਂ ਨੂੰ ਮਸਲਿਆਂ ਵਿੱਚ ਉਲੱਝਾ ਉਲੱਝਾ ਕੇ ਇਸ ਗੱਲ ਦਾ ਅਹਿਸਾਸ ਕਰਾਇਆ ਜਾਂਦਾ ਰਹੇ ਕਿ ਉਹ ਇਸ ਅਜਾਦ ਦੇਸ਼ ਵਿੱਚ ਅਜਾਦ ਨਹੀਂ, ਬਲਕਿ ਗੁਲਾਮ ਹਨ।ਇਹੋ ਜਿਹਾ ਅਹਿਸਾਸ ਪਿਛਲੇ 70-75 ਸਾਲਾਂ ਤੋਂ ਪੰਜਾਬੀਆਂ ਨੂੰ ਕਰਾਇਆ ਵੀ ਜਾ ਰਿਹਾ ਹੈ।ਕਿੰਨੇ ਧੱਕੇ ਹੁਣ ਤਕ ਪੰਜਾਬ ਤੇ ਪੰਜਾਬੀਆਂ ਨਾਲ ਮੋਦੀ ਸਰਕਾਰ ਸਮੇਤ ਹੋਰ ਰਾਜ ਕਰ ਚੁੱਕੀਆਂ ਸਰਕਾਰਾਂ ਕਰ ਚੁੱਕੀਆਂ ਹਨ । ਜਿਸ ਦਾ ਨਤੀਜਾ ਪੰਜਾਬ ਦੇ ਵਾਸੀਆਂ ਨੂੰ ਹੁਣ ਇਸ ਸੋਚ ਦੇ ਧਾਰਨੀ ਬਣਨ ਲਈ ਮਜਬੂਰ ਹੋਣਾ ਪਿਆ ਕਿ ਰੋਜ ਰੋਜ ਦੀ ਲੜਾਈ ਨਾਲੋਂ ਉ ਸੋ ਸੁਨਿਆਰ ਦੀ ਥਾਂ ਤੇ ਇਕ ਲੁਹਾਰ ਦੀ" ਦੀ ਨੀਤੀ ਬਣਾਉਣੀ ਪਵੇਗੀ। ਇਸੇ ਕਰਕੇ ਹੁਣ ਕਿਸਾਨੀ ਮੱਸਲੇ ਦਾ ਹੱਲ ਕਿਸਾਨੀ ਸੰਘਰਸ਼ ਦੇ ਲੜੇ ਜਾ ਰਹੇ ਘੋਲ ਦੇ ਇਕ ਪੜਾਅ ਸ਼ੰਭੂ ਬਾਰਡਰ ਵਿਚੋਂ ਬੁਲੰਦ ਹੋਕੇ ਅਵਾਜ ਉੱਠਣੀ ਸ਼ੁਰੂ ਹੋ ਗਈ ਹੈ ਕਿ ਸਭ ਮਸਲਿਆਂ ਦਾ ਹੱਲ "ਪੰਜਾਬ ਕੋਲ ਖੁਦਮੁੱਖਤਿਆਰੀ" ਚਾਹੀਦੀ ਹੈ। ਇਸ ਸਮੇਂ ਕਿਸਾਨਾਂ ਵਲੋਂ ਵੱਖ ਵੱਖ ਥਾਵਾਂ ਤੇ ਧਰਨੇ ਲਗਾਏ ਜਾ ਰਹੇ ਹਨ। ਜਿਨਾਂ ਵਿੱਚ ਇਕ ਧਰਨਾ ਜਿਹੜਾ 'ਸ਼ੰਭੂ ਬਾਰਡਰ'ਵਿਖੇ ਕਲਾਕਾਰਾਂ ਨੇ ਲਗਾਇਆ ਹੋਇਆ ਹੈ।ਉਥੇ ਵੱਡੀ ਗਿਣਤੀ ਵਿੱਚ ਕਿਸਾਨਾਂ ਦੇ ਨਾਲ ਕਲਾਕਾਰ ਵੀ ਇਕੱਠੇ ਹੁੰਦੇ ਹਨ। ਜਿਹੜੇ ਵੀ ਉਥੇ ਬੁਲਾਰੇ ਬੋਲਦੇ ਹਨ ਦਾ ਇਹ ਹੀ ਕਹਿਣਾ ਹੈ ਕਿ ਰੋਜ ਰੋਜ ਦੀ ਲੜਾਈਆਂ ਲੜਣ ਨਾਲੋਂ ਇਸ ਦਾ ਇਕੋ ਵਾਰੀ ਹੱਲ ਕਰ ਕੇ ਬਾਰ ਬਾਰ ਦੀਆਂ ਸਮਸਿਆਵਾਂ ਤੋਂ ਖਹਿੜ੍ਹਾ ਛੁਡਾਉਣਾ ਚਾਹੀਦਾ ਹੈ। ਇਥੇ ਕਲਾਕਾਰ ਦੀਪ ਸਿੱਧੂ ਤੇ ਉਸ ਦੇ ਹੋਰ ਸਾਥੀਆਂ ਜੱਸ ਬਾਜਵਾ, ਰਣਜੀਤ ਬਾਵਾ, ਕਨਵਰ ਗਰੇਵਾਲ , ਬੀਰ ਸਿੰਘ, ਹੋਬੀ ਧਾਲੀਵਾਲ , ਯੋਗਰਾਜ ਆਦਿ ਵੱਡੀ ਗਿਣਤੀ ਵਿੱਚ ਕਲਾਕਾਰ ਬੁਲਾਰਿਆਂ ਵਲੋਂ ਗਾਏ ਗੀਤਾਂ ਤੇ ਭਾਸ਼ਨਾਂ ਵਿੱਚ ਇਹ ਗੱਲ ਕਹੀ ਜਾ ਰਹੀ ਹੈ। ਕਲਾਕਾਰ ਦੀਪ ਸਿੱਧੂ ਨੇ ਇਹ ਵੀ ਕਿਹਾ ਕਿ ਬੜੀ ਜਲਦੀ ਸੂਝਵਾਨ ਲੋਕਾਂ ਦੀ ਅਗਵਾਈ ਵਿੱਚ ਪਾਰਟੀ ਦਾ ਗਠਨ ਕਰਕੇ ਐਲਾਨ ਕਰ ਦਿੱਤਾ ਜਾਵੇਗਾ। ਪਰ ਪਿਛਲੇ ਕੁਝ ਦਿਨਾਂ ਤੋਂ ਕੁਝ ਮਸਲਿਆਂ ਤੋਂ ਇਸ ਧਰਨੇ ਨੂੰ ਚਲਾਉਣ ਲਈ ਬਣਾਈ ਕਮੇਟੀ ਵਿੱਚੋਂ ਕੁਝ ਮੈਂਬਰਾਂ ਨੂੰ ਬਾਹਰ ਕੀਤਾ ਗਿਆ ਹੈ। ਇਸ ਪ੍ਰਵਿਰਤੀ ਨੂੰ ਰੋਕਣ ਦੀ ਜਰੂਰਤ ਹੈ ਜੇ ਕੋਈ ਮੱਸਲਾ ਆਉਂਦਾ ਹੈ ਤਾਂ ਉਸ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ ਨਾ ਕਿ ਬਣਾਈ ਕਮੇਟੀ ਵਿੱਚੋਂ ਮੈਂਬਰਾਂ ਨੂੰ ਚਲਦੇ ਕਰੀ ਜਾਣਾ। ਇਹ ਤਾਂ ਆਪਣੀ ਤਾਕਤ ਨੂੰ ਕੰਮਜੋਰ ਕਰਨ ਵਾਲੀ ਗਲ ਹੈ। ਇਹੀ ਕੁਝ ਹੁਕਮਰਾਨ ਲੋਕ ਚਾਹੁੰਦੇ ਹਨ। ਇਸ ਧਰਨੇ ਦੀ ਇਕ ਹੋਰ ਵਿਸ਼ਸ਼ੇਤਾ ਜੋ ਵੇਖੀ ਜਾ ਰਹੀ ਹੈ ਕਿ ਕਈ ਬੁਲਾਰਿਆਂ ਤੇ ਢਾਡੀ ਜਥਿਆਂ, ਕਵੀਆਂ ਇਥੋਂ ਤਕ ਨੋਜੁਆਨ ਲੜਕੇ, ਲੜਕੀਆਂ ਵਲੋਂ ਬੜੇ ਸ਼ਾਨਦਾਰ ਤੇ ਸੁਰੀਲੀਆਂ ਅਵਾਜਾਂ ਵਿੱਚ ਆਪਣੇ ਪੁਰਾਤਨ ਬਹਾਦਰੀ ਭਰੇ ਇਤਿਹਾਸ ਨੂੰ ਸੁਣਾ ਕੇ ਧਰਨੇ ਵਿੱਚ ਸ਼ਾਮਲ ਹੁੰਦੇ ਲੋਕਾਂ ਦੇ ਗਿਆਨ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਜਿਸ ਦੀ ਇਸ ਸਮੇਂ ਅਹਿਮ ਲੋੜ ਵੀ ਸੀ। ਦੂਸਰੀ ਤਰਫ ਕਿਸਾਨ ਜਥੇਬੰਦੀਆਂ ਵਲੋਂ ਅੰਦੋਲਨ ਨੂੰ ਦੇਸ ਭਰ ਦਾ ਸੰਗਰਾਮ ਬਣਾਉਣ ਲਈ 26 ਤੇ 27 ਅਕਤੂਬਰ ਨੂੰ ਭਾਰਤ ਦੀਆਂ 250 ਤੋਂ ਕਿਤੇ ਵਧੇਰੇ ਕਿਸਾਨ ਜਥੇਬੰਦੀਆਂ ਦੀ ਅੱਗਲੀ ਰਣ ਨੀਤੀ ਘੜ੍ਹਣ ਲਈ ਗੁ; ਰਕਾਬ ਗੰਜ ਦਿੱਲੀ ਵਿਖੇ ਜਿਹੜੀ ਮੀਟਿੰਗ ਰੱਖੀ ਗਈ ਸੀ।ਉਸ ਵਿੱਚ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਹੈ ਕਿ ਕਿਸਾਨੀ ਸੰਘਰਸ਼ ਨੂੰ ਪੰਜਾਬ ਤੋਂ ਭਾਰਤ ਭਰ ਵਿੱਚ ਲਿਜਾਣ ਲਈ 5 ਨਵੰਬਰ 2020 ਨੂੰ ਦੁਪਹਿਰੇ 12 ਵਜੇ ਤੋਂ ਸ਼ਾਮ 4 ਵਜੇ ਤਕ ਦੇਸ਼ ਨੂੰ ਮੁਕੰਮਲ ਤੋਰਤੇ ਬੰਦ ਰਖਿਆ ਜਾਵੇ।ਉਸ ਦਿਨ ਭਾਰਤ ਦਾ ਚੱਕਾ ਜਾਮ ਕੀਤਾ ਜਾਵੇਗਾ। ਕਿਸਾਨ ਜਥੇਬੰਦੀਆਂ ਨੇ ਇਸ ਦੇ ਨਾਲ ਹੀ 26-27 ਨਵੰਬਰ ਨੂੰ ਦੇਸ਼ ਦੇ ਸਾਰੇ ਕਿਸਾਨਾਂ ਨੇ ਦਿੱਲੀ ਪੁੱਜਣ ਦਾ ਪ੍ਰੋਗਰਾਮ ਵੀ ਉਲੀਕਿਆ ਹੈ ਤਾਂ ਕਿ ਦਿੱਲੀ ਪੁੱਜ ਕੇ ਸਰਕਾਰ ਦੇ ਦਿਮਾਗ ਵਿੱਚ ਅੜ੍ਹੀ ਹੋਈ ਤਾਨਾਸ਼ਾਹੀ ਤੇ ਹੈਂਕੜਬਾਜੀ ਨੂੰ ਕੱਢ ਕੇ ਦਸਿਆ ਜਾਵੇ ਕਿ ਲੋਕਾਂ ਦਾ ਰੋਹ ਬੜਾ ਕੁਝ ਕਰ ਗੁੱਜਰਦਾ ਹੈ। ਸਰਕਾਰਾਂ ਨੂੰ ਆਪਣੀ ਅੜ੍ਹੀ ਤੇ ਢੀਠਤਾਈ ਛੱਡ ਕੇ ਆਖਰ ਲੋਕਾਂ ਦੀਆਂ ਜਾਇਜ ਤੇ ਹੱਕੀ ਮੰਗਾਂ ਅੱਗੇ ਝੁੱਕਣਾ ਪੈਂਦਾ ਹੈ। ਸ੍ਰੀ ਨਰਿੰਦਰ ਮੋਦੀ ਦੀ ਇੰਨੀ ਹੰਕਾਰ ਭਰੀ ਬਿਰਤੀ ਬਿਹਾਰ ਵਿਖੇ ਇਕ ਚੋਣ ਜਲਸੇ ਵਿੱਚ ਇਹ ਕਹਿਣਾ ਕਿ ਕਿਸਾਨਾਂ ਦੇ ਬਿੱਲ ਅਤੇ ਧਾਰਾ 370 ਕਦੇ ਵੀ ਵਾਪਿਸ ਨਹੀਂ ਹੋਣਗੇ। ਇਹ ਸ਼ਬਦ ਆਪਣੇ ਆਪ ਵਿੱਚ ਬੜੇ ਵੱਡੇ ਅਰਥ ਬਿਆਨ ਕਰ ਰਹੇ ਹਨ। ਜਿਸ ਨੂੰ ਪੰਜਾਬ ਦੇ ਕਿਸਾਨ ਤੇ ਪੰਜਾਬੀ ਬੜੀ ਚੰਗੀ ਤਰਾਂ ਸਮਝ ਰਹੇ ਹਨ ਕਿ ਮੋਦੀ ਸਾਹਿਬ ਦੇ ਅਜਿਹੇ ਸ਼ਬਦ ਉਸ ਸਮੇਂ ਕਹਿਣੇ ਜਦੋਂ ਪੰਜਾਬ ਦੀ ਕਿਸਾਨੀ ਜਾਨ ਹੂਲ ਕੇ ਆਪਣੇ ਹੱਕਾਂ ਲਈ ਲੜਾਈ ਲੜ੍ਹ ਰਹੀ ਹੈ।ਦੇਸ਼ ਦਾ ਪ੍ਰਧਾਨ ਮੰਤਰੀ ਕਿਸੇ ਪਾਰਟੀ ਵਿਸ਼ੇਸ਼ ਦਾ ਨਾ ਹੋ ਕੇ ਪੂਰੇ ਦੇਸ਼ ਦਾ ਹੁੰਦਾ ਹੈ। ਪਰ ਮੋਦੀ ਸਾਹਿਬ ਤਾਂ ਜੰਮੂ ਕਸਮੀਰ ਤੋਂ ਬਾਅਦ ਪੰਜਾਬ ਦੇ ਕਟੱੜ੍ਹ ਵਿਰੋਧੀ ਬਣ ਚੁੱਕੇ ਹਨ। ਮੋਦੀ ਸਰਕਾਰ ਪਿਛਲੇ ਸਮੇਂ ਤੋਂ ਪੰਜਾਬ ਨਾਲ ਕਦੇ ਉਸ ਦਾ ਬਣਦਾ ਜੀ ਐਸ ਟੀ ਨਾ ਦੇ ਕੇ , ਕਦੇ ਮੰਡੀ ਬੋਰਡ ਨੂੰ ਤੋੜ੍ਹ ਕੇ ਪੰਜਾਬ ਨੂੰ 4500 ਕਰੋੜ੍ਹ ਦਾ ਘਾਟਾ ਪਾਉਣ, ਕਦੇ 1170 ਕਰੋੜ੍ਹ ਰੁਪਏ ਦਾ ਪੇਂਡੂ ਵਿਕਾਸ ਫੰਡ ਨਾ ਦੇ ਕੇ , ਕਦੇ ਮਾਲ ਗੱਡੀਆਂ ਨੂੰ ਪੰਜਾਬ ਆਉਣਾ ਬੰਦ ਰੱਖ ਕੇ ਉਸ ਨਾਲ ਬਦਲਾਖੋਰੀ ਦੀ ਭਾਵਨਾ ਰੱਖ ਕੇ ਉਸ ਨੂੰ ਹੋਰ ਬਰਬਾਦ ਕਰਨ ਦਾ ਠਾਣ ਚੁੱਕੀ ਹੈ। ਲਗਦਾ ਹੈ ਕਿ ਉਹ ਹੁਣ ਇਨੀ ਬੌਂਦਲ ਗਈ ਹੈ ਕਿ ਉਸ ਨੂੰ ਕੁਝ ਵੀ ਨਜਰ ਨਹੀਂ ਆ ਰਿਹਾ ਕਿ ਉਨਾਂ ਵਲੋਂ ਆਪ ਸਹੇੜ੍ਹੀ ਕਿਸਾਨਾਂ ਦੇ ਬਿੱਲਾਂ ਵਾਲੀ ਇਸ ਬਿਪਤਾ ਤੋਂ ਕਿਵੇਂ ਨਿਜਾਤ ਪਾਉਣ? ਜਿਸ ਦਾ ਸਾਰਥਕ ਨਿਬੇੜ੍ਹਾ ਕਰਨ ਦੀ ਬਜਾਏ ਉਹ ਹੋਰ ਡਰੀ ਹੋਈ ਹੁਣ ਹੋਰ ਹੋਛੇ ਹੱਥਕੰਡਿਆਂ ਤੇ ਵੀ ਉੱਤਰ ਆਈ ਹੈ। ਇਹ ਵੀ ਪਤਾ ਲਗਾ ਕਿ ਕਲਾਕਾਰਾਂ ਨੂੰ ਡਰਾਉਣ ਲਈ ਉਸ ਨੇ ਹੁਣ ਇਨਕਮ ਟੈਕਸ ਸਮੇਤ ਕਈ ਪ੍ਰਕਾਰ ਦੇ ਛਾਪੇ ਮਾਰੇ ਜਾਣ ਦੇ ਡਰਾਵੇ ਦੇ ਰਹੀ ਹੈ ਤਾਂ ਕਿ ਕਲਾਕਾਰ ਇਸ ਜਦੋਜਹਿਦ ਤੋਂ ਕਿਨਾਰਾ ਕਰ ਜਾਣ।ਇਹ ਕਾਰਵਾਈ ਵੀ ਸਰਕਾਰ ਦੀ ਨਮੋਸ਼ੀ ਜਨਕ ਹੋ ਰਹੀ ਹਾਰ ਦਾ ਪ੍ਰਗਟਾਵਾ ਕਰ ਰਹੀ ਹੈ। ਪਰ ਸਰਕਾਰ ਦੇ ਹੋਛੇ ਹੱਥਕੰਡੇ ਵਰਤਣ ਨਾਲ ਲਹਿਰ ਹੁਣ ਦੱਬਣ ਵਾਲੀ ਨਹੀਂ, ਬਲਕਿ ਹੋਰ ਪ੍ਰਚੰਡ ਹੋਣ ਦੇ ਆਸਾਰ ਬਣ ਗਏ ਹਨ। ਪੰਜਾਬ ਦੇ ਲੋਕ ਹੈਰਾਨ ਹਨ ਕਿ ਆਖਰ ਪੰਜਾਬ ਤੋਂ ਚੁੱਣੇ ਹੋਏ ਲੋਕ ਸਭਾ ਮੈਂਬਰ, ਰਾਜ ਸਭਾ ਮੈਂਬਰ ਤੇ ਪੰਜਾਬ ਦੀ ਚੁੱਣੀ ਹੋਈ ਸਰਕਾਰ ਕਰ ਕੀ ਰਹੀ ਹੈ? ਉਹ ਹੋਰ ਕੀ ਵੇਖਣਾ ਚਾਹੁੰਦੇ ਹਨ। ਲੋਕਾਂ ਨੇ ਉਨਾਂ ਨੂੰ ਇਸ ਕਰਕੇ ਚੁੱਣ ਕੇ ਨਹੀਂ ਸੀ ਭੇਜਿਆ ਕਿ ਤਨਖਾਹਾਂ, ਭੱਤੇ, ਪੈਨਸ਼ਨਾਂ ਆਦਿ ਸਹੂਲਤਾਂ ਦਾ ਅਨੰਦ ਮਾਣੋ। ਤੁਹਾਡੀ ਇਹ ਵੀ ਜਿੰਮੇਵਾਰੀ ਹੈ ਕਿ ਪੰਜਾਬ ਦੇ ਹਿੱਤਾਂ ਦੀ ਵੀ ਰਖਵਾਲੀ ਕਰੋ।ਜੇ ਕਰ ਕੇਂਦਰ ਦੀ ਸਰਕਾਰ ਪੰਜਾਬ ਜਾਂ ਉਥੋਂ ਦੇ ਲੋਕਾਂ ਦੇ ਵਿਰੁੱਧ ਕੋਈ ਗਲਤ ਕਾਨੂੰਨ ਪਾਸ ਕਰਦੀ ਹੈ ਤਾਂ ਉਨਾਂ ਨੂੰ ਕੇਂਦਰ ਦੀ ਸਰਕਾਰ ਵਿਰੁੱਧ ਆਪਣਾ ਸਖਤ ਰੋਸ ਜਿਤਾ ਕੇ ਇਨਾਂ ਕਾਲੇ ਕਾਨੂੰਨਾਂ ਨੂੰ ਲਾਗੂ ਹੋਣ ਦੇਣ ਤੋਂ ਰੋਕਣਾ ਚਾਹੀਦਾ ਤਾਂ ਕਿ ਲੋਕਾਂ ਨੂੰ ਪਤਾ ਲਗੇ ਕਿ ਉਹ ਉਨਾਂ ਦੇ ਹਿੱਤਾਂ ਨਾਲ ਖੜ੍ਹੇ ਹਨ।ਪਰ ਤੁਸੀ ਤਾਂ ਲੋਕ ਸਭਾ ਵਿੱਚ ਇਨਾਂ ਬਿੱਲਾਂ ਬਾਰੇ ਇਕੜ੍ਹ ਦੁਕੜ੍ਹ ਲੀਡਰਾਂ ਤੋਂ ਬਿਨਾ ਬਾਕੀ ਸਾਰੇ ਮੂੰਹ ਵਿੱਚ ਘੁੰਗਣੀਆਂ ਪਾ ਕੇ ਖਾਮੋਸ਼ ਇਸ ਵਰਤਾਰੇ ਨੂੰ ਹੁੰਦਾ ਹੀ ਨਹੀਂ ਵੇਖਦੇ ਰਹੇ ਬਲਕਿ ਇਕ ਕੇਂਦਰੀ ਮੰਤਰੀ ਸਮੇਤ ਕੁਝ ਹੋਰ ਆਗੂ ਤਾਂ ਸਾਰੀ ਸ਼ਰਮ ਹਯਾ ਵੇਚ ਕੇ ਇਨਾਂ ਬਿੱਲਾਂ ਨੂੰ "ਕਿਸਾਨਾਂ ਦੇ ਹੱਕ ਵਾਲਾ" ਕਹਿ ਕੇ ਅਖਬਾਰਾਂ ਤੇ ਟੀ ਵੀ ਚੈਨਲਾਂ ਤੇ ਪ੍ਰਚਾਰ ਕਰਦੇ ਵੇਖੇ ਵੀ ਗਏ ਹਨ। ਹੁਣ ਉਹ ਆਪਣੇ ਆਪ ਨੂੰ ਪੰਜਾਬ ਹਿਤੈਸ਼ੀ ਦਸੱਣ ਦਾ ਸਾਰਾ ਟਿੱਲ ਜੋਰ ਲਗਾ ਰਹੇ ਹਨ ਪਰ ਲੋਕ ਉਨਾਂ ਦੀ ਅਸਲੀਅਤ ਨੂੰ ਸਮਝ ਚੁੱਕੇ ਹਨ। ਉਹ ਹੁਣ ਉਨਾਂ ਨੂੰ ਹੋਰ ਬੁੱਧੂ ਤੇ ਮੂਰਖ ਨਹੀਂ ਬਣਾ ਸਕਦੇ। ਜਦੋਂ ਪੰਜਾਬ ਦੇ ਕਿਸਾਨਾਂ ਵਿੱਚ ਇਨਾਂ ਬਿੱਲਾਂ ਪ੍ਰਤੀ ਵਿਦਰੋਹ ਪੈਦਾ ਹੋ ਗਿਆ ਤਾਂ ਉਨਾਂ ਨੇ ਮਗਰਮੱਛ ਦੇ ਅੱਥਰੂ ਸੁਟੱਣੇ ਸ਼ੁਰੂ ਕਰ ਦਿੱਤੇ। ਜੋ ਕੁਝ ਪਿਛੇ ਹੋਣਾ ਸੀ, ਸੋ ਹੋ ਗਿਆ ਜੇ ਕਰ ਉਹ ਪਹਿਲਾਂ ਆਪਣੀ ਜਿੰਮੇਵਾਰੀ ਨਹੀਂ ਨਿਭਾ ਸਕੇ ਤਾਂ ਹਾਲੇ ਵੀ ਕੁਝ ਨਹੀਂ ਵਿਗੜਿਆ। ਇਹ ਵੀ ਸੂਚਨਾ ਮਿਲੀ ਹੈ ਕਿ ਦੇਸ਼ ਦੇ ਰਾਸ਼ਟਰ-ਪਤੀ ਨੇ 4 ਨਵੰਬਰ ਨੂੰ ਪੰਜਾਬ ਦੇ ਮੁੱਖ ਮੰਤਰੀ ਨੂੰ ਮਿਲਣ ਦਾ ਸਮਾਂ ਦਿੱਤਾ ਹੈ ਪਰ ਇਸ ਵਿੱਚੋਂ ਕੁਝ ਨਿਕਲਣ ਵਾਲਾ ਨਹੀਂ ਇਹ ਵੀ ਕਨਸੋਆਂ ਮਿਲ ਰਹੀਆ ਹਨ ਕਿ ਸਰਕਾਰ 5 ਨਵੰਬਰ ਨੂੰ ਕਿਸਾਨਾਂ ਵਲੋਂ ਕੀਤੇ ਜਾ ਰਹੇ "ਭਾਰਤ ਬੰਦ" ਤੋਂ ਕਾਫੀ ਘਬਰਾ ਗਈ ਹੈ ਉਹ ਪੰਜਾਬ ਵਿੱਚ "ਰਾਸ਼ਟਰਪਤੀ ਰਾਜ" ਲਗਾਉਣ ਬਾਰੇ ਵੀ ਗੰਭੀਰਤਾ ਨਾਲ ਵਿਚਾਰ ਰਹੀ ਹੈ ਤਾਂ ਕਿ ਕਿਸਾਨਾਂ ਦੇ ਅੰਦੋਲਨ ਨੂੰ ਠੁੱਸ ਕੀਤਾ ਜਾ ਸਕੇ । ਜੇਕਰ ਸਰਕਾਰ ਇਸ ਤਰਾਂ ਕਰਦੀ ਹੈ ਤਾਂ ਕਿਸਾਨਾਂ ਨੂੰ ਵੀ ਆਪਣਾ ਸੋਚ ਵਿਚਾਰ ਕਰ ਲੈਣਾ ਚਾਹੀਦਾ ਹੈ ਕਿ ਇਸ ਸਥਿੱਤੀ ਵਿਚ ਉਨਾਂ ਨੇ ਕੀ ਰੂਪ ਰੇਖਾ ਉਲੀਕਣੀ ਹੈ? ਜੇ ਕਰ ਪੰਜਾਬ ਦੀ ਕਿਸਾਨੀ ਬਚਾਉਣੀ ਹੈ ਤਾਂ ਘਟੋ ਘਟ ਪੰਜਾਬ ਦੇ ਵਿਧਾਨਕਾਰਾਂ, ਮੁੱਖ ਮੰਤਰੀ ਸਮੇਤ ਸਾਰੀ ਕੈਬਨਿਟ, ਲੋਕ ਸਭਾ ਦੇ ਮੈਂਬਰਾਂ, ਰਾਜ ਸਭਾ ਦੇ ਮੈਂਬਰਾਂ ਨੂੰ ਦੋ ਟੁੱਕ ਗੱਲ ਭਾਰਤ ਦੇ ਪ੍ਰਧਾਨ ਮੰਤਰੀ ਨਾਲ ਕਰਨੀ ਚਾਹੀਦੀ ਹੈ ਕਿ ਜਾਂ ਤਾਂ ਉਹ ਇਹ ਕਿਸਾਨ ਵਿਰੋਧੀ ਬਿੱਲਾਂ ਨੂੰ ਵਾਪਿਸ ਲਵੇ ਜਾਂ ਫਿਰ ਉਹ ਸਾਰੇ ਦੇ ਸਾਰੇ ਆਪਣੇ ਅਹੁੱਦਿਆਂ ਤੋਂ ਅਸਤੀਫੇ ਦੇ ਕੇ ਕਿਸਾਨਾਂ ਦੇ ਹੱਕ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਕੋਠੀ ਅੱਗੇ ਆਪਣੇ ਸਾਰੇ ਭਰਮ ਭੁਲੇਖੇ ਭੁੱਲਾ ਕੇ ਕਿ ਉਨਾਂ ਦੀ ਕਿਹੜੀ ਪਾਰਟੀ ਹੈ, ਸਭ ਇਹ ਸਮਝ ਕੇ ਅਸੀਂ "ਪੰਜਾਬੀ" ਪਹਿਲੇ ਹਾਂ ਉਭੁੱਖ ਹੜਤਾਲ" ਤੇ ਬੈਠ ਜਾਉ ਤਾਂ ਕਿ ਸੰਸਾਰ ਦੇ ਲੋਕਾਂ ਨੂੰ ਪਤਾ ਲਗੇਗਾ ਕਿ ਭਾਰਤ ਦੀ ਮੋਦੀ ਸਰਕਾਰ ਜਿਹੜੀ ਦੇਸ਼ ਵਿੱਚ ਉਬ੍ਰਾਹਮਣੀ ਰਾਜ" ਬਣਾ ਰਹੀ ਹੈ। ਇਹ ਗੁਮਾਨ ਤੇ ਨਫਰਤੀ ਸੋਚ ਨਾਲ ਇਨੀ ਭਰੀ ਹੋਈ ਹੈ ਕਿ ਕਿਸੇ ਵੀ ਵਰਗ ਦੀ ਕੋਈ ਵੀ ਜਾਇਜ ਤੇ ਹੱਕੀ ਮੰਗ ਨੂੰ ਮੰਨਣ ਲਈ ਤਿਆਰ ਨਹੀਂ। ਤੁਸੀ ਕੀ ਸਮਝਦੇ ਹੋ ਕਿ ਅਜਿਹਾ ਕਰਨ ਨਾਲ ਕੋਈ ਅਸਰ ਨਹੀਂ ਹੋਵੇਗਾ? ਹੋਰ ਕੁਝ ਨਹੀਂ ਤਾਂ ਸਾਰੇ ਵਿਸਵ ਵਿੱਚ ਭਾਰਤੀ "ਬ੍ਰਾਹਮਣ ਰਾਜ ਪ੍ਰਣਾਲੀ" ਦਾ ਜਨਾਜਾ ਜਰੂਰ ਨਿਕਲੇਗਾ। ਇਕ ਵਾਰੀ ਅਜਿਹਾ ਕਰਕੇ ਵੇਖੋ ਤੇ ਸਹੀ, ਇਹ ਵੀ ਹੋ ਸਕਦਾ ਹੈ ਕਿ ਵਿਸ਼ਵ ਭਰ ਵਿੱਚ ਸਰਕਾਰ ਦੀ ਹੋਣ ਵਾਲੀ ਬਦਨਾਮੀ ਦੇ ਡਰੋਂ ਮੋਦੀ ਸਰਕਾਰ ਕਿਸਾਨਾਂ ਅੱਗੇ ਗੋਡੇ ਟੇਕ ਦੇਵੇ । ਤੁਸੀਂ ਇਸ ਸਮੇਂ ਜਿੱਤੇ ਹੋਏ ਸਾਰੇ ਨੁਮਾਇੰਦੇ ਚਾਹੇ ਵਿਧਾਨ ਸਭਾ ਦੇ ਜਾਂ ਫਿਰ ਲੋਕ ਸਭਾ ਜਾਂ ਰਾਜ ਸਭਾ ਦੇ ਹੋ। ਜਰਾ ਜੁਰੱਅਤ ਤਾਂ ਕਰ ਕੇ ਵਿਖਾਉ ।ਪਰ ਲਗਦਾ ਹੈ ਤੁਹਾਨੂੰ ਅੰਨ ਦਾਤੇ ਪਿਆਰੇ ਨਹੀਂ, ਨਾ ਹੀ ਪੰਜਾਬ ਦੇ ਸੰਘਰਸ਼ ਕਰ ਰਹੇ ਇਹ ਪੰਜਾਬੀ ਯੋਧੇ! ਤੁਹਾਡੇ ਵਲੋਂ ਵਰਤੀ ਜਾ ਰਹੀ ਢਿੱਲ ਇਹ ਦਸ ਰਹੀ ਹੈ ਕਿ ਤੁਸੀ ਕੁਝ ਕਰਨਾ ਹੀ ਨਹੀਂ ਚਾਹੁੰਦੇ? ਜਿਸ ਤਰਾਂ ਲੋਕ ਜਾਗ੍ਰਿਤ ਹੋ ਰਹੇ ਹਨ ਸ਼ਾਇਦ ਤੁਹਾਨੂੰ ਇਸ ਕੀਤੀ ਜਾ ਰਹੀ ਗਲਤੀ ਦਾ ਉਦੋਂ ਪਤਾ ਲਗੇ ਜਦੋਂ ਤੁਸੀ ਵੋਟਾਂ ਲੈਣ ਲਈ ਪਿੰਡਾਂ ਵਿੱਚ ਆਉ ਤੇ ਲੋਕ ਤੁਹਾਨੂੰ ਆਪਣੇ ਪਿੰਡਾਂ ਵਿੱਚ ਵੀ ਨਾ ਵੜ੍ਹਣ ਦੇਣ।ਕਿਸਾਨਾਂ ਦਾ ਦਿਨੋ ਦਿਨ ਵੱਧ ਰਿਹਾ ਸੰਘਰਸ਼ ਸੰਕੇਤ ਦੇ ਰਿਹਾ ਹੈ ਕਿ ਜਿਵੇਂ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਆਪਣੀ ਹੋਂਦ ਨੂੰ ਹਾਸ਼ੀਏ ਤੇ ਲਿਆ ਚੁੱਕੀਆਂ ਹਨ ।ਇਸ ਗਲ ਤੋਂ ਵੀ ਇਨਕਾਰਿਆ ਨਹੀਂ ਜਾ ਸਕਦਾ ਕਿ ਇਨਾਂ ਕਿਸਾਨ ਜਥੇਬੰਦੀਆਂ ਵਿੱਚੋਂ ਹੀ ਕੋਈ ਅਜਿਹੀ ਪਾਰਟੀ ਉਭੱਰ ਖਲੋਵੇ, ਜੋ ਪੰਜਾਬ ਦੇ ਸੂਝਵਾਨ ਲੋਕਾਂ ਨੂੰ ਨਾਲ ਲੈ ਕੇ ਕੋਈ ਪਾਰਟੀ ਦੀ ਸਥਾਪਨਾ ਕਰ ਲਵੇ ।ਜੋ ਪੰਜਾਬ ਦੀ ਸਹੀ ਤੌਰ 'ਤੇ ਅਗਵਾਈ ਕਰਨ ਦੇ ਸਮਰੱਥ ਬਣ ਜਾਵੇ। ਕਿਉਂਕਿ ਮੋਦੀ ਦੀ ਸਰਕਾਰ ਭਾਰਤ ਦੇ ਕਿਸਾਨਾਂ ਸਮੇਤ ਪੰਜਾਬ ਦੇ ਕਿਸਾਨਾਂ ਨਾਲ ਨਫਰਤ ਦੀ ਰਾਜਨੀਤੀ ਕਰ ਰਹੀ ਹੈ। ਸਭ ਨੂੰ ਪਤਾ ਹੈ ਕਿ ਅੰਧਕਾਰ ਤੋਂ ਬਾਅਦ ਸੂਰਜ ਰੂਪੀ ਚਾਨਣ ਉਜਾਗਰ ਜਰੂਰ ਹੁੰਦਾ ਹੈ। ਜਿਸ ਦੇ ਬੜੇ ਵੱਡੇ ਅਸਾਰ ਬਣ ਰਹੇ ਦਿਖਾਈ ਵੀ ਦੇ ਰਹੇ ਹਨ।ਜੋ ਪੰਜਾਬ ਦੀ ਨਵੇਂ ਢੰਗ ਨਾਲ ਸਿਰਜਨਾ ਕਰਕੇ ਪੰਜਾਬ ਨੂੰ ਖੁਸਹਾਲ ਬਣਾਉਣ ਦੀ ਵਿਸ਼ੇਸ਼ ਭੂਮਿਕਾ ਨਿਭਾਵੇਗਾ।ਇਸ ਲਈ ਆਓ , ਸਾਰੇ ਪੰਜਾਬੀਓ ! ਰੱਲ ਮਿਲ ਕੇ ਹੰਭਲਾ ਮਾਰੀਏ ਅਤੇ ਪੰਜਾਬ ਵਿੱਚ ਨਵ -ਨਿਰਮਾਣ ਹੋ ਰਹੀ ਪਾਰਟੀ ਨੂੰ ਸਥਾਪਤ ਕਰਨ ਲਈ ਆਪਣੀ ਅਹਿਮ ਭੂਮਿਕਾ ਨੂੰ ਨਿਭਾਈਏ ਤਾਂ ਕਿ ਪੰਜਾਬ ਸਮੇਤ ਭਾਰਤ ਦੀ ਕਿਸਾਨੀ ਬੱਚ ਸਕੇ।

# ਵੱਖੋ ਵੱਖਰੀਆਂ ਡਫ਼ਲੀਆਂ ਤੇ ਵੱਖੋ ਵੱਖਰੇ ਰਾਗ ਛੱਡ ਕੇ ਕਿਸਾਨੀ ਸੰਘਰਸ਼ 'ਚ ਸਾਥ ਦੇਣ ਦੀ ਲੋੜ



ਵਰਿੰਦਰ ਸਿੰਘ ਖੁਰਮੀ
91-9779-339121

ਜਦੋਂ ਕਿਸੇ ਸਾਂਝੇ ਪਰਿਵਾਰ ਵਿੱਚ ਬਿਖੇੜੇ ਖੜ੍ਹੇ ਹੁੰਦੇ ਹਨ ਤਾਂ ਉਸ ਪਰਿਵਾਰ ਨੂੰ ਖਿਲਾਰਨ ਲਈ ਪਰਿਵਾਰ ਤੋਂ ਬਿਨਾਂ ਕੋਈ ਬਾਹਰਲੀ ਤਾਕਤ ਵੀ ਲੱਗੀ ਹੁੰਦੀ ਹੈ। ਜਦੋਂ ਅਸੀਂ ਖੁਦ ਕਿਸੇ ਅੱਗੇ ਵਿਰਲ ਬਣਾ ਕੇ ਪੇਸ਼ ਕਰਦੇ ਹਾਂ ਤਾਂ ਲੋਕ ਉਸ ਵਿਰਲ ਨੂੰ ਗੰਧਾਲੇ, ਸੱਬਲਾਂ ਪਾ ਕੇ ਭਰਿਆੜ ਕਾਰਨ ਤਕ ਆਪਣਾ ਯੋਗਦਾਨ ਪਾ ਜਾਂਦੇ ਹਨ। ਹੁਣ ਤੱਕ ਦੇ ਹੋਏ ਲੋਕ ਸੰਘਰਸ਼ਾਂ 'ਤੇ ਨਜ਼ਰ ਮਾਰ ਕੇ ਵੇਖ ਲਓ, ਸਫਲ ਜਾਂ ਅਸਫਲ ਹੋਏ ਸੰਘਰਸ਼ਾਂ ਵਿੱਚੋਂ ਸੈਂਕੜੇ ਉਦਾਹਰਨਾਂ ਅਜਿਹੀਆਂ ਮਿਲ ਜਾਣਗੀਆਂ ਕਿ ਉਨ੍ਹਾਂ ਸੰਘਰਸ਼ਾਂ ਨੂੰ ਫੇਲ੍ਹ ਕਰਨ ਲਈ ਜਾਂ ਲੀਹੋਂ ਲਾਹੁਣ ਲਈ ਕਿਵੇ ਸਰਕਾਰੀ ਚਾਲਾਂ ਚੱਲੀਆਂ ਜਾਂਦੀਆਂ ਰਹੀਆਂ ਹਨ। ਅਜੋਕਾ ਕਿਸਾਨੀ ਸੰਘਰਸ਼ ਅੱਜ ਪੂਰੇ ਦੇਸ਼ ਦਾ ਧਿਆਨ ਖਿੱਚ ਰਿਹਾ ਹੈ। ਸ਼ੋਸ਼ਲ ਮੀਡੀਆ ਕ੍ਰਾਂਤੀ ਦਾ ਇਹ ਫਾਇਦਾ ਹੋਇਆ ਕਿ ਜਿੱਥੇ ਪਹਿਲੇ ਸੰਘਰਸ਼ਾਂ ਦੌਰਾਨ ਚਿੱਟੀਆਂ ਦਾਹੜੀਆਂ ਵਾਲੇ ਬਜ਼ੁਰਗ ਹੀ ਧਿਆਨ ਖਿੱਚਦੇ ਸਨ, ਹੁਣ ਇਸ ਸੰਘਰਸ਼ ਦੌਰਾਨ ਨੌਜਵਾਨ ਤਬਕਾ ਤੇ ਘਰੇਲੂ ਸੁਆਣੀਆਂ ਦੀ ਰੋਸ ਪ੍ਰਦਰਸ਼ਨਾਂ ਵਿੱਚ ਬਹੁਤਾਤ ਇਸ ਗੱਲ ਦੀ ਗਵਾਹ ਹੈ ਕਿ ਹਰ ਕਿਸੇ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਹੈ ਕਿ ਕਿਸਾਨੀ ਦੇ ਹੱਕਾਂ 'ਤੇ ਡਾਕਾ ਸਮਾਜ ਦੇ ਹਰ ਵਰਗ ਨੂੰ ਪ੍ਰਭਾਵਿਤ ਕਰੇਗਾ। ਪੰਜਾਬ ਦੀ ਗੱਲ ਕਰੀਏ ਤਾਂ ਅਜੋਕੇ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਸਮੂਹ ਸਿਆਸੀ ਧਿਰਾਂ ਇਸ ਕਿਸਾਨੀ ਸੰਘਰਸ਼ ਵਿੱਚੋਂ 2022 ਦੀਆਂ ਚੋਣਾਂ ਦਾ ਪਿੜ ਸੁੰਘਦੀਆਂ ਨਜ਼ਰ ਆ ਰਹੀਆਂ ਹਨ। ਦੂਜੇ ਪਾਸੇ ਪੰਜਾਬ ਦੀਆਂ ਲਗਪਗ ਸਾਰੀਆਂ ਡੱਡਾਂ ਦੀ ਪੰਸੇਰ ਵਾਂਗ ਹੁਣ ਤੱਕ ਿ ਖੱਲਰੀਆਂ ਰਹੀਆਂ ਕਿਸਾਨ ਜਥੇਬੰਦੀਆਂ ਇਕ ਤੱਕੜੀ ਦੇ ਪੱਲੜੇ ਵਿੱਚ ਇਕੱਠੀਆਂ ਹੋਈਆਂ ਪ੍ਰਤੀਤ ਹੋ ਰਹੀਆਂ ਹਨ। ਕਿਸਾਨ ਧਿਰਾਂ ਦਾ ਹੋਇਆ ਇਹ ਏਕਾ ਸਕੂਨ ਭਰਿਆ ਹੈ, ਪਰ ਜੇਕਰ ਕੋਈ ਜੁਗਾੜਲਾਊ ਜਥੇਬੰਦੀ ਆਪਣੇ ਪੱਧਰ 'ਤੇ ਪਿੱਠ ਦਿਖਾਉਂਦੀ ਹੈ ਜਾਂ ਆਪਣੇ



ਵਿੰਗੇ ਉੱਲੂ ਨੂੰ ਇਸ ਸੰਘਰਸ਼ ਸਿਰੋਂ ਸਿੱਧਾ ਕਰਨ ਦਾ ਝੂਠਾ ਸੁਪਨਾ ਦੇਖਦੀ ਵੀ ਹੈ ਤਾਂ ਸ਼ਰੇਆਮ ਜਨਤਕ ਪਿੜ ਵਿੱਚ ਆਪਣੇ ਆਪ ਨੰਗੀ ਹੋ ਜਾਵੇਗੀ। ਹਾਲ ਦੀ ਘੜੀ ਕਿਸਾਨੀ ਜੱਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਲੜੀ ਜਾ ਰਹੀ ਲੜਾਈ ਅਤੇ ਸ਼ੰਭੂ ਮੋਰਚਾ ਪੰਜਾਬ ਹਿਤੈਸ਼ੀ ਲੋਕਾਂ ਦੇ ਮਨਾਂ ਵਿੱਚ ਸ਼ੰਕੇ ਪੈਦਾ ਕਰ ਰਿਹਾ ਹੈ। ਜਦੋਂ ਇਕ ਪਾਸੇ ਸਰਕਾਰ ਆਪਣਾ ਜਿੱਦੀ ਰਵੱਈਆ ਤਿਆਗਣ ਨਾਲੋਂ ਪੰਜਾਬ ਦੀ ਹਿੱਕ 'ਤੇ ਦੀਵਾ ਬਾਲਣ ਦੇ ਰੌਅ ਵਿੱਚ ਹੈ ਤਾਂ ਵੇਲਾ ਵੱਖੋ ਵੱਖ ਮੋਰਚੇ ਨਹੀਂ, ਸਗੋਂ ਸਾਂਝੇ ਕਿਸਾਨੀ ਮੁੱਦੇ 'ਤੇ ਸ਼ੇਧਤ ਹੋ ਕੇ ਸੰਘਰਸ਼ ਕਰਨ ਦੀ ਮੰਗ ਕਰਦਾ ਹੈ। ਸੰਘਰਸ਼ਾਂ ਨੂੰ ਲੀਹੋਂ ਲਾਹੁਣ ਲਈ ਸਰਕਾਰੀ ਪੱਧਰ 'ਤੇ ਬਹੁਤ ਚਾਲਾਂ ਚੱਲੀਆਂ ਜਾਂਦੀਆਂ ਰਹੀਆਂ ਹਨ ਅਤੇ ਸਰਕਾਰ ਦੀ ਅੱਖ ਵਿੱਚ ਕਣ ਵਾਂਗ ਰੜਕ ਰਹੇ ਇਸ ਸੰਘਰਸ਼ ਨੂੰ ਖੱਖਰ ਭੱਖਰ ਕਰਨ ਲਈ ਵੀ ਸਰਕਾਰ ਕੋਈ ਚਾਲ ਨਾ ਚੱਲੇ, ਇਹ ਹੋ ਹੀ ਨਹੀਂ ਸਕਦਾ। ਇਹ ਵੀ ਕੰਧ 'ਤੇ ਲਿਖਿਆ ਸੱਚ ਹੈ ਕਿ ਇਸ ਕਿਸਾਨੀ ਸੰਘਰਸ਼ ਨੂੰ ਢਾਹ ਲਾਉਣ ਲਈ ਪੰਜਾਬੀ ਬੋਲਦੇ ਸ਼ਾਤਿਰ ਚਿਹਰੇ ਹੀ ਮੋਹਰਿਆਂ ਦੇ ਤੌਰ 'ਤੇ ਵਰਤੇ ਜਾਣਗੇ।

ਜਿੱਥੇ ਵਫ਼ਾਦਾਰੀਆਂ ਇਤਿਹਾਸ ਦਾ ਹਿੱਸਾ ਬਣਨਗੀਆਂ ਉੱਥੇ ਦਾਗੇਬਾਜਾਂ ਦੇ ਨਾਮ ਵੀ ਇਤਿਹਾਸ ਦੀ ਹਿੱਕ 'ਤੇ ਉੱਕਰੇ ਜਾਣਗੇ। ਸੋ ਪੰਜਾਬ ਦਾ ਅੰਨ ਪਾਣੀ ਖਾ ਕੇ ਬੋਲਣ ਜੋਗਰੇ ਹੋਏ, ਆਗੂ ਅਖਵਾਉਣ ਜੋਗਰੇ ਹੋਏ ਹਰ ਸਖ਼ਸ ਦੀ ਮਰਜ਼ੀ ਹੈ ਕਿ ਉਸ ਨੇ ਆਪਣਾ ਨਾਮ ਪੰਜਾਬ ਦੇ ਪੁੱਤਾਂ 'ਚ ਦਰਜ ਕਰਵਾਉਣਾ ਹੈ ਜਾਂ ਅੰਨ ਖਾ ਕੇ ਹਰਾਮ ਕਾਰਨ ਵਾਲਿਆਂ 'ਚ। ਸਮਾਂ ਇੱਕਜੁੱਟਤਾ ਤੇ ਵਫ਼ਾਦਾਰੀਆਂ ਦੀ ਮੰਗ ਕਰਦਾ ਹੈ। ਜੇ ਅਸੀਂ ਵਾਕਿਆ ਹੀ ਪੰਜਾਬ ਦੀ ਹੋਂਦ, ਪੰਜਾਬ ਦੀ ਕਿਰਸਾਨੀ, ਪੰਜਾਬ ਦੇ ਉੱਜਲੇ ਭਵਿੱਖ ਤੇ ਪੰਜਾਬ ਦੀ ਅਣਖ ਆਬਰੂ ਲਈ ਸੰਘਰਸ਼ ਕਰਨ ਦੇ ਰਾਹ 'ਤੇ ਹਾਂ ਤਾਂ ਸਭ ਤੋਂ ਪਹਿਲਾਂ ਵੱਖੋ ਵੱਖਰੀਆਂ ਡਫ਼ਲੀਆਂ ਤੇ ਵੱਖੋ ਵੱਖਰੇ ਰਾਗ ਅਲਾਪਣ ਦੀ ਹੋੜ ਤੋਂ ਸੰਕੋਚ ਕਰਨ ਦੀ ਲੋੜ ਹੈ ।

2 ਨਵੰਬਰ ਪ੍ਰਕਾਸ਼ ਦਿਵਸ

# ਜਿਨਿ ਸਿਰਿਆ ਤਿਨੈ ਸਵਾਰਿਆ



ਰਮੇਸ਼ ਬੱਗਾ ਚੋਹਲਾ
9463132719

15ਵੀਂ ਸਦੀ ਵਿਚ ਉੱਭਰਿਆ ਸਿੱਖ ਧਰਮ ਨਵੀਨ ਅਤੇ ਵਿਲੱਖਣ ਕਦਰਾਂ ਕੀਮਤਾਂ ਦਾ ਤਰਜ਼ਮਾਨ ਰਿਹਾ ਹੈ। ਇਸ ਦੇ ਰਹਿਬਰਾਂ ਨੇ ਜਿੱਥੇ ਸਦੀਵੀਂ ਤੌਰ ’ਤੇ ਉਸ ਮਾਲਕ ਨੂੰ ਹਿਰਦੇ ਵਿਚ ਵਸਾਉਣ ਦੀ ਗੱਲ ਕੀਤੀ ਹੈ ਉਥੇ ਕਿਰਤ ਨੂੰ ਵਡਿਆਉਂਦਿਆਂ ਹੋਇਆਂ ਇਸ ਨੂੰ ਆਪਸ ਵਿਚ ਵੰਡ ਕੇ ਛਕਣ ਦੀ ਹਾਮੀ ਵੀ ਚੰਗੀ ਤਰ੍ਹਾਂ ਭਰੀ ਹੈ। ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਸਮਿਆਂ ਵਿਚ ਕੁਝ ਅਜਿਹੀਆਂ ਕਲਿਆਣਕਾਰੀ ਪਿਰਤਾਂ ਪਾਈਆਂ ਹਨ ਜੋ ਇਸ ਜਗ ਨੂੰ 'ਸਚੈ ਕੀ ਹੈ ਕੋਠੜੀ' ਮੰਨ ਕੇ ਮਨੁੱਖ ਨੂੰ ਸੱਚਾ ਅਤੇ ਸੁੱਚਾ ਵਿਹਾਰ ਕਰਨ ਲਈ ਪ੍ਰੇਰਦੀਆਂ ਰਹਿੰਦੀਆਂ ਹਨ। ਇਹ ਪਿਰਤਾਂ ਮਨੁੱਖ ਨੂੰ ਅੰਧਕਾਰਮਈ ਪੈਂਡਿਆਂ ਤੋਂ ਮੁੜ ਕੇ ਉਜਿਆਰੇ ਮਾਰਗ ਦਾ ਪਾਂਧੀ ਬਣਾਉਂਦੀਆਂ ਆ ਰਹੀਆਂ ਹਨ।

ਸਿੱਖ ਧਰਮ ਵਿਸ਼ੇਸ਼ ਰੂਪ ਵਿਚ ਆਪਸੀ ਮੁਹੱਬਤ, ਸਦਭਾਵਨਾ ਅਤੇ ਸਹਿਣਸ਼ੀਲਤਾ ਵਾਲੀ ਸੁਰ ਪੈਦਾ ਕਰਨ ਵਾਲਾ ਇਕ ਅਜਿਹਾ ਧਰਮ ਹੈ ਜੋ ਸੰਸਾਰ ਦੇ ਚੋਣਵੇਂ ਧਰਮਾਂ ਵਿਚ ਇਕ ਅਹਿਮ ਸਥਾਨ ਰੱਖਦਾ ਹੈ।

ਇਹ ਧਰਮ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਰਧਾਰਿਤ ਕੀਤੀ ਜੀਵਨ-ਜਾਚ ਅਨੁਸਾਰ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ” ਦੇ ਅਨੁਸਾਰ ਇੱਕੋ (ਨਾਨਕ) ਜੋਤ ਵਿੱਚੋਂ ਨੌਂ ਗੁਰੂ ਸਾਹਿਬਾਨ ਦੇ ਰਾਹੀਂ ਪ੍ਰਫੁੱਲਿਤ ਹੋਇਆ ਹੈ। ਇਨ੍ਹਾਂ ਗੁਰੂ ਸਾਹਿਬਾਨ ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਸਿੱਖ ਧਰਮ ਨੇ ਇਕ ਨਵੀਨ ਅਤੇ ਆਦਰ ਪੂਰਵਕ ਜੀਵਨ-ਜੁਗਤ ਜਿਵੇਂ ਭਗਤੀ ਤੋਂ ਸ਼ਕਤੀ ਦਾ ਸੁਮੇਲ, ਵਰਣ ਵੰਡ ਨੂੰ ਰੱਦ ਕਰਨ ਵਾਲੀ ਇਨਕਲਾਬੀ ਸੋਚ, ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੀ ਗੁਰਬਾਣੀ, ਅਤੇ ਮਿਲ-ਬੈਠ ਕੇ ਦੁਬਿਧਾ ਦੂਰ ਕਰਨ ਵਾਲੀ ਪਹੁੰਚ ਨਾਲ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਹੈ। ਇਸ ਤਰ੍ਹਾਂ ਦੀ ਕਾਮਨਾ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਸਨ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ।

ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ, ਦਾ ਜਨਮ 24 ਸਤੰਬਰ 1534 ਈ: ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਪਲੇਠਾ ਪੁੱਤਰ ਹੋਣ ਕਰਕੇ ਇਨ੍ਹਾਂ ਦਾ ਨਾਮ ਭਾਈ ਜੇਠਾ ਜੀ ਹੋ ਗਿਆ। ਜਿਸ ਦਿਨ ਭਾਈ ਜੇਠਾ ਜੀ ਦਾ ਜਨਮ ਹੋਇਆ ਉਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੁਨਿਆਵੀ ਉਮਰ ਲੱਗਭਗ 65 ਸਾਲ, ਸ੍ਰੀ ਗੁਰੂ ਅਮਰਦਾਸ ਜੀ ਦੀ 55 ਸਾਲ ਅਤੇ ਭਾਈ ਲਹਿਣਾ ਜੀ ਦੀ 30 ਸਾਲ ਸੀ। ਭਾਵੇਂ ਚਾਰੇ ਗੁਰੂ ਸਾਹਿਬਾਨ ਜਿਸਮਾਨੀ ਤੌਰ ’ਤੇ ਮੌਜੂਦ ਸਨ ਪਰ ਮਿਲਾਪ ਅਜੇ ਪਹਿਲੀ ਪਾਤਸ਼ਾਹੀ ਅਤੇ ਭਾਈ ਲਹਿਣਾ ਜੀ ਦਾ ਹੀ ਹੋਇਆ ਸੀ।

ਭਾਈ ਜੇਠਾ ਜੀ ਅਜੇ ਬਚਪਨ ਦੀਆਂ ਦਹਿਲੀਜ਼ਾਂ ਉਪਰ ਹੀ ਵਿਚਰ ਰਹੇ ਸਨ ਕਿ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਸ੍ਰੀ ਹਰਿਦਾਸ ਜੀ ਇਸ ਦੁਨੀਆ ਤੋਂ ਕੂਚ ਕਰ ਗਏ। ਜਦੋਂ ਆਪ ਦੁਨਿਆਵੀ ਤੌਰ ’ਤੇ ਯਤੀਮ ਹੋ ਗਏ ਤਾਂ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਲਾਹੌਰ ਤੋਂ ਦੋਹਤੇ ਦੇ ਆਪਣੇ ਨਾਨਕੇ ਘਰ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ। ਪਿੰਡ ਦੇ ਬਹੁਤ ਸਾਰੇ ਨੇਕ ਪੁਰਸ਼ ਅਤੇ ਔਰਤਾਂ ਬਾਲਕ ਜੇਠੇ ਦਾ ਧੀਰ ਧਰਾਉਣ ਲਈ ਆਉਣ ਲੱਗੇ। ਇਨ੍ਹਾਂ ਧੀਰ ਧਰਾਉਣ ਵਾਲਿਆਂ ਵਿਚ ਸ੍ਰੀ (ਗੁਰੂ) ਅਮਰਦਾਸ ਜੀ ਵੀ ਸਨ। ਉਨ੍ਹਾਂ ਦੇ ਕੋਮਲ ਹਿਰਦੇ ’ਤੇ ਭਾਈ ਜੇਠੇ ਦੀ ਦੁਖਦਾਈ ਸਥਿਤੀ ਦਾ ਬੜਾ ਡੂੰਘਾ ਅਸਰ ਹੋਇਆ। ਇਸ ਅਸਰ ਕਰਕੇ ਉਨ੍ਹਾਂ ਦੀ ਆਪਸੀ ਨੇੜਤਾ ਕਾਫੀ ਵਧਣ ਲੱਗ ਪਈ।

ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ ਅਤੇ ਇਨ੍ਹਾਂ ਦੀ ਵੱਟਕ ਨਾਲ ਆਪਣੀ ਅਤੇ ਨਾਨੀ ਜੀ ਦੀ ਉਦਰ-ਜਵਾਲਾ ਸ਼ਾਂਤ ਕਰਿਆ ਕਰਦੇ ਸਨ। ਇਸ ਸਮੇਂ ਦੌਰਾਨ ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਕਦੇ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ ਅਤੇ ਘੰਟਿਆਂ ਬੱਧੀ ਦੁਨਿਆਵੀ ਅਤੇ ਇਲਾਹੀ ਗੱਲਾਂ ਹੁੰਦੀਆਂ ਰਹਿੰਦੀਆਂ।
ਜਦੋਂ ਗੋਂਦੇ ਖੱਤਰੀ ਦੀ ਬੇਨਤੀ ’ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨ੍ਹਾਂ ਦੇ ਕਈ ਰਿਸ਼ਤੇਦਾਰ ਅਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇੱਥੇ ਲੈ ਆਈ। ਉਸ ਵਕਤ ਉਨ੍ਹਾਂ ਦੀ ਆਯੂ ਕੋਈ 12 ਕੁ ਸਾਲ ਦੀ ਸੀ। ਅਵਸਥਾ ਭਾਵੇਂ ਅਜੇ ਬਾਲਪਨ ਵਾਲੀ ਹੀ ਸੀ ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਭਾਵ ਸਦਕਾ ਸੂਝ ਵਿਚ ਪਕਿਆਈ ਆ ਰਹੀ ਸੀ। ਇਸ ਪਕਿਆਈ ਸਦਕਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਰੰਗਤ ਭਾਈ ਜੇਠਾ ਜੀ ’ਤੇ ਖੂਬ ਚੜ੍ਹਨ ਲੱਗੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ ਵਿਚ ਰੱਖਿਆ ਅਤੇ ਉਨ੍ਹਾਂ ਸਾਰੇ ਗੁਣਾਂ ਨੂੰ ਵਾਚਿਆ ਸੀ ਜੋ ਕਿਸੇ ਉਚੇਚੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਜ਼ਰੂਰੀ ਹੁੰਦੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਇਸ ਬਖ਼ਸ਼ਿਸ਼ ਨਾਲ ਭਾਈ ਜੇਠਾ ਜੀ ਗੁਰੂ-ਦਰਬਾਰ ਦੇ ਨਾਲ-ਨਾਲ ਗੁਰੂ-ਪਰਿਵਾਰ ਦੇ ਅੰਗ ਬਣ ਗਏ।

ਜਦੋਂ 1557 ਈ: ਵਿਚ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸਮਾਜ ਵਿੱਚੋਂ ਛੂਤ-ਛਾਤ ਖਤਮ ਕਰਨ ਦਾ ਬੀੜਾ ਚੁੱਕਿਆ ਤਾਂ ਕੁਝ ਗੁਰੂ-ਘਰ ਦੇ ਦੋਖੀਆਂ ਅਤੇ ਸਮਾਜ ਵਿਰੋਧੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਵਿੱਚੋਂ ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂਕਿਆਂ ਦੇ ਖ਼ਿਲਾਫ਼ ਕੰਨ ਭਰ ਦਿੱਤੇ। ਆਪਣੀ ਸ਼ੰਕਾ ਨਵਿਰਤੀ ਅਤੇ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜ ਦਿੱਤਾ। ਬਿਰਧ ਸਰੀਰ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਦੀ ਡਿਊਟੀ ਲਗਾ ਦਿੱਤੀ। ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਕਿ ਅਕਬਰ ਦੇ ਸਭ ਭਰਮ-ਭੁਲੇਖੇ ਦੂਰ ਹੋ ਗਏ।

ਦੁਨਿਆਵੀ ਪੱਖੋਂ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਾਮਾਦ ਸਨ ਪਰ ਇਸ ਰਿਸ਼ਤੇ ਦਾ ਉਨ੍ਹਾਂ ਦੇ ਮਨ ਵਿਚ ਰਤੀ ਭਰ ਵੀ ਗੁਮਾਨ ਨਹੀਂ ਸੀ। ਬਾਉਲੀ ਸਾਹਿਬ ਦੇ ਨਿਰਮਾਣ-ਕਾਰਜ ਸਮੇਂ ਉਹ ਵੀ ਇਕ ਨਿਮਾਣੇ ਸਿੱਖ ਵਾਂਗ ਸਿਰ ’ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਇਕ ਦਿਨ ਜਦੋਂ ਉਹ ਤਨ-ਮਨ ਨਾਲ ਸੇਵਾ ਵਿਚ ਲੀਨ ਸਨ ਤਾਂ ਲਾਹੌਰ ਤੋਂ ਉਨ੍ਹਾਂ ਦੇ ਸ਼ਰੀਕੇ-ਭਾਈਚਾਰੇ ਦੇ ਕੁਝ ਲੋਕ ਹਰਿਦੁਆਰ ਆਦਿ ਤੀਰਥਾਂ-ਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹੋਏ ਸ੍ਰੀ ਗੋਇੰਦਵਾਲ ਵਿਖੇ ਆ ਗਏ। ਜਦੋਂ ਉਨ੍ਹਾਂ ਨੇ ਤੱਕਿਆ ਕਿ ਭਾਈ ਜੇਠਾ ਮਜ਼ਦੂਰਾਂ ਵਾਂਗੂ ਸਿਰ ’ਤੇ ਟੋਕਰੀ ਚੁੱਕੀ ਜਾ ਰਿਹਾ ਹੈ ਤਾਂ ਖ਼ਾਹ-ਮਖ਼ਾਹ ਹੀ ਕ੍ਰੋਧਿਤ ਹੋ ਉੱਠੇ। ਕ੍ਰੋਧ ਵਿਚ ਆ ਕੇ ਉਹ ਸ਼ਿਸ਼ਟਾਚਾਰ ਦਾ ਪੱਲਾ ਵੀ ਛੱਡ ਬੈਠੇ। ਭਰੇ-ਪੀਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ ਕਿ, "ਸਾਡੇ ਭਰਾ ਜੇਠੇ ਕੋਲੋਂ ਮਜ਼ਦੂਰੀ ਕਰਵਾ ਕੇ ਤੁਸੀਂ ਸਾਡੇ ਮਾਨ-ਸਤਿਕਾਰ ਨੂੰ ਢਾਹ ਲਗਾਈ ਹੈ। ਤੁਹਾਡੇ ਇਸ ਵਤੀਰੇ ਨਾਲ ਸਾਨੂੰ ਬੜੀ ਨਮੋਸ਼ੀ ਹੋਈ ਹੈ।” ਆਪਣੇ ਸ਼ਰੀਕੇ-ਭਾਈਚਾਰੇ ਦੀਆਂ ਖਰਵੀਆਂ ਗੱਲਾਂ ਕਾਰਨ ਭਾਈ ਜੇਠਾ ਜੀ ਨੇ ਤੀਸਰੇ ਪਾਤਸ਼ਾਹ ਕੋਲੋਂ ਹੱਥ ਜੋੜ ਕੇ ਮੁਆਫੀ ਮੰਗ ਲਈ ਅਤੇ ਕਹਿਣ ਲੱਗੇ ਕਿ, "ਸੱਚੇ ਪਾਤਸ਼ਾਹ ਇਹ ਸਾਰੇ ਅਣਜਾਣ ਹਨ, ਇਨ੍ਹਾਂ ਦੀਆ ਕੌੜੀਆਂ-ਕੁਸੈਲੀਆਂ ਅਤੇ ਮਨ ਦੀ ਮੈਲੀਆਂ ਗੱਲਾਂ ਨੂੰ ਲੇਖੇ ਵਿਚ ਨਾ ਲਿਆਉਣਾ।” ਇਸ ਤਰ੍ਹਾਂ ਕਰਕੇ ਭਾਈ ਸਾਹਿਬ ਨੇ ਜਿੱਥੇ ਆਪਣੇ ਸ਼ਰੀਕੇ ਦੀ ਰੱਖ ਦਿਖਾਈ ਉਥੇ ਗੁਰੂ ਸਾਹਿਬ ਦੀ ਪ੍ਰਸੰਨਤਾ ਦੇ ਪਾਤਰ ਵੀ ਬਣ ਗਏ।

ਪਰਵਾਰਿਕ ਪੱਖੋਂ ਆਪ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ (ਪੰਚਮ ਪਾਤਸ਼ਾਹ) ਨੇ ਜਨਮ ਲਿਆ। ਬਾਬਾ ਪ੍ਰਿਥੀ ਚੰਦ ਭਾਵੇਂ ਘਰ ਦਾ ਵੱਡਾ ਪੁੱਤਰ ਸੀ ਪਰ ਆਪਣੇ ਲਾਲਚੀ ਅਤੇ ਵਡਿਆਈ ਖ਼ੋਰੇ ਸੁਭਾਅ ਕਾਰਨ ਆਪਣੇ ਗੁਰੂ-ਪਿਤਾ ਦੀਆਂ ਖੁਸ਼ੀਆਂ (ਗੁਰਗੱਦੀ) ਲੈਣ ਤੋਂ ਵਾਂਝਾ ਰਹਿ ਗਿਆ। ਇਸ ਵਾਂਝੇਪਨ ਕਾਰਨ ਹੀ ਉਹ ਸਾਰੀ ਹਯਾਤੀ ਈਰਖਾ ਅਤੇ ਦਵੈਤ ਦੀ ਅੱਗ ਵਿਚ ਸੜਦਾ ਰਿਹਾ ਅਤੇ ਨਾਨਕ ਨਾਮ-ਲੇਵਾ ਸੰਗਤਾਂ ਦੀ ਨਫ਼ਰਤ ਦਾ ਪਾਤਰ ਬਣਦਾ ਰਿਹਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਲਗਾਇਆ ਸਿੱਖੀ ਦਾ ਬੂਟਾ ਜਿਵੇਂ-ਜਿਵੇਂ ਜੋਬਨ ’ਤੇ ਹੋਈ ਜਾ ਰਿਹਾ ਸੀ ਇਸ ਦੀ ਮਹਿਕ ਵੀ ਦੂਰ-ਦੁਰਾਡੇ ਤਕ ਫੈਲਦੀ ਜਾ ਰਹੀ ਸੀ ਭਾਵ ਗੁਰੂ ਸਾਹਿਬਾਨ ਦੇ ਪਰਉਪਕਾਰੀ ਉਪਰਾਲਿਆਂ ਸਦਕਾ ਸਿੱਖਾਂ ਦੀ ਤਾਦਾਦ ਵਿਚ ਕਾਫ਼ੀ ਵਾਧਾ ਹੋਈ ਜਾ ਰਿਹਾ ਸੀ। ਇਸ ਵਾਧੇ ਕਾਰਨ ਹੀ ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਇਸ ਵਿਉਂਤਬੰਦੀ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਆਪ ਜੀ ਨੇ ਇਹ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ ਜਿਸ ਦੀ ਬਦੌਲਤ 'ਗੁਰੂ ਕਾ ਚੱਕ' ਇਕ ਚੰਗੀ ਰੌਣਕ ਵਾਲਾ ਨਗਰ ਬਣ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਹੁਣ ਸਰੀਰਿਕ ਰੂਪ ਵਿਚ ਕਾਫੀ ਬਿਰਧ ਹੋ ਚੁੱਕੇ ਸਨ। ਆਪਣਾ ਸੱਚਖੰਡ ਵਾਪਸੀ ਸਮਾਂ ਨੇੜੇ ਆਇਆ ਜਾਣ ਕੇ ਉਨ੍ਹਾਂ ਨੇ ਗੁਰੂ-ਘਰ ਦੀ ਮਰਯਾਦਾ ਅਨੁਸਾਰ ਸੰਮਤ 1631 ਦੇ ਭਾਦਰੋਂ ਮਹੀਨੇ ਵਿਚ ਸਮੂਹ ਸੰਗਤ ਅਤੇ ਆਪਣੇ ਪਰਿਵਾਰ ਦੇ ਸਨਮੁਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ (ਗੁਰਗੱਦੀ ਦੇ ਕੇ) ਵਾਰਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ।

ਗੁਰਿਆਈ ਦੀ ਬਖ਼ਸ਼ਿਸ਼ ਕੋਈ ਛੋਟੀ ਜਾਂ ਸਧਾਰਨ ਗੱਲ ਨਹੀਂ ਸੀ ਕਿਉਂਕਿ ਸ੍ਰੀ ਗੁਰੂ ਰਾਮਦਾਸ ਨੂੰ ਉਹ ਰੱਬੀ ਤਖ਼ਤ ਦੀ ਪ੍ਰਾਪਤੀ ਹੋ ਗਈ ਸੀ ਜਿਸ ਦੇ ਅੱਗੇ ਰਾਜੇ-ਮਹਾਰਾਜਿਆਂ ਦਾ ਸੀਸ ਝੁਕਦਾ ਆ ਰਿਹਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿੱਚੋਂ ਇਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਦੇਖ ਕੇ ਆਪ ਵੈਰਾਗ ਵਿਚ ਆ ਗਏ ਅਤੇ ਬੋਲ ਉਠੇ:

ਜੋ ਹਮਰੀ ਬਿਧਿ ਹੋਤੀ, ਮੇਰੇ ਸਤਿਗੁਰਾ! ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੂਛਤਾ, ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ॥

( ਅੰਗ 167)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਮਾਝੇ ਦਾ ਇਲਾਕਾ ਜਾਗ ਪਿਆ। ਇਸ ਜਾਗ ਕਾਰਨ ਗੁਰੂ ਸਾਹਿਬ ਨੇ ਸੋਚਿਆ ਕਿ ਇਸ ਕੇਂਦਰੀ ਸਥਾਨ (ਸ੍ਰੀ ਅੰਮ੍ਰਿਤਸਰ ਸਾਹਿਬ) ’ਤੇ ਇਕ ਸ਼ਾਨਦਾਰ ਧਾਰਮਿਕ ਸਥਾਨ ਉਸਾਰਿਆ ਜਾਵੇ ਜੋ ਵੱਧ ਰਹੀ ਸੰਗਤ ਦੀਆਂ ਰੂਹਾਨੀ ਜ਼ਰੂਰਤਾਂ ਨੂੰ ਪੂਰੀਆਂ ਕਰ ਸਕੇ। ਇਹ ਸਥਾਨ ਦਰਿਆ ਤੋਂ ਹਟਵਾਂ ਹੋ ਕੇ ਇੱਥੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਅਜਿਹਾ ਕਰਨ ਪਿੱਛੇ ਗੁਰੂ ਸਾਹਿਬ ਦਾ ਇਕ ਮਨੋਰਥ ਇਹ ਵੀ ਸੀ ਇਸ ਪਵਿੱਤਰ ਜਗ੍ਹਾ ਉਪਰ ਜਿੱਥੇ ਕੰਨਾਂ ਨੂੰ ਇਲਾਹੀ ਬਾਣੀ ਦੀਆਂ ਧੁਨਾਂ ਸੁਣਾਈ ਦੇਣ ਉਥੇ ਨਾਲ ਨੇਤਰਾਂ ਨੂੰ ਹਰਿ ਦੇ ਘਰ (ਹਰਿਮੰਦਰ ਸਾਹਿਬ) ਦੇ ਖੁੱਲ੍ਹੇ ਦਰਸ਼ਨ ਦੀਦਾਰੇ ਵੀ ਹੁੰਦੇ ਰਹਿਣ।ਇਸ ਤਜਵੀਜ਼ ਨੂੰ ਅਮਲੀ ਰੂਪ ਦੇਣ ਲਈ ਸ਼ਰਧਾਵਾਨ ਸੰਗਤਾਂ ਦੇ ਭਰਪੂਰ ਸਹਿਯੋਗ ਦੀ ਲੋੜ ਸੀ। ਜਿਵੇਂ-ਜਿਵੇਂ ਇਹ ਸਹਿਯੋਗ (ਤਨ, ਮਨ ਅਤੇ ਧਨ ਨਾਲ) ਮਿਲਦਾ ਗਿਆ ਤਿਵੇਂ-ਤਿਵੇਂ ਗੁਰੂ-ਘਰ ਦੇ ਕਾਰਜ ਵੀ ਸੰਵਰਦੇ ਰਹੇ। ਪਹਿਲਾਂ ਸਰੋਵਰ ਅਤੇ ਉਸ ਤੋਂ ਬਾਅਦ ( ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ) ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਗਈ। ਇਨ੍ਹਾਂ ਦੋ ਮਹਾਨ ਉਪਰਾਲਿਆਂ ਨਾਲ ਸਿੱਖ ਧਰਮ ਦੇ ਨਕਸ਼-ਨੁਹਾਰ ਹੋਰ ਵੀ ਨਿਖਰਨ ਲੱਗ ਪਏ।

ਜਿਵੇਂ ਤੀਸਰੇ ਪਾਤਸ਼ਾਹ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਅਤੇ 52 ਪੀੜ੍ਹਿਆਂ ਦੀ ਸਥਾਪਨਾ ਕੀਤੀ ਸੀ। ਉਸ ਨੂੰ ਅੱਗੇ ਵਧਾਉਂਦਿਆਂ ਹੋਇਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਅਰੰਭ ਕੀਤਾ। ਇਹ ਮਸੰਦ ਜਿੱਥੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਸਿੱਖੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਿਆ ਕਰਦੇ ਸਨ ਉਥੇ ਨਾਲ ਹੀ ਗੁਰੂ ਕੇ ਪ੍ਰੇਮੀਆਂ ਤੋਂ ਮਾਇਆ ਇਕੱਠੀ ਕਰ ਕੇ ਗੁਰੂ ਕੀ ਗੋਲਕ ਤੱਕ ਵੀ ਪਹੁੰਚਾਇਆ ਕਰਦੇ ਸਨ।

ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਕੋਲ ਬਹੁਤ ਸਾਰੇ ਰੁਝੇਵੇਂ ਸਨ ਪਰ ਉਨ੍ਹਾਂ ਦੀ ਤਰਜੀਹ ਹਮੇਸ਼ਾਂ ਹੀ ਕਾਰ-ਸੇਵਾ ਵਿਚ ਬਣੀ ਰਹਿੰਦੀ ਸੀ। ਵਕਤ ਮਿਲਣ ’ਤੇ ਉਹ ਆਪ ਵੀ ਟੋਕਰੀ ਚੁੱਕ ਲੈਂਦੇ ਅਤੇ ਇੱਟਾਂ, ਗਾਰੇ ਅਤੇ ਚੂਨੇ ਆਦਿ ਦੀ ਹੱਥੀਂ ਸੇਵਾ ਕਰਿਆ ਕਰਦੇ ਸਨ। ਇਹ ਸਭ ਕੁਝ ਉਹ ਕਿਰਤ ਦੇ ਸਿਧਾਂਤ ਨੂੰ ਵਡਿਆਉਣ ਅਤੇ ਪਕਿਆਉਣ ਲਈ ਵੀ ਕਰਦੇ ਸਨ। ਇਸ ਤਰ੍ਹਾਂ ਕਰਦਿਆਂ ਇਕ ਦਿਨ ਉਹ ਵੀ ਆ ਗਿਆ ਜਿਸ ਦਿਨ ਸ੍ਰੀ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਚੱਜੀ ਅਗਵਾਈ ਅਤੇ ਸੰਗਤਾਂ ਦੇ ਭਰਵੇਂ ਸਹਿਯੋਗ ਸਦਕਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ ’ਤੇ ਸਵਰਗ ਦੀ ਝਲਕ (ਸੱਚਖੰਡ ਦੇ ਰੂਪ ’ਚ) ਦਿਖਾਈ ਦੇਣ ਲੱਗ ਪਈ। ਅਜੋਕੇ ਸਮੇਂ ਵੀ ਇਹ ਸਥਾਨ ਰੱਬੀ ਸਿਫ਼ਤ-ਸਲਾਹ ਦਾ ਇਕ ਪ੍ਰਮੁੱਖ ਕੇਂਦਰ ਹੈ।


ਗੁਰੂ ਪਰਿਵਾਰ ਦੇ ਤਿੰਨਾਂ ਸਾਹਿਬਜ਼ਾਦਿਆਂ ਵਿੱਚੋਂ ਸਭ ਤੋਂ ਛੋਟੇ ਸ੍ਰੀ (ਗੁਰੂ) ਅਰਜਨ ਦੇਵ ਜੀ ਦੀਨ ਅਤੇ ਦੁਨੀਆ ਦੇ ਮਾਮਲੇ ਵਿਚ ਸਭ ਤੋਂ ਵਧੇਰੇ ਯੋਗ ਸਾਬਤ ਹੋਏ।ਜਿੱਥੇ ਉਹ ਪਰਵਾਰਿਕ ਪੱਖ ਤੋਂ ਪੂਰੇ ਜ਼ਿੰਮੇਵਾਰ ਸਨ ਉਥੇ ਉਹ ਅਧਿਆਤਮਿਕ ਪੱਖ ਤੋਂ ਵੀ ਸਰਬ-ਕਲਾ ਸਮਰੱਥ ਦਿਖਾਈ ਦਿੰਦੇ ਸਨ। ਇਸ ਸਮਰੱਥਾ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰਿਆਈ ਦਾ ਤਿਲਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਗਾਇਆ ਗਿਆ।

ਗੁਰੂ ਪਿਤਾ ਵੱਲੋਂ ਵੱਡੇ ਪੁੱਤਰ (ਪ੍ਰਿਥੀ ਚੰਦ) ਨੂੰ ਅਣਡਿੱਠ ਕਰ ਕੇ ਸਭ ਤੋਂ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਕੇ ਘਰ ਦੀ ਵਡਿਆਈ (ਗੁਰਗੱਦੀ) ਦਿੱਤੇ ਜਾਣ ਦਾ ਪ੍ਰਿਥੀ ਚੰਦ ਵੱਲੋਂ ਡੱਟਵਾਂ ਵਿਰੋਧ ਕੀਤਾ ਗਿਆ ਪਰ ਸ੍ਰੀ ਗੁਰੂ ਰਾਮਦਾਸ ਜੀ ਵੱਲੋ 'ਤਖਤਿ ਬਹੈ ਤਖਤੈ ਕੀ ਲਾਇਕ' ਦੀ ਕਸਵੱਟੀ ਨੂੰ ਆਧਾਰ ਬਣਾ ਕੇ ਕੇਵਲ ਯੋਗਤਾ ਨੂੰ ਹੀ ਪਹਿਲ ਦਿੱਤੀ ਗਈ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਗੱਦੀ-ਨਸ਼ੀਨ ਬਣਾ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਕੁਝ ਦਿਨ ਇੱਥੇ ਟਿਕਾਣਾ ਕਰਨ ਤੋਂ ਬਾਅਦ ਅੱਸੂ ਮਹੀਨੇ ਦੇ ਦੂਜੇ ਦਿਨ ਮੁਤਾਬਕ ਸੰਮਤ 1638 (ਸਤੰਬਰ 1581 ਈ:) ਨੂੰ ਜੋਤੀ ਜੋਤ ਸਮਾ ਗਏ।

ਅਧਿਆਤਮਿਕ ਆਗੂ ਹੋਣ ਦੇ ਨਾਲ-ਨਾਲ ਸ੍ਰੀ ਗੁਰੂ ਰਾਮਦਾਸ ਜੀ ਇੱਕ ਉੱਚ ਕੋਟੀ ਦੇ ਬਾਣੀਕਾਰ ਵੀ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ 19 ਰਾਗਾਂ ਦੀ ਵਰਤੋਂ ਕਰਦਿਆਂ ਅਤੇ 11 ਹੋਰ ਰਾਗਾਂ ਸਮੇਤ ਕੁੱਲ 30 ਰਾਗਾਂ ਵਿਚ ਬਾਣੀ ਰਚੀ ਹੈ। ਇਹ ਬਾਣੀ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਪੜ੍ਹੀ/ਸੁਣੀ ਜਾਂਦੀ ਹੈ।

# ਜਰੂਰੀ ਹੈ ਪਿੰਡਾਂ ਵਿੱਚ ਖੇਡ ਦੇ ਖੁੱਲ੍ਹੇ ਮੈਦਾਨ ਹੋਣੇ



ਹਰਕੀਰਤ ਕੌਰ ਸਭਰਾ
9779118066

ਅਸੀਂ ਸਾਰੇ ਇੱਕ ਗੱਲ ਆਮ ਹੀ ਸੁਣਦੇ ਹਾਂ ਕਿ ਬਹੁਤਾਂਤ ਲੜਕੇ ਪੜਾਈ ਲਿਖਾਈ ਵਿੱਚ ਲੜਕੀਆਂ ਦੇ ਮੁਕਾਬਲੇ ਘੱਟ ਹੀ ਦਿਲਚਸਪੀ ਰੱਖਦੇ ਹਨ । ਸ਼ਾਇਦ ਇਹੀ ਕਾਰਣ ਹੈ ਕਿ ਲੜਕਿਆਂ ਦੀ ਜਿਆਦਾ ਦਿਲਚਸਪੀ ਖੇਡਾਂ ਵਿੱਚ ਹੁੰਦੀ ਹੈ। ਜਿਥੋਂ ਤੱਕ ਮੈਨੂੰ ਲੱਗਦਾ ਹੈ ਪਰਮਾਤਮਾ ਨੇ ਹਰ ਇੱਕ ਵਿਅਕਤੀ ਵਿੱਚ ਕੋਈ ਨਾ ਕੋਈ ਖਾਸ ਗੁਣ ਜਰੂਰ ਪਾਇਆ ਹੁੰਦਾ ਹੈ। ਬਤੌਰ ਅਧਿਆਪਕਾਂ ਮੈ ਅਜਿਹੇ ਬਹੁਤ ਸਾਰੇ ਵਿਦਿਆਰਥੀ ਦੇਖੇ ਹਨ ਜੋ ਪੜਾਈ ਵਿੱਚ ਤਾਂ ਭਾਵੇਂ ਕਮਜ਼ੋਰ ਹੋਣ ਪਰ ਵੱਖਰੀਆਂ ਵੱਖਰੀਆਂ ਖੇਡਾਂ ਵਿੱਚ ਉਹਨਾਂ ਦਾ ਪ੍ਰਦਰਸ਼ਨ ਕਾਬਿਲੇਤਾਰੀਫ ਹੁੰਦਾ ਹੈ । ਅੱਜ ਦੇ ਸਮੇਂ ਵਿੱਚ ਖੇਡਾਂ ਦਾ ਪੱਧਰ ਬਹੁਤ ਉੱਚਾ ਹੋ ਚੁਕਿਆ ਹੈ । ਬਹੁਤ ਸਾਰੇ ਨਿੱਜੀ ਸਕੂਲਾਂ ਵਿੱਚ ਖੇਡਾਂ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਵਿਦਿਆਰਥੀਆਂ ਲਈ ਅਧੁਨਿਕ ਤਕਨੀਕਾਂ ਨਾਲ ਲੈਸ ਖੇਡ ਮੈਦਾਨ ਆਦਿ ਮੁਹਈਆ ਕਰਵਾਏ ਗਏ ਹਨ। ਪਰ ਜੇਕਰ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਪੜਾਈ ਕਰਨ ਵਾਲੇ ਵਿਦਿਆਰਥੀਆਂ ਵੱਲ ਦੇਖਿਆ ਜਾਵੇ ਤਾਂ ਉਹਨਾਂ ਕੋਲ ਨਾ ਤਾਂ ਵਧੀਆ ਕੋਚ, ਨਾ ਖੇਡ ਸਮਾਨ , ਨਾ ਵਧੀਆ ਖੇਡ ਮੈਦਾਨ ਹੁੰਦੇ ਹਨ। ਇਹਨਾਂ ਕੁਝ ਕਾਰਣਾ ਕਰਕੇ ਬਹੁਤ ਸਾਰੇ ਹੋਣਹਾਰ ਖਿਡਾਰੀਆਂ ਦਾ ਹੁਨਰ ਦੱਬਿਆ ਹੀ ਰਹਿ ਜਾਂਦਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸਦਾ ਕੀ ਹੱਲ ਹੋ ਸਕਦਾ ਹੈ? ਮੌਜੂਦਾ ਹਲਾਤਾਂ ਤੋਂ ਅਸੀਂ ਸਾਰੇ ਜਾਣੂ ਹਾਂ ਕਿ ਸਾਡੀਆਂ ਸਰਕਾਰਾਂ ਕੋਲੋ ਵੈਸੇ ਤਾਂ ਕੋਈ ਵੀ ਆਸ ਰੱਖਣੀ ਬੇਅਰਥ ਹੈ, ਪਰ ਫਿਰ ਵੀ ਸਰਕਾਰ ਨੂੰ ਇਸ ਗੱਲ ਵੱਲ ਧਿਆਨ ਦੇਣਾ ਪਵੇਗਾ ਕਿ ਕੀ ਹਰ ਇੱਕ ਪਿੰਡ ਵਿੱਚ ਖੇਡ ਮੈਦਾਨ ਹੈ? ਕੀ ਪਿੰਡ ਦੀ ਨੋਜਵਾਨ ਪੀੜੀ ਕੋਲ ਕੋਈ ਅਜਿਹੀ ਜਗ੍ਹਾ ਹੈ ਜਿੱਥੇ ਉਹ ਆਪਣੀ ਸਰੀਰਕ ਕਸਰਤ ਕਰ ਸਕਣ। ਭਾਵੇਂ ਅੱਜਕੱਲ ਹਰ ਪਿੰਡ ਦੇ ਵਿੱਚ ਜਾਂ ਨਜ਼ਦੀਕ ਜਿੰਮ ਖੁੱਲੇ ਹੋਏ ਹਨ, ਪਰ ਮੈਨੂੰ ਨਹੀਂ ਲੱਗਦਾ ਕਿ ਹਰ ਕਿਸਾਨ ਦੇ ਪੁੱਤ ਕੋਲ ਏਨੇ ਪੈਸੇ ਹਨ ਕਿ ਉਹ ਸਰੀਰਕ ਕਸਰਤ ਲਈ ਜਿਮ ਜਾ ਸਕਣ। ਇਸ ਲਈ ਸਰਕਾਰਾਂ ਨੂੰ ਜਾਂ ਖੇਡ ਵਿਭਾਗਾਂ ਨੂੰ ਹਰ ਪਿੰਡ ਵਿੱਚ ਖੇਡ ਮੈਦਾਨ ਦੀ ਹੋਂਦ ਨੂੰ ਯਕੀਨੀ ਬਣਾਉਣਾ ਪਵੇਗਾ। ਜੇਕਰ ਹਰ ਪਿੰਡ ਵਿੱਚ ਖੇਡ ਮੈਦਾਨ ਮੋਜੂਦ ਹੋਵੇਗਾ ਤਾਂ ਇਸ ਦੇ ਬਹੁਤ ਸਾਰੇ ਲਾਭ ਹੋ ਸਕਦੇ ਹਨ, ਜਿਵੇਂ ਕਿ ਨੋਜਵਾਨਾਂ ਵਿੱਚ ਖੇਡਾਂ ਪ੍ਰਤੀ ਰੁਚੀ ਪੈਦਾ ਹੋਵੇਗੀ, ਨੌਜਵਾਨ ਵਿਹਲਾ ਸਮਾਂ ਬਿਤਾਉਣ ਜਾਂ ਮੋਬਾਇਲ ਉੱਤੇ ਸਮਾਂ ਬਿਤਾਉਣ ਦੀ ਆਦਤ ਤੋਂ ਛੁਟਕਾਰਾ ਪਾ ਸਕਦੇ ਹਨ। ਨੋਜਵਾਨ ਵਰਗ ਮਾੜੀ ਸੰਗਤ ਤੋਂ ਦੂਰ ਰਹਿਣਗੇ ਅਤੇ ਖੇਡ ਦੇ ਮੈਦਾਨ ਵਿੱਚ ਇੱਕ ਦੂਸਰੇ ਨਾਲ ਮਿਲ ਕੇ ਰਹਿਣ ਨਾਲ ਭਾਈਚਾਰੇ ਦੀ ਸਾਂਝ ਵੀ ਵਧੇਗੀ। ਨੋਜਵਾਨ ਖਿਡਾਰੀਆਂ ਵਿੱਚ ਮੁਕਾਬਲੇਬਾਜ਼ੀ ਦੀ ਭਾਵਨਾ ਉਤਪੰਨ ਹੋਵੇਗੀ, ਜਿਸ ਨਾਲ ਉਹ ਮਿਹਨਤ ਕਰਨਗੇ ਅਤੇ ਇੱਕ ਚੰਗੇ ਖਿਡਾਰੀ ਉੱਭਰ ਕੇ ਬਾਹਰ ਆਉਣਗੇ।

ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਲਾਭਾਂ ਨੂੰ ਮੱ-ਦੇਨਜ਼ਰ ਰੱਖਦੇ ਹੋਏ , ਸਰਕਾਰਾਂ ਨੂੰ ਹਰ ਪਿੰਡ ਵਿੱਚ ਇੱਕ ਖੇਡ ਮੈਦਾਨ ਯਕੀਨੀ ਬਣਾਇਆ ਜਾਵੇ। ਇਸ ਗੱਲ ਨੂੰ ਰੱਖਣ ਵਿੱਚ ਕੋਈ ਗੁਰੇਜ਼ ਨਹੀਂ ਕਰਾਂਗੀ ਕਿ ਬਹੁਤ ਵਾਰ ਕਈ ਮੰਤਰੀਆਂ ਜਾਂ ਖੇਡ ਵਿਭਾਗਾਂ ਦੁਆਰਾ ਪਿੰਡਾਂ ਵਿੱਚ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਕਈ ਗਰਾਂਟਾਂ ਵੀ ਦਿੱਤੀਆਂ ਜਾਂਦੀਆਂ ਹਨ ਪਰ ਉਹ ਖੇਡਾਂ ਦੇ ਵਿਕਾਸ ਕਾਰਜਾਂ ਉੱਤੇ ਲੱਗਣ ਦੀ ਬਜਾਇ ਉਥੋਂ ਦੇ ਪੰਚਾਂ ਸਰਪੰਚਾਂ ਦੀਆਂ ਜੇਬਾਂ ਵਿੱਚ ਹੀ ਚਲੀਆਂ ਜਾਂਦੀਆਂ ਹਨ। ਜੇਕਰ ਪੰਜਾਬ ਦੇ ਹਰ ਪਿੰਡ ਵਿੱਚ ਸਾਰੀਆਂ ਖੇਡ ਸੁਵਿਧਾਵਾਂ ਨਾਲ ਭਰਪੂਰ ਖੇਡ ਮੈਦਾਨ ਹੋਣ ਤਾਂ ਬਹੁਤ ਸਾਰੇ ਹੋਣਹਾਰ ਖਿਡਾਰੀਆਂ ਨੂੰ ਅੱਗੇ ਵੱਧਣ ਦਾ ਮੌਕਾ ਮਿਲ ਸਕਦਾ ਹੈ। ਸੋ ਇਸ ਲਈ ਪਿੰਡਾਂ ਦੇ ਖਿਡਾਰੀਆਂ ਨੂੰ ਇੱਕ ਵਧੀਆ ਮੁਕਾਮ ਤੇ ਪਹੁੰਚਾਉਣ ਲਈ ਜਰੂਰੀ ਹੈ ਕਿ ਸਭ ਤੋਂ ਪਹਿਲਾਂ ਪਿੰਡਾਂ ਵਿੱਚ ਵਧੀਆ ਖੇਡ ਮੈਦਾਨ ਬਣਾਏ ਜਾਣ । ਸਰਕਾਰਾਂ , ਖੇਡ ਸੰਸਥਾਵਾਂ ਅਤੇ ਖੇਡ ਵਿਭਾਗਾਂ ਨੂੰ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸਰਕਾਰ ਵੱਲੋਂ ਖੇਡਾਂ ਦੇ ਵਿਕਾਸ ਲਈ ਦਿੱਤੀ ਗਈ ਰਾਸ਼ੀ ਜਾਂ ਹੋਰ ਸਹੂਲਤਾਂ ਕੇਵਲ ਖੇਡਾਂ ਦੇ ਵਿਕਾਸ ਲਈ ਹੀ ਵਰਤੀਆਂ ਜਾਣ।

# ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥

ਰਾਜਵਿੰਦਰ ਸਿੰਘ ਰਾਹੀ
98157-5133291-

ਪਿਆਰੇ ਸੱਜਣੋ 12 ਅਕਤੂਬਰ 2020 ਦੇ ਪੰਜਾਬੀ ਟ੍ਰਿਬਿਊਨ ਵਿੱਚ ਮੇਰਾ ਲੇਖ ਛਪਿਆ ਸੀ, 'ਸਦੀ ਪਹਿਲਾਂ ਦੀ ਅਦੁੱਤੀ ਘਟਨਾਂ ਜਿਸ ਨੇ ਇਤਿਹਾਸ ਸਿਰਜਿਆ।' ਇਸ ਉਪਰ ਬਲਦੀਪ ਸਿੰਘ ਰਾਮੂੰਵਾਲੀਆ ਵੱਲੋਂ ਟਿੱਪਣੀ ਕੀਤੀ ਗਈ ਹੈ ਕਿ ਮੈਂ ਇਹ ਲੇਖ ਜੱਟ ਭਾਈਚਾਰੇ ਵਿਰੁੱਧ ਲਿਖਿਆ ਹੈ। ਇਸ ਤੋਂ ਪਹਿਲਾਂ ਇਸ ਪ੍ਰੋਗਰਾਮ ਦੇ ਸੱਦਾ ਪੱਤਰ ਨੂੰ ਲੈ ਕੇ ਮੇਰੇ ਵਿਰੁੱਧ ਨੀਵੇਂ ਤੋਂ ਨੀਵੇਂ ਪ੍ਰਚਾਰ ਦੀ ਮੁਹਿੰਮ ਵਿੱਢੀ ਗਈ। ਜਦਕਿ ਸੱਦਾ ਪੱਤਰ ਚੰਡੀਗੜ੍ਹ ਅਤੇ ਅੰਮ੍ਰਿਤਸਰ ਦੀਆਂ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ ਤਿਆਰ ਕੀਤਾ ਗਿਆ ਸੀ। ਇਹ ਸੰਸਥਾਵਾਂ ਵੀ ਕੋਈ ਮਾਮੂਲੀ ਨਹੀਂ ਹਨ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦਾ 150 ਸਾਲ ਦਾ ਬੌਧਿਕ ਇਤਿਹਾਸ ਹੈ। ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਚੰਡੀਗੜ੍ਹ, ਸ. ਜਗਜੀਤ ਸਿੰਘ, ਸ. ਦਲਜੀਤ ਸਿੰਘ ਆਈ.ਏ.ਐਸ. ਅਤੇ ਡਾ. ਖੜਕ ਸਿੰਘ ਵਰਗੇ ਵਿਦਵਾਨਾਂ ਦੀ ਸੰਸਥਾ ਹੈ। ਪ੍ਰੋਗ੍ਰਾਮ ਆਯੋਜਤ ਕਰਨ ਵਾਲਿਆਂ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨੇੜੇ ਰਹੇ ਉੱਘੇ ਪੱਤਰਕਾਰ ਜਸਪਾਲ ਸਿੰਘ ਸਿੱਧੂ ਹਨ।

ਛਪੇ ਲੇਖ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਖਬਾਰੀ ਲਿਖਤ ਕੋਈ ਅਕਾਡਮਿਕ ਲਿਖਤ ਨਹੀਂ ਹੁੰਦੀ, ਇਹ ਸਿਰਫ ਸੰਖੇਪ ਤੌਰ 'ਤੇ ਸੂਚਨਾਮਈ ਹੁੰਦੀ ਹੈ। ਇੱਕ ਤਾਂ ਲੇਖਕ ਹੀ ਉਸ ਨੂੰ ਸੰਖੇਪ ਰੱਖਦਾ ਹੈ, ਦੂਜਾ ਸੰਪਾਦਕੀ ਅਮਲਾ ਅਖਬਾਰੀ ਸਪੇਸ ਮੁਤਾਬਿਕ ਕੱਟ-ਵੱਢ ਕਰਦਾ ਹੈ। ਇਸ ਲੇਖ ਨਾਲ ਵੀ ਇਹੋ ਕੁੱਝ ਹੋਇਆ ਹੈ। ਜਥੇ. ਕਰਤਾਰ ਸਿੰਘ ਝੱਬਰ ਦੇ ਜਥੇ ਦਾ ਤਿੰਨ ਥਾਈਂ ਜਿਕਰ ਸੀ। ਹਰਿਮੰਦਰ ਸਾਹਿਬ ਵਿੱਚ ਇਹ ਜਥਾ ਉਦੋਂ ਪਹੁੰਚਦਾ ਹੈ, ਜਦ ਪੁਜਾਰੀਆਂ ਦੇ ਇਨਕਾਰ ਕਰਨ ਤੋਂ ਬਾਅਦ ਪ੍ਰੋ. ਬਾਵਾ ਹਰਕਿਸ਼ਨ ਸਿੰਘ ਅਰਦਾਸ ਕਰ ਰਹੇ ਸਨ। ਸ੍ਰੀ ਹਰਿਮੰਦਰ ਸਾਹਿਬ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ 'ਤੇ ਪਹੁੰਚਦੀ ਹੈ, ਇੱਥੇ ਵੀ ਪੁਜਾਰੀਆਂ ਨਾਲ ਅੜਾ ਝੜੀ ਹੁੰਦੀ ਹੈ। ਲੇਖ ਵਿੱਚ ਕੱਟ ਵੱਢ ਸਮੇਂ ਜਥੇਦਾਰ ਝੱਬਰ ਦੇ ਜਥੇ ਦਾ ਜਿਕਰ ਸਿਰਫ਼ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਇਆ ਹੈ। ਜਿਸ ਦਾ ਅਫ਼ਸੋਸ ਹੈ। ਪਰ ਇੱਕ ਗੱਲ ਸਮਝਣ ਵਾਲੀ ਹੈ ਕਿ ਇਹ ਪ੍ਰੋਗ੍ਰਾਮ ਜਥੇਦਾਰ ਕਰਤਾਰ ਸਿੰਘ ਝੱਬਰ ਹੋਰਾਂ ਵਲੋਂ ਆਯੋਜਿਤ ਨਹੀਂ ਕੀਤਾ ਗਿਆ ਸੀ, ਇਹ ਸਿਰਫ਼ ਖਾਲਸਾ ਬਿਰਾਦਰੀ ਵਲੋਂ ਹੀ ਆਯੋਜਿਤ ਕੀਤਾ ਗਿਆ ਸੀ। ਜਥੇ. ਝੱਬਰ ਅਤੇ ਉਸ ਦੇ ਦੋ ਤਿੰਨ ਸਾਥੀ ਤਾਂ ਬਟਾਲਿਓਂ ਅਚਨਚੇਤ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਸੀ। ਉਹਨਾਂ ਨੂੰ ਤਾਂ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਪਹੁੰਚਣ 'ਤੇ 'ਪੰਥ ਸੇਵਕ' ਦੇ ਸੰਪਾਦਕ ਮਾ. ਚੰਦਾ ਸਿੰਘ ਵਲੋਂ ਦੱਸਿਆ ਗਿਆ ਸੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਸਾਰੀ ਅਗਵਾਈ ਜਥੇ. ਝੱਬਰ ਹੋਰਾਂ ਦੇ ਹੱਥ ਆ ਗਈ। 10-11-12 ਅਕਤੂਬਰ, 1920 ਨੂੰ ਪ੍ਰੋਗ੍ਰਾਮ ਕਰਨ ਬਾਰੇ ਖਾਲਸਾ ਬਿਰਾਦਰੀ ਵਲੋਂ ਇਸ਼ਤਿਹਾਰ ਕੱਢਿਆ ਗਿਆ ਸੀ, ਪਰ 10 ਅਕਤੂਬਰ ਨੂੰ ਤਾਂ ਕਿਸੇ ਨੇ ਲੰਗਰ ਬਣਾਉਣ ਲਈ ਭਾਂਡੇ ਵੀ ਨਹੀਂ ਦਿੱਤੇ ਸਨ। ਖਾਲਸਾ ਬਿਰਾਦਰੀ ਦੇ ਮਹਿਤਾਬ ਸਿੰਘ ਬੀਰ ਵਲੋਂ ਸ. ਮਿਹਰ ਸਿੰਘ ਰਵੇਲ ਰਾਹੀਂ ਸ. ਸੁੰਦਰ ਸਿੰਘ ਮਜੀਠਿਆਂ ਨੂੰ ਮਦਦ ਕਰਨ ਲਈ ਸੁਨੇਹਾ ਭੇਜਿਆ ਗਿਆ ਸੀ, ਫਿਰ ਹੀ ਖਾਲਸਾ ਕਾਲਜ ਦੇ ਪ੍ਰੋਫ਼ੈਸਰ ਤੇ ਵਿਦਿਆਰਥੀ 11 ਅਕਤੂਬਰ ਦੇ ਦੀਵਾਨ ਵਿੱਚ ਪਹੁੰਚੇ ਸਨ। ਇਹ ਵੇਰਵੇ ਦੇਣੇ ਅਖ਼ਬਾਰੀ ਲਿਖਤ ਵਿੱਚ ਸੰਭਵ ਨਹੀਂ ਸਨ। ਸਭ ਤੋਂ ਪਹਿਲਾਂ ਤਾਂ ਰਾਮੂੰਵਾਲੀਆ ਸਾਹਿਬ ਨੇ ਲਿਖਤ ਦੀ ਮੂਲ ਭਾਵਨਾ ਸਮਝੇ ਵਗੈਰ ਜੋ ਸ਼ੁਰੂ ਵਾਲੇ ਪੈਰੇ ਵਿੱਚ ਹੀ ਸਪੱਸ਼ਟ ਹੋ ਜਾਂਦੀ ਹੈ, ਮਨ ਮਰਜ਼ੀ ਦੇ ਸਿੱਟੇ ਕੱਢ ਕੇ ਇਸ ਨੂੰ "ਜੱਟ ਵਿਰੋਧੀ" ਲਿਖਤ ਸਿੱਧ ਕਰਕੇ ਸੱਦਾ ਪੱਤਰ ਵਿਰੋਧੀ ਮੁਹਿੰਮ ਦੀ ਹੀ ਪੂਰਤੀ ਕੀਤੀ ਹੈ। ਲੇਖ ਵਿੱਚ ਮੈਂ ਕਿਤੇ ਨਹੀਂ ਲਿਖਿਆ ਕਿ ਸ੍ਰੀ ਦਰਬਾਰ ਸਾਹਿਬ 'ਤੇ ਜੱਟ ਭਾਈਚਾਰੇ ਦਾ ਕਬਜ਼ਾ ਸੀ। ਮੈਂ ਸਾਫ ਤੌਰ ਤੇ ਕਾਬਜ਼ਾਂ ਨੂੰ ਮਹੰਤ ਜਾਂ ਪੁਜਾਰੀ ਲਿਖਿਆ ਹੈ। ਵੀਰ ਰਾਮੂੰਵਾਲੀਆ ਦਾ ਦਾਅਵਾ ਹੈ ਕਿ ਮਹੰਤਾਂ ਵੱਲੋਂ ਅਛੂਤਾਂ 'ਤੇ ਸ੍ਰੀ ਦਰਬਾਰ ਸਾਹਿਬ ਦੇ ਖੁੱਲ੍ਹੇ ਦਰਸ਼ਣਾਂ 'ਤੇ ਕਦੇ ਵੀ ਪਾਬੰਦੀ ਨਹੀਂ ਸੀ, ਉਹਨਾਂ ਦੀ ਅਰਦਾਸ ਵੀ ਕੀਤੀ ਜਾਂਦੀ ਸੀ ਤੇ ਸਵੇਰ ਦੇ ਨੌਂ ਵਜੇ ਤੱਕ ਪ੍ਰਸ਼ਾਦਿ ਵੀ ਕਬੂਲਿਆ ਜਾਂਦਾ ਸੀ। ਵੀਰ ਦੀ ਇਹ ਟਿੱਪਣੀ ਪੜ੍ਹਕੇ ਹਾਸਾ ਵੀ ਆਉਂਦਾ ਹੈ ਤੇ ਰੋਣਾ ਵੀ। ਹਾਸਾ ਇਸ ਕਰਕੇ ਕਿ ਸਮਸ਼ਾਨਾਂ 'ਚ ਪਏ ਪੁਜਾਰੀਆਂ ਦੀਆਂ ਰੂਹਾਂ ਖੁਸ਼ ਹੁੰਦੀਆਂ ਹੋਣਗੀਆਂ ਕਿ ਚੱਲੋ ਸੌ ਸਾਲ ਬਾਅਦ ਸਾਨੂੰ ਜਾਇਜ਼ ਠਹਿਰਾਉਣ ਵਾਲਾ ਤਾਂ ਕੋਈ ਪੈਂਦਾ ਹੋਇਆ। ਵੀਰ ਦੀ ਲਿਖਤ ਨੂੰ ਧੜਾ-ਧੜ ਅਗਾਂਹ ਤੋਰਨ ਵਾਲੇ ਵਿਦਵਾਨਾਂ ਨੂੰ ਸੁਆਲ ਹੈ ਕਿ ਜੇਕਰ ਦਰਸ਼ਣ-ਇਸ਼ਨਾਨ 'ਤੇ ਕੋਈ ਪਾਬੰਦੀ ਹੀ ਨਹੀਂ ਸੀ ਤਾਂ ਫਿਰ ਰੌਲਾ ਕਿਸ ਗੱਲ ਦਾ ਸੀ? ਲਿਖਤਾਂ ਤਾਂ ਦੱਸਦੀਆਂ ਹਨ ਕਿ 12 ਅਕਤੂਬਰ 1920 ਨੂੰ ਜਦੋਂ ਖਾਲਸਾ ਬਿਰਾਦਰੀ ਦੀ ਅਗਵਾਈ ਵਿੱਚ ਅਛੂਤ ਸ੍ਰੀ ਦਰਬਾਰ ਸਾਹਿਬ ਅੰਦਰ ਗਏ ਸਨ ਤਾਂ ਪੁਜਾਰੀਆਂ ਨੇ ਤਾਂ ਉਦੋਂ ਵੀ ਅਰਦਾਸ ਨਹੀਂ ਕੀਤੀ ਸੀ। ਅਰਦਾਸ ਪ੍ਰੋ. ਬਾਵਾ ਹਰਕਿਸ਼ਨ ਸਿੰਘ ਨੇ ਕੀਤੀ ਸੀ ਤੇ ਹੁਕਮਨਾਮਾ ਗੁਰਬਚਨ ਸਿੰਘ ਨੇ ਲਿਆ ਸੀ ਪਤਾ ਨਹੀਂ ਵੀਰ ਰਾਮੂੰਵਾਲੀਆ ਕਿਸ ਲਿਖਤ ਦੇ ਅਧਾਰ 'ਤੇ ਦਾਅਵਾ ਕਰੀ ਜਾ ਰਿਹਾ ਹੈ ਕਿ ਸਵੇਰ ਦੇ ਨੌਂ ਵਜੇ ਤੱਕ ਅਛੂਤਾਂ ਦੀ ਦੇਗ ਪ੍ਰਵਾਨ ਕੀਤੀ ਜਾਂਦੀ ਸੀ। ਜਦਕਿ ਮੇਰੇ ਵੱਲੋਂ ਪੜ੍ਹੀਆਂ ਗਈਆਂ ਲਿਖਤਾਂ ਵਿੱਚ ਇਹੋ ਲਿਖਿਆ ਹੈ ਕਿ ਅਛੂਤਾਂ (ਉਹ ਵੀ ਅੰਮ੍ਰਿਤਧਾਰੀਆਂ) ਨੂੰ ਸਵੇਰ ਦੇ ਨੌਂ ਵਜੇ ਤੋਂ ਬਾਅਦ ਸੀਮਤ ਸਮੇਂ ਲਈ ਪਹਾੜ ਵਾਲੇ ਪਾਸਿਓਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਣ ਕਰਵਾਏ ਜਾਂਦੇ ਸਨ ਤੇ ਉਹਨਾਂ ਦੇ ਇਸ਼ਨਾਨ ਲਈ ਇੱਕ ਨੁੱਕਰ ਮੁਕੱਰਰ ਸੀ, ਜਿਸ ਨੂੰ ਚੌਥਾ ਪੌੜਾ ਕਿਹਾ ਜਾਂਦਾ ਸੀ। ਇਸ ਘਟਨਾ ਵਿੱਚ ਸ਼ਾਮਿਲ ਪ੍ਰਿੰਸੀਪਲ ਤੇਜਾ ਸਿੰਘ ਆਪਣੀ ਜੀਵਨੀ 'ਆਰਸੀ' ਵਿੱਚ ਤਾਂ ਇਹੋ ਲਿਖਦੇ ਹਨ। ਬਾਕੀ ਰਾਮੂੰਵਾਲੀਏ ਦੇ ਦਾਅਵੇ ਬਾਰੇ Dr. J. S. Grewal ਆਪਣੀ ਪੁਸਤਕ The Sikhs: Ideology, Institution and Identity ਦੇ ਪੰਨਾ 238 'ਤੇ ਲਿਖਦੇ ਹਨ ਕਿ 1877 ਈ. ਵਿਚ ਮਜ਼ਬੀ ਸਿੱਖਾਂ ਦੀ ਇੱਕ ਪਲਟਣ ਸ੍ਰੀ ਅੰਮ੍ਰਿਤਸਰ ਆ ਗਈ। ਉਹਨਾਂ 'ਚ ਕੁੱਝ ਫੌਜੀ ਸਮੇਤ ਪਰਿਵਾਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਣਾਂ ਲਈ ਚਲੇ ਗਏ, ਪਰ ਪੁਜਾਰੀਆਂ ਨੇ ਕਿਹਾ "ਕਿ ਸਰੋਵਰ ਵਿੱਚ ਇਕ ਖਾਸ ਸਮੇਂ ਹੀ ਇਸ਼ਨਾਨ ਕਰ ਸਕਦੇ ਹੋ।" ਉਹਨਾਂ ਨੇ ਇਹ ਮਾਮਲਾ ਆਪਣੇ ਅੰਗਰੇਜ਼ ਅਫਸਰ ਕੋਲ ਰੱਖਿਆ ਤੇ ਅਫਸਰ ਨੇ ਅੰਗਰੇਜ਼ ਡੀ.ਸੀ. ਕੋਲ ਰੱਖਿਆ। ਡੀ.ਸੀ ਨੂੰ ਲੱਗਿਆ ਕਿ ਇਹ ਵਿਤਕਰਾ ਬਰਾਬਰੀ ਵਾਲੇ ਸਿੱਖ ਧਰਮ ਦੇ ਉਲਟ ਹੈ, ਉਸ ਨੇ ਇਹ ਮਾਮਲਾ ਗਵਰਨਰ ਜਨਰਲ ਰੌਬਰਟ ਈਗਲਟਨ ਦੇ ਧਿਆਨ 'ਚ ਲਿਆਦਾਂ ਪਰ ਗਵਰਨਰ ਨੇ ਇਹ ਕਹਿ ਦਿੱਤਾ ਕਿ "ਇਹ ਸਿੱਖਾ ਦਾ ਧਾਰਮਿਕ ਮਸਲਾ ਹੈ, ਇਸ ਵਿੱਚ ਅਸੀਂ ਦਖਲ ਨਹੀਂ ਦੇ ਸਕਦੇ।"

ਸਿੱਖਾਂ ਦੇ ਉੱਘੇ ਵਿਦਵਾਨ ਤੇ ਸੁਧਾਰਕ ਭਗਤ ਲਛਮਣ ਸਿੰਘ ਦੇ ਬਿਆਨ ਤੋਂ ਵੀ ਇਸ ਪਾਬੰਦੀ ਦੀ ਪੁਸ਼ਟੀ ਹੁੰਦੀ ਹੈ। ਜੂਨ 1900 ਵਿੱਚ ਉਹਨਾਂ ਨੂੰ ਲਹੌਰ ਵਿੱਚ ਪਤਾ ਲੱਗਿਆ ਕਿ ਜਾਤ ਅਭਿਮਾਨੀਆਂ ਦੇ ਸਤਾਏ ਕੁਝ ਰਹਿਤੀਏ ਸਿੱਖ ਆਰੀਆ ਸਮਾਜੀ ਬਣ ਰਹੇ ਹਨ। ਭਗਤ ਲਛਮਣ ਸਿੰਘ ਨੇ ਸ਼ੁੱਧੀ ਸਭਾ ਦੇ ਭਾਈ ਘਨ੍ਹਈਆ ਸਿੰਘ ਨੂੰ ਨਾਲ ਲੈ ਕੇ ਉਹਨਾਂ ਕੋਲ ਪਹੁੰਚ ਕੀਤੀ। ਰਹਿਤੀਏ ਸਿੱਖਾਂ ਨੇ ਸ਼ਰਤ ਰੱਖ ਦਿੱਤੀ ਕਿ



"ਸਾਨੂੰ ਸ੍ਰੀ ਦਰਬਾਰ ਸਾਹਿਬ ਜੀ ਦੇ ਖੁੱਲ੍ਹੇ ਦਰਸ਼ਣ ਇਸ਼ਨਾਨ ਦੀ ਇਜਾਜਤ ਲੈ ਦਿਉ ਅਸੀਂ ਆਰੀਆਂ ਸਮਾਜੀ ਨਹੀ ਬਣਦੇ।" ਭਗਤ ਲਛਮਣ ਸਿੰਘ ਨੇ ਕਿਹਾ ਕਿ "ਅਸੀਂ ਤਾਂ ਆਪਣੇ ਵੱਲੋਂ ਹਾਮੀ ਭਰ ਸਕਦੇ ਹਾਂ, ਪਰ ਦੂਜਿਆਂ ਤੋਂ ਇਜਾਜਤ ਲੈ ਕੇ ਦੇਣ ਦੀ ਗਰੰਟੀ ਨਹੀਂ ਦੇ ਸਕਦੇ।" (Bhagat Lakshman Singh: Auto Biography, Ed[ Dr[ Ganda Singh, p-162)

ਭਾਈ ਸਾਹਿਬ ਭਾਈ ਮੋਹਣ ਸਿੰਘ ਵੈਦ ਦੀ ਜੀਵਨੀ ਦੇ ਪੰਨਾ 125 'ਤੇ ਦਰਜ਼ ਹੈ ਕਿ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੇ ਸਰੋਵਰ ਕੰਢੇ ਵੀ ਮਜ਼ਬੀਆਂ ਦਾ ਬੁੰਗਾ ਹੁੰਦਾ ਸੀ, ਉੱਥੇ ਉਹਨਾਂ ਨਾਲ ਅੱਛਾ ਸਲੂਕ ਨਹੀਂ ਹੁੰਦਾ ਸੀ, ਅਖੀਰ ਉਹਨਾਂ ਨੇ ਈਸਾਈਆਂ ਨੂੰ ਵੇਚ ਦਿੱਤਾ ਸੀ।

ਰਾਮੂੰਵਾਲੀਆ ਸਾਹਿਬ ਹੋਰ ਦਾਅਵਾ ਕਰਦੇ ਹਨ ਕਿ 'ਸ੍ਰੀ ਦਰਬਾਰ ਸਾਹਿਬ ਤੋਂ ਬਿਨਾਂ ਅਛੂਤ ਵਰਗ ਨਾਲ ਹੋਰ ਕਿਧਰੇ ਵੀ ਪੰਜਾਬ ਅਤੇ ਗੁਰਦੁਆਰਿਆਂ ਵਿੱਚ ਵਿਤਕਰਾ ਨਹੀਂ ਹੁੰਦਾ ਸੀ।' ਸਿੰਘ ਸਭਾ ਲਹਿਰ ਦੇ ਆਗੂ ਭਾਈ ਦਿੱਤ ਸਿੰਘ ਨਾਲ ਵਿਤਕਰੇ ਦੀਆਂ ਗੱਲਾਂ ਹਰ ਇੱਕ ਨੂੰ ਪਤਾ ਹਨ, ਕਿ ਕਿਵੇਂ ਜਦ ਉਹ ਗੁਰਦੁਆਰਿਆਂ ਵਿੱਚ ਵਿਖਿਆਨ ਕਰਦੇ ਹੁੰਦੇ ਸਨ ਤਾਂ ਉੱਚ ਜਾਤੀ ਦੇ ਲੋਕ ਬਹੁਤ ਖ਼ੁਸ਼ ਹੁੰਦੇ ਸਨ, ਪਰ ਜਦ ਦੇਗ ਵਰਤਾਉਣੀ ਹੁੰਦੀ ਸੀ ਤਾਂ ਉਨ੍ਹਾਂ ਨੂੰ ਬਾਹਰ ਜਾਣ ਲਈ ਆਖ ਦਿੱਤਾ ਜਾਂਦਾ ਸੀ, ਕਿਉਂਕਿ ਉਨ੍ਹਾਂ ਦੀ ਮੌਜੂਦਗੀ ਵਿੱਚ ਭਿੱਟ ਚੜ੍ਹਨ ਦੇ ਡਰੋਂ ਉੱਚ ਜਾਤੀ ਵਰਗ ਦੇਗ ਨਹੀਂ ਲੈਂਦਾ ਸੀ। ਭਾਈ ਰਣਧੀਰ ਸਿੰਘ ਆਪਣੀ ਪੁਸਤਕ 'ਰੰਗਲੇ ਸੱਜਣ' ਦੇ ਪੰਨਾ 191-92 'ਤੇ 1914 ਵਿੱਚ ਸ੍ਰੀ ਚਮਕੌਰ ਸਾਹਿਬ ਦਾ ਵੀ ਜ਼ਿਕਰ ਕਰਦੇ ਹਨ, ਜਿੱਥੇ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗਾਂ ਦਾ ਕਬਜ਼ਾ ਸੀ, ਉੱਥੇ ਸ਼ਹੀਦੀ ਅਸਥਾਨ ਦੇ ਅੰਦਰ ਆਮ ਸੰਗਤ ਨੂੰ ਵੀ ਨਹੀਂ ਜਾਣ ਦਿੱਤਾ ਜਾਂਦਾ ਸੀ, ਤਾਂ ਕਿ ਸੰਗਤ 'ਚ ਰਲ ਕੇ ਕੋਈ ਚੂਹੜਾ (ਭਾਈ ਸਾਹਿਬ ਨੇ ਇਹੋ ਸ਼ਬਦ ਵਰਤਿਆ ਹੈ) ਨਾ ਚਲਿਆ ਜਾਵੇ। ਹੈਰਾਨੀ ਦੀ ਗੱਲ ਹੈ ਕਿ ਇਹ ਉਹ ਸ਼ਹੀਦੀ ਅਸਥਾਨ ਸੀ, ਜਿੱਥੇ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਸਮੇਤ ਅਨੇਕਾਂ ਰੰਘਰੇਟਿਆਂ ਦੇ ਸਿਰ ਲੱਗੇ ਹੋਏ ਸਨ ਤੇ ਗੁਰੂ ਸਾਹਿਬ ਨੇ ਆਪਣੀ ਕਲਗੀ ਅਛੂਤ ਸਿੱਖ ਭਾਈ ਸੰਗਤ ਸਿੰਘ ਦੇ ਸਿਰ 'ਤੇ ਸਜਾਈ ਸੀ। ਬਾਕੀ ਪੰਜਾਬ ਦੇ ਗੁਰਦੁਆਰਿਆਂ ਅਤੇ ਖੂਹਾਂ 'ਤੇ ਅਛੂਤਾਂ ਦੀ ਕੀ ਹਾਲਤ ਸੀ, ਜਿਹੜੀ ਅਸੀਂ ਇਹ ਇੱਥੇ ਬਿਆਨ ਨਹੀਂ ਕਰਨਾ ਚਾਹੁੰਦੇ, ਕਿਉਂਕਿ ਇੱਕ ਤਾਂ ਪੀੜਤ ਧਿਰ ਦੀ ਪੀੜ੍ਹ ਹੋਰ ਡੂੰਘੀ ਹੋਵੇਗੀ, ਦੂਜਾ ਜਬਰ ਕਰਨ ਵਾਲੀ ਧਿਰ ਦੇ ਵਾਰਸਾਂ ਅੰਦਰ ਕ੍ਰੋਧ ਦੀ ਤਰੰਗ ਪੈਂਦਾ ਹੋਵੇਗੀ। ਹਾਂ ਜੇਕਰ ਕੋਈ ਜਗਿਆਸੂ ਅਛੂਤਾਂ ਨਾਲ ਧੱਕੇ ਦੀ ਕਰੂਰਤਾ ਜਾਨਣਾ ਚਾਹੁੰਦਾ ਹੈ ਤਾਂ ਉਹ ਗੁਰਬਖਸ਼ ਸਿੰਘ ਰਾਹੀ ਦੀ, 'ਜਿੰਨੀ ਰਾਹੀਂ ਮੈਂ ਤੁਰਿਆ', ਗੁਰਦਾਸ ਸਿੰਘ ਘਾਰੂ ਦੀ 'ਪਗਡੰਡੀਆਂ ਤੋਂ ਜੀਵਨ ਮਾਰਗ ਤੱਕ', ਬਖਸ਼ੀ ਰਾਮ ਦੀ 'ਮੇਰਾ ਜੀਵਨ ਸੰਘਰਸ਼', ਇਨਕਲਾਬੀ ਕਵੀ ਗੁਰਦਾਸ ਰਾਮ ਆਲਮ ਦੀ 'ਮੇਰਾ ਜੀਵਨ ਪੰਧ' ਪੁਸਤਕਾਂ ਪੜ੍ਹ ਸਕਦੇ ਹਨ। ਹੋਰ ਨਹੀਂ ਤਾਂ ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਗਿ. ਲਾਲ ਸਿੰਘ ਦੀ 'ਮੇਰੀ ਜੀਵਨੀ' ਦਾ ਪੰਨਾ - 63 ਦੇਖ ਲੈਣ, ਜਿਸ ਤੋਂ ਸਾਰੇ ਪੰਜਾਬ ਦੀ ਤਸਵੀਰ ਪਤਾ ਲੱਗ ਜਾਵੇਗੀ। ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਣਾ ਚਾਹੁੰਦੇ ਹਾਂ ਕਿ "ਅਛੂਤ" (untouchables) ਬ੍ਰਾਹਮਣਵਾਦੀ ਮੰਨੂ ਵਿਵਸਥਾ ਦੇ ਚਾਰੇ ਵਰਨ-ਵੰਡ ਤੋਂ ਬਾਹਰ ਦੇ ਹੇਠਲੇ ਦਰਜੇ ਦੇ ਲੋਕ ਸਮਝੇ ਜਾਂਦੇ ਸਨ। ਜਿਹੜੇ 'ਸ਼ੂਦਰ ਵਰਗ' ਤੋਂ ਵੀ ਥੱਲੇ ਗਿਣੇ ਜਾਂਦੇ ਹਨ। ਜਿਨ੍ਹਾਂ ਨੂੰ ਉਪਰਲੀਆਂ ਜਾਤੀਆਂ ਭਿੱਟੇ ਜਾਣ ਦੇ ਡਰ ਤੋਂ ਛੂੰਹਦੀਆਂ ਨਹੀਂ ਸਨ। ਕਿਸੇਂ ਸਮੇਂ ਜੱਟ ਵੀ ਸ਼ੂਦਰਾਂ ਵਿੱਚ ਗਿਣੇ ਜਾਂਦੇ ਸਨ ਪਰ ਉਹ ਹਮੇਸ਼ਾਂ ਅਛੂਤਾਂ ਤੋਂ ਉਪਰ ਹੀ ਸਮਝੇ ਜਾਂਦੇ ਰਹੇ ਹਨ।

12 ਅਕਤੂਬਰ 1920 ਨੂੰ ਜਦੋਂ ਸੰਗਤ ਸ੍ਰੀ ਦਰਬਾਰ ਸਾਹਿਬ ਵਿੱਚ ਦੇਗ ਚੜ੍ਹਾਉਣ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ 'ਤੇ ਪਹੁੰਚਦੀ ਹੈ ਤਾਂ ਮੈਂ ਉਸ ਨੂੰ ਸੰਖੇਪ ਕਰਕੇ ਲਿਖਿਆ ਹੈ ਕਿ ਉੱਥੇ ਕਰਤਾਰ ਸਿੰਘ ਝੱਬਰ ਹੋਰਾਂ ਨੇ ਪੁਜਾਰੀਆਂ ਨੂੰ ਕੜਾਹ ਪ੍ਰਸ਼ਾਦਿ ਦੀ ਅਰਦਾਸ ਕਰਵਾਉਣ ਲਈ ਕਿਹਾ ਤਾਂ ਉਹਨਾਂ ਨੇ ਇਨਕਾਰ ਕਰ ਦਿੱਤਾ ਤੇ ਗਰਮਾ-ਗਰਮੀ ਤੋਂ ਬਾਅਦ ਪੁਜਾਰੀ ਸ੍ਰੀ ਅਕਾਲ ਤਖਤ ਤੋਂ ਭੱਜ ਗਏ। ਪਰ ਵੀਰ ਰਾਮੂੰਵਾਲੀਆ ਇਸ 'ਤੇ ਖਫਾ ਹੋਏ ਮੇਰੇ 'ਤੇ ਬੌਧਿਕ ਬੇਈਮਾਨੀ ਦਾ ਇਲਜ਼ਾਮ ਲਾਉਂਦੇ ਹੋਏ ਦਾਅਵਾ ਕਰਦੇ ਹਨ ਕਿ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੁਜਾਰੀ ਤਾਂ ਮੌਜੂਦ ਹੀ ਨਹੀਂ ਸਨ। ਪਤਾ ਨਹੀਂ ਵੀਰ ਨੇ ਇਹ ਤੱਥ 'ਸੁਰਗ' 'ਚ ਬੈਠੇ ਪੁਜਾਰੀਆਂ ਕੋਲੋ ਪਤਾ ਕੀਤਾ ਹੈ ਪਰ ਇਸ ਘਟਨਾਂ ਦੀ ਅਗਵਾਈ ਕਰ ਰਹੇ ਪ੍ਰੋ. ਬਾਵਾ ਹਰਕਿਸ਼ਨ ਸਿੰਘ ਨੇ ਤਾਂ ਇਹ ਲਿਖਿਆ:-

"From Darbar Sahib we went to the Akal Takhat and there the while of our company stood and pujaris set, we humbly requested them to accept our Karah Parsad and recite prayer and to read out the holy words as in the Harmander Sahib[ They refused then Sardar Teja Singh chuharkana shouted "**ਜੇ ਪਸ਼ੂ ਦੁੱਧ ਨਾ ਦੇਵੇ ਤਾਂ ਅਸੀਂ ਨਿਆਣਾ ਵੀ ਪਾ ਲੈਂਦੇ ਹਾਂ।** "The Pujaris felt frightened and said " please give use time to consult each other" so, they went inside the Akal Takhat from the open high terrace where they were sitting and where the holy volume of Guru Granth Sahib was placed. We waited for about 15-20 minutes but they did not come back. Three or four people went up the marble stairs to upper terrace to talk to them and found that all of them run away from the back door. So we were obliged to recite the prayer, to read the holy word of Guru Granth sahib and to distribute karah parsad. (The Makers of modern Punjab, Complied by Dr[ Kirpal Singh, Prithipal Singh Kapur, 51-52).

ਰਾਮੂੰਵਾਲੀਆ ਸਾਹਿਬ ਨੂੰ ਵੱਡਾ ਇਤਰਾਜ਼ ਇਹ ਹੈ ਕਿ ਮੈਂ ਸਿੱਖਾਂ ਵਿੱਚ ਦੁਬਾਰਾ ਜਾਤ-ਪਾਤ ਪੈਂਦਾ ਹੋਣ ਦੀਆਂ ਅਤੇ ਦਲਿਤ ਵਰਗ ਨੂੰ ਪਾਸੇ ਧੱਕਣ, ਦੀਆਂ ਜੜ੍ਹਾਂ ਮਿਸਲ ਕਾਲ ਵਿੱਚ ਲੱਭਦਾ ਹਾਂ, ਪਰ ਸਬੂਤ ਕੋਈ ਨਹੀਂ ਦਿੰਦਾ। ਮੈਂ ਆਪਣੇ ਲੇਖ ਵਿੱਚ ਹੀ ਸ. ਜਗਜੀਤ ਸਿੰਘ, ਪ੍ਰੋ. ਕਿਸ਼ਨ ਸਿੰਘ, ਡਾ. ਜੇ.ਐਸ. ਗਰੇਵਾਲ, ਡਾ. ਫੌਜਾ ਸਿੰਘ, ਸੁਰਜੀਤ ਹਾਂਸ ਅਤੇ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਦਾ ਜ਼ਿਕਰ ਕਰ ਚੁੱਕਾ ਹਾਂ। ਇੱਕ ਵਾਰ ਮੈਂ ਫਿਰ ਕਹਿ ਰਿਹਾ ਹਾਂ ਕਿ ਜੇਕਰ ਸਿੱਖੀ 'ਚ ਆਏ ਨਿਘਾਰ-ਮੁੱਖੀ ਵਰਤਾਰੇ ਨੂੰ ਸਮਝਣਾ ਹੈ ਤਾਂ ਇਹਨਾਂ ਲੇਖਕਾਂ ਦੀਆਂ ਪੁਸਤਕਾਂ ਨਿੱਠ ਕੇ ਪੜ੍ਹਨੀਆਂ ਚਾਹੀਦੀਆਂ ਹਨ।

ਰਾਮੂੰਵਾਲੀਆਂ ਸਾਹਿਬ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਜਿੰਨ੍ਹਾਂ ਜਾਤੀਆਂ ਕੋਲ ਜ਼ਮੀਨਾਂ ਹੋਣ ਦੀ ਗੱਲ ਕੀਤੀ ਹੈ, ਉਹ ਸੂਦਰਾਂ 'ਚ ਆਉਂਦੀਆਂ ਹਨ (ਜਿਨ੍ਹਾਂ ਨੂੰ ਅੱਜ ਕੱਲ ਬੀ.ਸੀ ਕਿਹਾ ਜਾਂਦਾ ਹੈ।) ਮੈਂ ਗੱਲ ਅਛੂਤਾਂ ਦੀ ਕਰ ਰਿਹਾ ਹਾਂ, ਜਿੰਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਨੇ ਨੀਚਾਂ ਅੰਦਰ ਨੀਚ ਦੀ ਸੰਗਿਆ ਦਿੱਤੀ ਹੈ। ਰਾਮੂੰਵਾਲੀਆ ਸਾਹਿਬ ਕੋਲ ਜੇਕਰ ਤੱਥ ਹਨ ਤਾਂ ਉਹ ਦੱਸਣ ਦੀ ਖੇਚਲ ਕਰਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਕਿੰਨੇ ਅਛੂਤ ਜਰਨੈਲ ਸਨ, ਅਹਿਲਕਾਰ ਸਨ, ਜਾਗੀਰਦਾਰ ਸਨ ਅਤੇ ਹੋਰ ਕਿਹੜੀਆਂ, ਕਿਹੜੀਆਂ ਪੋਸਟਾਂ 'ਤੇ ਸਨ। ਇਸ ਨਾਲ ਸਾਡੇ ਗਿਆਨ ਵਿੱਚ ਵਾਧਾ ਹੋਵੇਗਾ ਤੇ ਨਵੇਂ ਖੋਜੀਆਂ ਲਈ ਵੀ ਰਾਹ ਖੁੱਲ੍ਹੇਣਗੇ। ਨਹੀਂ ਤਾਂ ਅਸੀਂ ਦੱਸਦੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਕਿੰਨੇ ਉੱਚ ਜਾਤੀ ਹਿੰਦੂ ਸਿੱਖ ਤੇ ਮੁਸਲਮਾਨ, ਜਰਨੈਲ, ਅਹੁਦੇਦਾਰ ਤੇ ਜਾਗੀਰਦਾਰ ਸਨ। ਜਿੱਥੋਂ ਤੱਕ ਮੇਰੀ ਖੋਜ ਦਾ ਸਬੰਧ ਹੈ, ਅਛੂਤ ਤਾਂ 1936 ਤੱਕ ਆਪਣੇ ਰਿਹਾਇਸ਼ੀ ਘਰਾਂ ਹੇਠਲੀ ਜ਼ਮੀਨ ਦੇ ਵੀ ਮਾਲਕ ਨਹੀਂ ਸਨ। ਜਦੋਂ ਅੰਗਰੇਜਾਂ ਵੱਲੋਂ ਵੋਟ ਦਾ ਅਧਿਕਾਰ ਦੇਣ ਦੀ ਗੱਲ ਆਈ ਤਾਂ ਉਹਨਾਂ ਕੋਲ ਜ਼ਮੀਨ ਦੀ ਮਾਲਕੀ ਨਾ ਹੋਣ ਦਾ ਅੜਿੱਕਾ ਪੈ ਗਿਆ। ਅਖੀਰ ਡਾ. ਅੰ-ਬੇਡਕਰ ਨੇ ਜੁਗਤ ਕੱਢੀ ਤੇ ਉਹਨਾਂ ਦੇ ਮਲਬੇ ਦਾ ਪੰਜਾਹ ਰੁਪਏ ਮੁੱਲ ਪਾ ਕੇ ਉਹਨਾਂ ਨੂੰ ਵੋਟ ਦੇ ਅਧਿਕਾਰੀ ਬਣਾਇਆ ਗਿਆ।

ਬੱਕਾਪੁਰ ਪਿੰਡ ਵਿੱਚ ਮੁਸਲਮਾਨਾਂ ਤੋਂ ਸਿੰਘ ਸਜੇ ਲਖਮੀਰ ਸਿੰਘ ਤੇ ਮਹਿਤਾਬ ਸਿੰਘ ਨੂੰ ਜੱਟ ਭਾਈਚਾਰੇ ਵੱਲੋਂ ਪ੍ਰਵਾਨ ਨਾ ਕਰਨ ਬਾਰੇ ਮੈਂ ਜੋ ਲਿਖਿਆ ਹੈ ਉਹ ਗੁਰਬਖਸ਼ ਸਿੰਘ ਰਾਹੀ ਦੀ ਪੁਸਤਕ 'ਜਿੰਨੀ ਰਾਹੀਂ ਮੈ ਤੁਰਿਆ' ਦੇ ਪੰਨਾ 68 'ਤੇ ਦਰਜ ਹੈ। ਮੈਂ ਇਹ ਨਹੀਂ ਲਿਖਿਆ ਕਿ ਉਹ ਜੱਟਾਂ ਦੇ ਸਤਾਏ ਪਿੰਡ ਛੱਡ ਗਏ ਸਨ। ਅੰਮ੍ਰਿਤਸਰ ਜਾ ਕੇ ਲਖਮੀਰ ਸਿੰਘ ਸੰਤ ਵੀ ਬਣ ਗਿਆ ਸੀ, ਪਤਵੰਤਾ ਵਰਗ ਉਸ ਦੇ ਪੈਰੀਂ ਹੱਥ ਵੀ ਲਾਉਂਦਾ ਸੀ ਪਰ ਉਨ੍ਹਾਂ ਨੂੰ ਕਿਸੇ ਵੀ ਉੱਚ ਜਾਤੀ ਨੇ ਆਪਣੇ ਵਿੱਚ ਆਭੇਦ ਨਾ ਕੀਤਾ ਤੇ ਉਹਨਾਂ ਦੇ ਬੱਚਿਆਂ ਦੇ ਵਿਆਹ ਸ਼ਾਦੀਆਂ ਦੀ ਸਮੱਸਿਆ ਖੜ੍ਹੀ ਹੋ ਗਈ। ਅਖੀਰ ਰਵਿਦਾਸੀਆਂ ਭਾਈਚਾਰੇ ਨੇ ਉਹਨਾਂ ਨੂੰ ਆਪਣੇ 'ਚ ਆਭੇਦ ਕੀਤਾ। ਭਾਈ ਮਹਿਤਾਬ ਸਿੰਘ ਦੇ ਪੁੱਤਰ ਗੁਰਚਰਨ ਸਿੰਘ ਸਾਖੀ ਦੀ ਸ਼ਾਦੀ ਧੂਰੀ ਦੇ ਰਵਿਦਾਸੀਏ ਦੀਵਾਨ ਸਿੰਘ ਦੀ ਪੁੱਤਰੀ ਅੰਮ੍ਰਿਤ ਕੌਰ ਨਾਲ ਹੋਈ ਸੀ।

**ਬੁੰਗਿਆਂ ਬਾਰੇ :** ਜਾਤ-ਪਾਤ ਤੋਂ ਮੁਨਕਰ ਹੋਣ ਵਾਲੇ ਸਿੱਖ ਬੜਾ ਹੁੱਬ ਕੇ ਦੱਸਦੇ ਹਨ ਕਿ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਵਿੱਚ ਮਜ਼ਬੀ ਸਿੱਖਾਂ ਅਤੇ ਹੋਰ ਜਾਤਾਂ ਦੇ ਵੀ ਬੁੰਗੇ ਬਣੇ ਹੋਏ ਸਨ। ਇਹਨਾਂ ਮੂਰਖਾਂ ਨੂੰ ਇਹ ਨਹੀਂ ਪਤਾ ਲਗਦਾ ਕਿ ਬੁੰਗੇ ਤਾਂ ਇਸ ਗੱਲ ਦੇ ਪ੍ਰਤੀਕ ਹਨ ਕਿ ਉਦੋਂ ਤੱਕ ਸਿੱਖ ਪੰਥ ਜਾਤ-ਪਾਤ ਵਿੱਚ ਬੁਰੀ ਤਰ੍ਹਾਂ ਵੰਡਿਆ ਗਿਆ ਸੀ। ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰ ਹਦੂਦ ਵਿੱਚ ਜਾਤ ਆਧਾਰਤ ਬੁੰਗਿਆਂ ਦੇ ਉੱਸਰ ਜਾਣ ਤੋਂ ਹੀ ਪਤਾ ਲਗਦਾ ਹੈ ਕਿ ਇਹ ਗੁਰ ਸਿਧਾਤਾਂ ਦੀ ਘੋਰ ਅਵੱਗਿਆ ਦੀ ਨਿਸ਼ਾਨੀ ਸਨ। ਨਹੀਂ ਤਾਂ ਹਰ ਸਿੱਖ ਲਈ ਸਾਂਝੇ ਬੁੰਗੇ ਉਸਰਨੇ ਚਾਹੀਦੇ ਸਨ।

**ਸ਼ੁੱਧੀ ਲਹਿਰ ਬਾਰੇ :** ਰਾਮੂੰਵਾਲੀਆ ਕਹਿੰਦੇ ਹਨ ਕਿ ਅਛੂਤ ਸਿੱਖਾਂ ਦੀ ਸ਼ੁੱਧੀ ਲਹਿਰ ਸਿੰਘ ਸਭਾ ਨੇ ਨਹੀਂ, ਡਾ. ਜੈ ਸਿੰਘ ਨੇ ਚਲਾਈ ਸੀ। ਸਾਡਾ ਸੁਆਲ ਹੈ ਕੀ ਡਾ. ਜੈ ਸਿੰਘ, ਸਿੰਘ ਸਭਾ ਤੋਂ ਵੱਖ ਸੀ? ਭਾਈ ਵੀਰ ਸਿੰਘ ਤਾਂ ਇਹ ਕਹਿੰਦੇ ਹਨ, ''ਤੀਹ ਕੁ ਵਰ੍ਹੇ ਹੋਏ ਹਨ ਕਿ ਡਾ. ਜੈ ਸਿੰਘ ਜੀ ਲਹੌਰ ਨਿਵਾਸੀ ਨੇ ਜਦੋਂ ਹਿੰਦੂ ਜਾਤੀਆਂ ਦੇ ਲੋਕਾਂ ਨੂੰ ਅਰ ਸਿੱਖੀ ਤੋਂ ਹੋਰਨਾਂ ਵਿੱਚ ਜਾ ਰਲੇ ਲੋਕਾਂ ਨੂੰ ਮੁੜ ਸਿੱਖੀ ਵਿੱਚ ਸ਼ਾਮਲ ਕਰ ਲੈਣ ਦਾ ਖੁੱਲ੍ਹਮ ਖੁੱਲ੍ਹਾ ਵਤੀਰਾ ਜਾਰੀ ਕੀਤਾ, ਉਹ 'ਸ਼ੁੱਧੀ' ਦੇ ਨਾਂ ਹੇਠ ਜਾਰੀ ਕੀਤਾ ਗਿਆ।

ਉਂਞ ਸਿੰਘ ਸਭਾ ਇਸ ਅਸੂਲ ਦਾ ਪ੍ਰਚਾਰ ਮੁੱਦਤ ਤੋਂ ਕਰ ਰਹੀ ਸੀ ਅਰ ਕਈ ਇਸ ਤਰ੍ਹਾਂ ਦੇ ਸ਼ਾਮਲ ਕਰਨ ਦੇ ਕਾਰਜ ਹੋ ਚੁੱਕੇ ਹਨ, ਬਲਕਿ ਜਦੋਂ ਅਜੇ ਅਕਾਲ ਬੁੰਗੇ ਸਾਹਿਬ 'ਤੇ ਸਿੰਘ ਸਭਾ ਵਿੱਚ ਦੁਫੇੜੇ ਨਹੀਂ ਪੁਆਏ ਗਏ ਸਨ ਤਦੋਂ ਸਾਡੇ ਸਾਹਮਣੇ ਸੱਚਖੰਡ ਵਾਸੀ ਠਾਕੁਰ ਸਿੰਘ ਜੀ ਸੰਧਾਵਾਲੀਏ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਨੇ ਤਖਤ ਅਕਾਲ ਬੁੰਗੇ ਐਸੀ ਇਕ ਸ਼ੁੱਧੀ ਕਰਵਾਈ ਸੀ। ਸਿੱਖਾਂ ਦੀ ਇਸ ਸ਼ੁੱਧੀ ਦੀ ਚਾਲ ਨੂੰ ਆਰੀਆ ਸਮਾਜ ਨੇ ਗ੍ਰਹਿਣ ਕੀਤਾ।'' (ਫੁਲਵਾੜੀ, ਅਪ੍ਰੈਲ 1928)

ਰਾਮੂੰਵਾਲੀਆਂ ਸਾਹਿਬ ਪੁੱਛਦੇ ਹਨ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਜਾਣ ਸਮੇਂ ਇਹ ਪਰਖ ਕਿਵੇਂ ਹੁੰਦੀ ਸੀ ਕਿ ਇਹ ਦਲਿਤ ਹੈ ਜਾਂ ਇਹ ਉੱਚ ਜਾਤੀ ਨਾਲ ਸਬੰਧਤ ਹੈ। ਸਾਡਾ ਕਹਿਣਾ ਹੈ ਕਿ ਇਹ ਡੇਰਾ ਰੂਮੀ ਭੁੱਚੋਂ ਵਾਲਿਆਂ ਤੋਂ ਪੁੱਛਿਆ ਜਾਵੇ, ਜਿੱਥੇ ਅੱਜ ਵੀ ਲਿਖ ਕੇ ਜਿਮੀਂਦਾਰਾ ਦੇ ਭਾਂਡੇ ਵੱਖ ਰੱਖੇ ਹੋਏ ਹਨ ਤੇ ਦਲਿਤਾਂ ਨੂੰ ਵੱਖ ਲੰਗਰ ਛਕਾਇਆ ਜਾਂਦਾ ਹੈ, ਜਾਂ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਨੂੰ ਪੁੱਛਿਆ ਜਾਵੇ, ਜੋ ਅੱਜ ਵੀ ਦਲਿਤਾਂ ਨੂੰ ਵੱਖਰਾ ਅੰਮ੍ਰਿਤ ਛਕਾਉਂਦੇ ਹਨ।

ਮੈਨੂੰ ਲੱਗਦਾ ਹੈ ਕਿ ਵੀਰ ਰਾਮੂੰਵਾਲੀਆ ਕਿਸੇ ਗ੍ਰਹਿ 'ਤੇ ਰਹਿੰਦਾ ਹੈ, ਜਿੱਥੋਂ ਉਸ ਨੂੰ ਊਚ ਨੀਚ ਤੇ ਜਾਤ-ਪਾਤ ਤੋਂ ਮੁਕਤ ਆਦਰਸ਼ਕ ਸਿੱਖ ਸਮਾਜ ਦਿਖਾਈ ਦੇ ਰਿਹਾ ਹੈ। ਸਾਡੀ ਉਸ ਨੂੰ ਬੇਨਤੀ ਹੈ ਕਿ ਕਦੇ ਆ ਕੇ ਮਾਝੇ ਦੀਆਂ ਠੱਠੀਆਂ, ਦੁਆਬੇ ਦੀਆਂ ਚਮਾਰੜੀਆਂ, ਤੇ ਮਾਲਵੇ ਦੇ ਵਿਹੜਿਆਂ ਵਿੱਚ ਵੀ ਚਰਨ ਪਾਉਣ ਦੀ ਖੇਚਲ ਕਰਨ, ਤਾਂ ਕਿ ਸਦੀਆਂ ਤੋਂ ਜ਼ਿਲੱਤ ਝੱਲਦੇ ਆ ਰਹੇ ਲੋਕਾਂ ਦੀ ਹਾਲਤ ਦੇਖੀ ਜਾ ਸਕੇ ਤੇ ਉਹਨਾਂ ਦੀ ਪੀੜ ਦਾ ਭਾਗੀਦਾਰ ਬਣਿਆ ਜਾਵੇ। ਇਹ ਕਿਸੇ ਇਕੱਲੇ ਕਹਿਰੇ ਵਿਅਕਤੀ ਦਾ ਮਾਮਲਾ ਨਹੀਂ ਹੈ, ਕਿ ਉਸ ਦੀ ਕਿਰਦਾਰ-ਕੁਸ਼ੀ ਤੇ ਥੂ-ਥੂ ਕਰਕੇ, ਅਵਾਜ਼ ਚੁੱਪ ਕਰਵਾ ਦਿਉ, ਇਹ 34 ਫੀਸਦੀ ਲੋਕਾਂ ਦਾ ਮਾਮਲਾ ਹੈ।

ਆਉ ਰਲ ਮਿਲ ਕੇ ਇਹ ਸਮਝਣ ਦਾ ਯਤਨ ਕਰੀਏ ਕਿ ਇਹ ਵਰਗ ਕਿਉਂ ਘੁਟਣ ਮਹਿਸੂਸ ਕਰਦਾ ਹੈ, ਬੇਗਾਨਗੀ ਦਾ ਅਹਿਸਾਸ ਉਸ ਦੇ ਅੰਦਰ ਕਿਉਂ ਡੂੰਘਾਂ ਉਤਰਿਆ ਹੋਇਆ ਹੈ। ਇਹ ਦੂਰ ਕਰਨ ਦਾ ਯਤਨ ਕਰੀਏ ਤਾਂ ਕਿ ਉਹ ਗੁਰੂ ਆਸ਼ੇ ਅਨੁਸਾਰ ਸਿੱਖ ਸਮਾਜ ਦਾ ਅਟੁੱਟ ਅੰਗ ਬਣ ਕੇ ਆਤਮ ਸਨਮਾਨ ਦਾ ਜੀਵਨ ਜਿਉਂ ਸਕਣ ਤੇ ਅਜ਼ਾਦੀ ਦਾ ਨਿੱਘ ਮਾਣ ਸਕਣ। ਇਸ ਤਰ੍ਹਾਂ ਹੀ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੋ ਸਕਦੀਆਂ ਹਨ। ਗੁਰੂ ਸਾਹਿਬ ਜੀ ਦਾ ਫੁਰਮਾਨ ਹੈ:-

ਵੈਦਾ ਵੈਦੁ ਸੁਵੈਦੁ ਤੂ ਪਹਿਲਾ ਰੋਗੁ ਪਛਾਣੁ ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥

# ਲੋਪੋਕੇ ਭਰਾਵਾਂ ਨੇ ਪੀ.ਟੀ.ਸੀ ਐਵਾਰਡ ਜਿੱਤ ਕੇ ਗੱਡੇ ਗਾਇਕੀ 'ਚ ਝੰਡੇ


**ਸ ਟ ਾ ਕ ਟ ਨ (ਬਿਊਰੋ)** ਅਮਰੀਕਾ ਦੀ ਸੰਗੀਤ ਕੰਪਨੀ "ਟੋਟਲ ਐਂਟਰ-ਟੇਨਮੈਂਟ" ਦੀ ਪੇਸ਼ਕਸ਼ ਗੀਤ "ਸਾਡੀ ਸਾਹਿਬਾਂ ਦਿਲ ਤੋੜੇ,ਮਿਰਜ਼ੇ ਦੀ ਸਾਹਿਬਾਂ ਤੀਰਾਂ ਨੂੰ" ਦੇ ਗਾਇਕ ਲਖਬੀਰ ਲੋਪੋਕੇ ਅਤੇ ਰਜਿੰਦਰ ਲੋਪੋਕੇ ਨੇ ਪੀ ਟੀ ਸੀ ਦੇ ਸਲਾਨਾ ਐਵਾਰਡ ਵੰਡ ਸਮਾਗਮ ਮੌਕੇ ਡਿਊਟ ਸ਼੍ਰੇਣੀ ਵਿੱਚ ਸਰਵੋਤਮ ਗੀਤ ਦਾ ਐਵਾਰਡ ਹਾਸਲ ਕੀਤਾ। ਟੋਟਲ ਐਂਟਰਟੇਨਮੈਂਟ ਦੇ ਪ੍ਰੋਡਿਊਸਰ ਅਵਤਾਰ ਲਾਖਾ ਨੇ ਦੱਸਿਆ ਕਿ ਉਹਨਾਂ ਦੇ ਦੋ ਗੀਤ "ਬੈਸਟ ਸੌਂਗ" ਸ਼੍ਰੇਣੀ






ਲਈ ਚੁਣੇ ਗਏ ਸਨ। ਦੂਜਾ ਗੀਤ ਮਨ-ਮੋਹਣ ਵਿਰਸ ਦਾ" ਲਿਖਕੇ ਦੇ ਸਕਦੇ ਆਂ ਯਾਦ ਤਾਂ ਆਉਂਦੀ ਹੋਣੀ ਆਂ" ਹੈ। ਜ਼ਿਕਰਯੋਗ ਹੈ ਕਿ ਇਹ ਦੋਵੇਂ ਗੀਤ ਵਾਸ਼ਿੰਗਟਨ ਨਿਵਾਸੀ ਉੱਘੇ ਗੀਤਕਾਰ ਸੁੱਖਪਾਲ ਔਜਲਾ ਦੇ ਲਿਖੇ ਹੋਏ ਹਨ। ਲਾਖਾ ਨੇ ਦੱਸਿਆ ਕਿ ਲੋਪੋਕੇ ਭਰਾਵਾਂ ਨੇ ਦੋ ਸਾਲ ਪਹਿਲਾਂ ਅਮਰੀਕਾ ਵਿੱਚ ਯਾਦਗਾਰੀ ਸ਼ੋਅ ਕੀਤੇ ਸਨ। ਉਹਨਾਂ ਨੇ ਸਾਰੀ ਟੀਮ, ਦੋਸਤਾਂ ਤੇ ਸ਼ੁੱਭਚਿੰਤਕਾਂ ਦਾ ਧੰਨਵਾਦ ਵੀ ਕੀਤਾ।

## ਪੰਜਾਬੀ ਫਿਲਮ ਦਰਪਣ - ਅੰਮ੍ਰਿਤ ਪਵਾਰ











**ਯਾਕੂਬ ਗਿੱਲ - ਅਸਲ ਥਾਂਬੀ ਟਾਊਨ**

ਪੰਜਾਬੀ ਫਿਲਮ 'ਸੱਗੀ ਫੁੱਲ' 'ਚ ਯਾਕੂਬ ਗਿੱਲ ਦੇ ਗਾਏ ਗੀਤ ਇਸ ਕਦਰ ਹਿੱਟ ਹੋਏ ਸਨ ਕਿ ਇਹਨਾਂ ਗੀਤਾਂ ਤੇ ਯਾਕੂਬ ਦਾ ਨਾਂਅ 'ਪੀ.ਟੀ.ਸੀ ਐਵਾਰਡ' 'ਚ ਆਇਆ ਸੀ। 'ਲਾਕਡਾਊਨ' 'ਚ ਸਤਨਾਮ ਮਾਣਕ ਦਾ 'ਦਰਦਾਂ ਦਾ ਦਰਿਆ' ਗਾਉਣ ਵਾਲੇ ਯਾਕੂਬ ਦੇ ਸਿੰਗਲ ਟਰੈਕ ਆ ਰਹੇ ਹਨ ਪਰ ਯਾਕੂਬ ਦੀ ਮੰਜਿਲ ਤਾਂ ਏ.ਆਰ ਰਹਿਮਾਨ ਦੇ ਸੰਗੀਤ 'ਚ ਬੀ.ਟਾਊਨ ਦੀਆਂ ਫਿਲਮਾਂ ਲਈ ਗਾਉਣਾ ਹੈ।

**ਅਨੂ ਚੋਧਰੀ - ਰੰਗ ਬਿਰੰਗੀ**

ਪੰਜਾਬ ਦਾ 'ਕਿਊਟ ਮਾਡਲ' ਅਨੂ ਚੋਧਰੀ ਨੂ ਕਹਿੰਦੇ ਹਨ। ਮਾਡਲਿੰਗ ਤੋਂ ਅਭਿਨੈ 'ਚ ਆਈ ਅਨੂ ਚੋਧਰੀ ਇਸ ਸਮੇਂ ਬਲਿਊ ਡਾਇਮੰਡ ਫਿਲਮ ਦੀ ਸੀਰੀਜ਼ 'ਰੰਗ ਬਰੰਗੀ' ਕਰ ਰਹੀ ਹੈ। ਅਨੂ ਚੋਧਰੀ ਇਸ 'ਚ ਆਧੁਨਿਕ ਕੁੜੀ ਤੇ ਔਰਤ ਬਣੀ ਹੈ।ਅਨੂ ਨੇ ਕਿਹਾ ਕਿ ਸੰਦੀਪ ਸਿੰਘ ਉਸਦਾ ਸੀਰੀਜ਼ 'ਚ ਹੀਰੋ ਹੈ ਤੇ ਦੋਹਵਾਂ ਦੀ ਕੈਮਿਸਟਰੀ ਲੋਕ ਜਰੂਰ ਪਸੰਦ ਕਰਨਗੇ।

**ਧੀਰਾ ਗਿੱਲ - ਯਾਦ**

ਪੰਜਾਬ ਦਾ ਨੌਜਵਾਨ ਗਾਇਕ ਧੀਰਾ ਗਿੱਲ ਯੂ.ਕੇ. ਕਨੇਡਾ 'ਚ ਅਕਸਰ ਗਾਇਕੀ ਸੋਅਜ ਕਰਦਾ ਰਹਿੰਦਾ ਹੈ। 'ਸਾਈਕਲ' ਟਰੈਕ ਨਾਲ ਚਰਚਿਤ ਧੀਰਾ ਗਿੱਲ ਨੂੰ ਯਾਦ ਹੈ ਕਿ ਸ਼ੁਰੂ 'ਚ ਹੀ ਉਸਨੂੰ ਸੰਦੀ ਦਿਉਲ ਨਾਲ ਭੰਗੜਾ ਕਰਨ ਦਾ ਮੋਕਾ ਮਿਲਿਆ ਸੀ ਹਾਲਾ ਕਿ ਘਰੇਲੂ ਮਜ਼ਬੂਰੀ ਆੜੇ ਆ ਗਈ ਪਰ ਹੁਣ ਇਹ ਤਮੰਨਾ ਉਹ ਜਲਦੀ ਪੂਰੀ ਕਰੇਗੀ।

**ਅਸ਼ਮਾਇਰਾ ਸਿੰਘ - ਚੰਨ ਟੀ.ਵੀ ਦਾ**

ਲੁਧਿਆਣਵੀ ਕੁੜੀ ਅਸ਼ਮਾਇਰਾ ਸਿੰਘ ਸਬ ਟੀ.ਵੀ ਦੇ 'ਜੁਗਨੀ ਚਲੀ ਜਲੰਧਰ' ਨਾਲ ਪ੍ਰਸਿੱਧ ਹੋਈ ਸੀ। ਅਸ਼ਮਾਇਰਾ ਕੋਲ ਸਾਊਥ ਦੇ ਟੀ.ਵੀ ਤੇ ਬੇਸ਼ੁਮਰਾ ਕੰਮ ਹੈ। ਜਲਦੀ ਹੀ ਉਹ ਵੱਡੀਆ ਵੱਡੀਆਂ ਵੈਬ ਸੀਰੀਜਾਂ ਵੀ ਕਰਨ ਜਾ ਰਹੀ ਹੈ ਨਾਲ ਹੀ ਉਹ ਟੀ.ਵੀ ਤੇ ਗਾਏਗੀ ਵੀ।

**ਦੀਪਕ ਬਾਲੀ - ਜੈ ਪੰਜਾਬੀ**

ਪੰਜਾਬੀ ਬੋਲੀ ਨੂੰ ਮਾਂ ਜਿਹਾ ਪਿਆਰ ਦੀਪਕ ਬਾਲੀ ਪੰਜਾਬੀ ਜਾ-ਗਰਿਤੀ ਮੰਚ ਵਾਲਾ ਕਰਦਾ ਹੈ। ਦੀਪਕ ਬਾਲੀ ਚਾਹੁੰਦਾ ਹੈ ਕਿ ਪੰਜਾਬੀ ਫਿਲਮਾਂ ਤੇ ਗੀਤਾਂ ਦੇ ਟਾਈਟਲ ਵੀ ਪੰਜਾਬੀ 'ਚ ਹੀ ਹੋਣ। ਦੀਪਕ ਬਾਲੀ ਖੁਦ ਇੱਕ ਪੰਜਾਬੀ ਫਿਲਮ ਕਰਨ ਜਾ ਰਿਹਾ ਹੈ।

**ਹਾਕਮ - ਦਲਜੀਤ - ਜਿੰਦਾਬਾਦ**

ਦੂਜੇ ਸਦੀਕ - ਰਣਜੀਤ ਕੌਰ ਨੇ ਹਾਕਮ ਤੇ ਦਲਜੀਤ ਦੋਗਾਣਾ ਗਾਇਕੀ ਦੇ ਥੰਮ ਬਖਤੜੀਵਾਲਾ - ਦਲਜੀਤ ਕੋਰ ਅਨੁਸਾਰ ਦੋਗਾਣੇ ਉਹਨਾਂ ਦੀ ਰੂਹ ਹਨ। ਕਰੋਨਾਂ ਦੇ ਗੀਤ ਤੋਂ ਲੈ ਕਿ ਮੌਜੂਦਾ ਸਮੇਂ ਫਿਰ ਰੰਗ ਰੰਗ ਸਮੇਂ ਲਾ ਰਹੀ ਇਸ ਜੋੜੀ ਲਈ ਦੁਆਵਾਂ

## ਪੁਸਤਕ ਸਮੀਖਿਆ

**ਮਨ ਅਰੂਪ**
**ਲੇਖਕ : ਹਿੰਦਪਾਲ ਸਿੰਘ**
**ਛਾਪਕ : ਬੀ.ਕੇ. ਆਫਸੈਟ, ਨਵੀਂ ਦਿੱਲੀ**
**ਕੀਮਤ : ਰੁਪਏ 200/-**

ਮਨ ਅਰੂਪ ਕਾਵਿ ਪੁਸਤਕ ਹੈ ਅਤੇ ਪੰਜਾਬੀ ਸਾਹਿੱਤ ਵਿੱਚ ਹਿੰਦਪਾਲ ਦੀ ਪਲੇਠੀ ਹਾਜ਼ਿਰੀ ਹੈ। ਇਸ ਪੁਸਤਕ ਵਿੱਚ ਕੁੱਲ 33 ਰਚਨਾਵਾਂ ਹਨ,ਜਿੰਨ੍ਹਾਂ ਵਿੱਚ 29 ਨਿਰੋਲ ਛੰਦ- ਬੰਦ ਕਾਵਿ-ਰੂਪ ਰਚਨਾਵਾਂ ਹਨ ਅਤੇ ਚਾਰ ਰਚਨਾਵਾਂ ਵਿੱਚ ਕਾਵਿ-ਛੰਦਾਂ ਦੇ ਨਾਲ ਵਾਰਤਿਕ ਲਿਖਤ ਦਾ ਸੁਮੇਲ ਵੀ ਕੀਤਾ ਗਿਆ ਹੈ।

ਹਿੰਦਪਾਲ ਆਪਣੀ ਇਸ ਪੁਸਤਕ ਵਿੱਚ ਕਾਦਰ ਤੇ ਕੁਦਰਤ ਦੀ ਗੱਲ ਕਰਦਾ ਹੈ, ਪਰ ਵਰਤਮਾਨ ਸੰਸਾਰ ਅਤੇ ਸਮਾਜ ਵਿੱਚ ਵਾਪਰ ਰਹੀਆਂ ਚੰਗੀਆਂ-ਮੰਦੀਆਂ ਘਟਨਾਵਾਂ ਦਾ ਵੀ ਬ-ਕਮਾਲ ਚਿਤਰਨ ਕਰਦਾ ਹੈ। ਮਨ ਅਰੂਪ ਕਵਿਤਾ ਵਿੱਚ ਮਨੁੱਖਾ ਮਨ ਦੀ ਸਥਿਤੀ ਦਾ ਵਰਣਨ ਕਰਦਿਆਂ ਉਹ ਲਿਖਦਾ ਹੈ:

"ਪੌਣ ਨੂੰ ਹੱਸ ਕੇ ਵੇਖਾਂ, ਧੂੜ ਰੁਸ ਪੈਂਦੀ ਏ। ਧੁੱਪਾਂ ਦਾ ਨਿੱਘ ਮੈਂ ਸੇਕਾਂ, ਛਾਂ ਨਿੱਤ ਆ ਖਹਿੰਦੀ ਏ।
ਜੋ ਦਿਲ ਨੂੰ ਭਾਉਂਦਾ ਏ, ਉਹ ਦਿਲ ਪਾਉਂਦਾ ਨਹੀਂ। ਮਨ ਦਾ ਇੱਕ ਰੂਪ ਵੀ ਹੁੰਦਾ, ਨਿਗਾਹਾਂ ਵਿੱਚ ਆਉਂਦਾ ਨਹੀਂ।"

ਸੱਚੀ ਗੱਲ ਹੈ ਕਿ ਮਨ ਨਜ਼ਰ ਨਹੀਂ ਆਉਂਦਾ ਪਰ ਮਨ ਦੀਆਂ ਨਿਆਰੀਆਂ ਖੇਡਾਂ ਮਹਿਸੂਸ ਜ਼ਰੂਰ ਹੁੰਦੀਆਂ ਹਨ। ਮਨ ਬੜਾ ਚੰਚਲ ਹੁੰਦਾ ਹੈ।

ਮਨ ਦੀ ਚੰਚਲਤਾ ਨੂੰ ਸਭ ਪੀਰਾਂ, ਫਕੀਰਾਂ, ਰਿਸ਼ੀਆਂ-ਮੁਨੀਆਂ ਨੇ ਵੀ ਮੰਨਿਆਂ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਸ਼ਾਹਕਾਰ ਰਚਨਾ 'ਸ਼੍ਰੀ ਜਪੁਜੀ ਸਾਹਿਬ' ਦੀ 28ਵੀਂ ਪਾਉੜੀ ਵਿੱਚ ਲਿਖਿਆ ਹੈ -ਮਨਿ ਜੀਤੈ ਜਗੁ ਜੀਤੁ। ਸਪਸ਼ਟ ਹੈ ਕਿ ਮਨ ਉਤੇ ਕਾਬੂ ਪਾਉਣਾ ਬੜਾ ਮੁਸ਼ਕਿਲ ਹੈ। ਕਾਬੂ ਤਾਂ ਕਿਸੇ ਰੂਪਮਾਨ ਵਸਤ ਉਤੇ ਪਾਇਆ ਜਾ ਸਕਦਾ ਹੈ। ਮਨ ਦਾ ਤਾਂ ਕੋਈ ਰੂਪ ਹੀ ਨਹੀਂ। ਉਂਝ ਆਧਨਿਕ ਖੋਜ ਮੁਤਾਬਿਕ ਹਰੇਕ ਪ੍ਰਾਣੀ ਦੇ ਪੰਜ ਸਰੀਰ ਹੁੰਦੇ ਹਨ - ਤਨ-ਸਰੀਰ, ਮਨ-ਸਰੀਰ, ਪ੍ਰਾਣ-ਸਰੀਰ, ਗਿਆਨ-ਸਰੀਰ ਅਤੇ ਆਨੰਦ-ਸਰੀਰ। ਤਨ-ਸਰੀਰ ਸਥੂਲ ਸਰੀਰ ਹੈ ਅਤੇ ਬਾਕੀ ਚਾਰ ਸਰੀਰ ਸੂਖਮ ਸਰੀਰ ਹੁੰਦੇ ਹਨ। ਪਰ ਹਰੇਕ ਸਰੀਰ ਸੰਪੂਰਨ ਸਰੀਰ ਹੁੰਦਾ ਹੈ।


ਮਿਸਾਲ ਦੇ ਤੌਰ 'ਤੇ ਜਦ ਤਨ-ਸਰੀਰ ਦੀਆਂ ਅੱਖਾਂ ਕੋਈ ਸੁੰਦਰ ਵਸਤ ਜਾਂ ਨਜ਼ਾਰਾ ਵੇਖਦੀਆਂ ਹਨ ਤਾਂ ਕਿਹਾ ਜਾਂਦਾ ਹੈ ਕਿ ਬੜੀ ਮਨਮੋਹਕ ਵਸਤ ਹੈ ਜਾਂ ਬੜਾ ਮਨਮੋਹਕ ਨਜ਼ਾਰਾ ਹੈ। ਮਨ ਨੇ ਕਿਹੜੀਆਂ ਅੱਖਾਂ ਨਾਲ ਵਸਤ ਜਾਂ ਨਜ਼ਾਰੇ ਨੂੰ ਤੱਕਿਆ ਹੁੰਦਾ ਹੈ। ਇਸੇ ਤਰ੍ਹਾਂ ਤਨ-ਸਰੀਰ ਦੀ ਹਰੇਕ ਹਰਕਤ ਨੂੰ ਮਨ ਨਾਲੋ ਨਾਲ ਵੇਖਦਾ ਜਾਂ ਮਹਿਸੂਸ ਕਰਦਾ ਹੈ, ਜਾਂ ਇੰਝ ਕਹਿ ਲਉ ਕਿ ਤਨ-ਸਰੀਰ ਦੀ ਹਰੇਕ ਹਰਕਤ ਵਿੱਚ ਮਨ ਸ਼ਾਮਿਲ ਹੁੰਦਾ ਹੈ ਤਾਂ ਗਲਤ ਨਹੀਂ ਹੋਵੇਗਾ। ਸਪਸ਼ਟ ਹੈ ਕਿ ਮਨ ਦਾ ਵੀ ਆਪਣਾ ਸੰਪੂਰਨ ਸਰੀਰ ਹੁੰਦਾ ਹੈ, ਬੇਸ਼ੱਕ ਉਹ ਨਜ਼ਰ ਨਹੀਂ ਆਉਂਦਾ। ਨਾ ਮਨ ਕਦੇ ਥੱਕਦਾ ਹੈ, ਨਾ ਸੌਂਦਾ ਹੈ। ਸੁੱਤੇ ਪਏ ਮਨੁੱਖ ਦਾ ਮਨ ਸੁਪਨਿਆਂ ਵਿੱਚ ਹੀ ਭਟਕਦਾ ਤੇ ਘੁੰਮਦਾ ਰਹਿੰਦਾ ਹੈ। ਨਾ ਮਨ ਕਦੇ ਰੱਜਦਾ ਹੈ। ਇਸਦੀ ਭੁੱਖ ਦੀ ਕੋਈ ਸੀਮਾ ਹੀ ਨਹੀਂ ਹੁੰਦੀ।

ਹਿੰਦਪਾਲ ਦੀ ਉਮਰ ਤਾਂ ਹਾਲੇ ਬੜੀ ਛੋਟੀ ਹੈ, ਪਰ ਪੰਜਾਬੀ ਭਾਸ਼ਾ, ਕਾਵਿਕ ਸੋਚ-ਉਡਾਰੀ ਉਤੇ ਉਸਦੀ ਪਕੜ ਬੜੀ ਮਜਬੂਤ ਹੈ। ਉਸਦੀਆਂ ਵੱਖ ਵੱਖ ਵਿਸ਼ਿਆਂ, ਜਿਵੇਂ ਧਾਰਮਿਕ, ਰਾਜਨੀਤਕ, ਭਖਦੇ ਮਸਲਿਆਂ, ਗੂੜ੍ਹ ਗਿਆਨ ਅਤੇ ਸਮਾਜਿਕ ਹਕੀਕਤਾਂ ਉਤੇ ਲਿਖੀਆਂ ਰਚਨਾਵਾਂ ਉਤੇ ਉਸਦੀ ਪਕੜ ਇੱਕ ਪ੍ਰੌਢ ਕਵੀ ਜਾਂ ਪ੍ਰੌਢ ਸਾਹਿਤਕਾਰ ਵਰਗੀ ਹੈ।

**ਸੰਤੋਖ ਸਿੰਘ ਸੰਧ**
(+64 220710935)

## ਬਲਵਿੰਦਰ ਸਿੰਘ ਚਾਹਲ ਦੁਆਰਾ ਰਚਿੱਤ ਪੁਸਤਕ "ਇਟਲੀ ਵਿੱਚ ਸਿੱਖ ਫ਼ੌਜੀ"

ਬਲਵਿੰਦਰ ਸਿੰਘ ਚਾਹਲ ਨੇ ਦੂਜੇ ਵਿਸ਼ਵ ਯੁੱਧ ਵਿਚ ਇਟਲੀ ਵਿਚ ਸਿੱਖ ਫ਼ੌਜੀ ਪੁਸਤਕ ਲਿਖਕੇ ਆਪਣੀ ਵਿਰਾਸਤ ਦੀ ਸਫਲਤਾ ਦੀ ਕਹਾਣੀ ਲਿਖੀ ਹੈ। ਦੂਜੇ ਵਿਸ਼ਵ ਯੁੱਧ ਸਮੇਂ ਇਟਲੀ ਵਿਚ ਸਿੱਖ ਫ਼ੌਜੀਆਂ ਨੇ ਆਪਣੀ ਬਹਾਦਰੀ, ਦਲੇਰੀ, ਲਗਨ ਅਤੇ ਦ੍ਰਿੜਤਾ ਦੇ ਸਬੂਤ ਦਿੱਤੇ।ਇਹ ਖੋਜ ਭਰਪੂਰ ਜਾਣਕਾਰੀ 16 ਸਾਲ ਇਟਲੀ ਵਿਚ ਰਹੇ ਅਤੇ ਹੁਣ ਇੰਗਲੈਂਡ ਵਿਚ ਰਹਿ ਰਹੇ ਪੰਜਾਬੀ ਦੇ ਸਾਹਿਤਕਾਰ ਬਲਵਿੰਦਰ ਸਿੰਘ ਚਾਹਲ ਨੇ ਆਪਣੀ ''ਇਟਲੀ ਵਿੱਚ ਸਿੱਖ ਫ਼ੌਜੀ'' ਦੂਜੇ ਵਿਸ਼ਵ ਯੁੱਧ ਬਾਰੇ ਲਿਖੀ ਪੁਸਤਕ ਵਿਚ ਦਿੱਤੀ ਹੈ।




ਇਹ ਕਿਤਾਬ ਛੇ ਭਾਗਾਂ ਵਿੱਚ ਹੈ

ਭਾਗ ਪਹਿਲਾ- ਦੂਜੀ ਸੰਸਾਰ ਜੰਗ ਦੇ ਮੁੱਖ ਕਾਰਨ, ਪਹਿਲੇ ਵਿਸ਼ਵ ਯੁੱਧ ਦਾ ਹੋਣਾ ਅਤੇ ਦੂਸਰੇ ਵਿਸ਼ਵ ਯੁੱਧ ਦਾ ਮੁੱਢ ਬੱਝਣਾ। ਜਰਮਨ ਤੇ ਇਟਲੀ ਵਿੱਚ ਫਾਸ਼ੀ ਤੇ ਨਾਜ਼ੀਵਾਦੀ ਤਾਕਤਾਂ ਦਾ ਵੱਧਣਾ ਆਦਿ ਨੂੰ ਵਿਸਥਾਰ ਨਾਲ ਦਰਸਾਇਆ ਗਿਆ ਹੈ।

ਭਾਗ ਦੂਸਰਾ- ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦੇ ਜਰਨੈਲਾਂ ਦੀ ਗੱਦਾਰੀ ਕਾਰਨ ਸਿੱਖਾ ਦੀ ਹਾਰ ਤੋਂ ਬਾਅਦ ਪੰਜਾਬ ਨੂੰ ਅੰਗਰੇਜੀ ਰਾਜ ਵਿੱਚ ਸ਼ਾਮਲ ਕਰਨਾ।

ਭਾਗ ਤੀਸਰਾ- ਇਟਲੀ ਦੀ ਜੰਗ, ਇਟਲੀ ਦੇ ਤਾਨਾਸ਼ਾਹ ਮੁਸੋਲਿਨੀ ਦਾ ਹਿਟਲਰ ਨਾਲ ਮਿਲ ਜਾਣਾ, ਫਿਰ ਇਟਲੀ ਦੇ ਲੋਕਾਂ ਦਾ ਫਰਵਰੀ 1943 ਨੂੰ ਇੰਗਲੈਂਡ ਤੇ ਫਰਾਂਸ ਨਾਲ ਮਿਲਣਾ।

ਭਾਗ ਚੌਥਾ- ਸਿੱਖਾ ਅਤੇ ਭਾਰਤੀਆਂ ਦੇ ਇਟਲੀ ਵਿੱਚ ਪਾਏ ਯੋਗਦਾਨ ਬਾਰੇ ਜਾਣਕਾਰੀ ਹੈ।

ਭਾਗ ਪੰਜਵਾਂ- ਇਸ ਭਾਗ ਵਿੱਚ ਬਹੁਤ ਸਾਰੀਆਂ ਮੁਲਾਕਾਤਾਂ ਹਨ।

ਭਾਗ ਛੇਵਾਂ- ਅਵਾਰਡ ਅਤੇ ਤਗਮੇ ਇੰਡੀਅਨ ਆਰਡਰ ਆਫ਼ ਮੈਰਿਟ ਰਤਨ ਸਿੰਘ ਮੌਤ ਕਸੀਨੋ ਦੀ ਲੜਾਈ ਵਿੱਚ। ਦਰਸ਼ਨ ਸਿੰਘ ਨੂੰ ਵਿਲਾ ਗਰਾਦੇਂ ਅਤੇ ਕੁਲਦੀਪ ਸਿੰਘ ਨੂੰ ਔਰਸੋਨੀਆ ਦੀ ਲੜਾਈ ਵਿੱਚ ਇੰਡੀਅਨ ਆਰਡਰ ਆਫ਼ ਮੈਰਿਟ ਮਿਲਿਆ। ਉਸ ਜੰਗ ਵੇਲੇ ਫ਼ੌਜ ਵਿੱਚ ਰਹਿ ਚੱਕੇ ਉਨ੍ਹਾਂ ਫ਼ੌਜੀਆਂ ਨਾਲ ਕੀਤੀ ਗੱਲਬਾਤ ਤੋਂ ਇਲਾਵਾ ਕੁੱਝ ਉਨ੍ਹਾਂ ਇਟਲੀ ਵਾਸੀਆਂ ਨਾਲ ਗੱਲਬਾਤ ਵੀ ਸ਼ਾਮਲ ਹੈ ਜੋ ਆਪਣੇ ਤੋਂ ਇਸ ਜੰਗ ਵਿੱਚ ਸ਼ਾਮਲ ਸਿੱਖਾਂ ਦੀ ਦਲੇਰੀ ਦੀਆਂ ਕਹਾਣੀਆਂ ਅਕਸਰ ਸੁਣਦੇ ਰਹੇ ਹਨ ਅਤੇ ਅੱਜ ਵੀ ਸਿੱਖਾਂ ਦਾ ਨਾਮ ਬਹੁਤ ਆਦਰ ਸਤਿਕਾਰ ਨਾਲ ਲੈਂਦੇ ਹਨ ਇਸ ਕਾਰਜ਼ ਨੂੰ ਕਈ ਸਾਲਾਂ ਦੀ ਕੜੀ ਮਿਹਨਤ ਨਾਲ ਬਲਵਿੰਦਰ ਸਿੰਘ ਚਾਹਲ ਜੀ ਨੇ ਤਿਆਰ ਕੀਤਾ ਹੈ।

ਸਿੱਖ ਫ਼ੌਜੀਆ ਦੀ ਦਲੇਰੀ ਨੇ ਇਟਲੀ ਨਿਵਾਸੀਆ ਦਾ ਦਿਲ ਵੀ ਜਿਤਿਆ ਜਿਸ ਦਾ ਜ਼ਿਕਰ ਬਲਵਿੰਦਰ ਸਿੰਘ ਚਾਹਲ ਵਲੋਂ ਪੁਸਤਕ 'ਚ ਕਿਤਾ ਗਿਆ ਹੈ!ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਲੇਖਕ ਦੇ ਦਾਦੇ ਅਤੇ ਨਾਨੇ ਦੀ ਵਿਸ਼ੇਸ਼ ਭੂਮਿਕਾ ਕਹਿ ਜਾ ਸਕਦੀ ਹੈ ਉਸਨੂੰ ਇਸ ਗੱਲ ਦਾ ਵੀ ਲਾਭ ਮਿਲਿਆ ਹੈ।ਇਟਲੀ ਵੱਸਦੇ ਸਿੱਖਾਂ ਲਈ ਇਹ ਅਮੁੱਲ ਖਜ਼ਾਨਾ ਅਤੇ ਤੋਹਫਾ ਹੋਵੇਗਾ।

**ਅਰਵਿੰਦਰ ਸੰਧੂ**
**ਸਿਰਸਾ ਹਰਿਆਣਾ**

**ਗੁਰਗੱਦੀ 'ਤੇ ਵਿਸ਼ੇਸ਼**

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਰਾਹ ਦਸੇਰੇ ਗੁਰੂਆਂ ਦੇ ਆਗਮਨ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ 'ਤੇ ਪਾਪ ਦੀ ਅਤਿ ਹੋ ਜਾਵੇ ਤਾਂ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ। ਸਿੱਖ ਗੁਰੂ ਕਾਲ ਵਿਚ ਦਸ ਗੁਰੂਆਂ ਦੀ ਇਕ ਜੋਤ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ ਉਤਸ਼ਾਹ ਵਿਚ ਦੀਨ ਦਯਾ ਹਿਤ ਬੀਰ-ਰਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਉਹਨਾਂ ਦੀ ਸਿਆਣਪ ਨੂੰ ਵੇਖ ਕੇ ਬਾਲ ਗੁਰੂ ਜਾਂ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ।

ਆਪ ਜੀ ਦਾ ਆਗਮਨ 8 ਸਾਵਣ ਵਦੀ ਸੰਮਤ 1713 ਭਾਵ 7 ਜੁਲਾਈ ਸੰਨ 1656 ਨੂੰ ਸ਼ੀਸ਼ ਮਹਿਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿਰਾਏ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 20 ਅਕਤੂਬਰ ਸੰਨ 1661 ਨੂੰ ਗੁਰਗੱਦੀ ਨੂੰ ਪ੍ਰਾਪਤ ਹੋਏ। ਪੰਚਮ ਪਾਤਸ਼ਾਹ ਨੇ ਆਪਣੀ ਸ਼ਹਾਦਤ ਸਮੇਂ ਗੁਰੂ ਹਰਿਰਾਏ ਜੀ ਨੂੰ ਹਦਾਇਤ ਕੀਤੀ ਸੀ ਕਿ ਗੁਰਗੱਦੀ ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਤਦ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਬਕਾਇਦਾ ਤੌਰ ਤੇ ਜਥੇਬੰਦਕ ਹਥਿਆਰਬੰਦ ਬਣਾਇਆ। ਸੰਗਤ ਦੇ ਹੌਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿੱਥੇ ਜ਼ੁਲਮ ਨਾਲ ਜਬਰੀ ਲੋਕਾਂ ਨੂੰ ਇਸਲਾਮ ਵਿਚ ਲਿਆਉਣਾ ਚਾਹੁੰਦੀ ਸੀ, ਉਥੇ ਸਿੱਖ ਧਰਮ ਦੀ ਵਧਦੀ ਲੋਕਪ੍ਰਿਅਤਾ ਨੂੰ ਵੇਖ ਕੇ ਲੋਕ ਆਪਣੇ ਆਪ ਸਿੱਖ ਧਰਮ ਅਪਣਾਉਣ ਲੱਗੇ। ਬਾਦਸ਼ਾਹ ਔਰੰਗਜ਼ੇਬ ਨੇ ਧਰਮ ਗ੍ਰੰਥ ਦੇ ਸ਼ੰਕਿਆਂ ਦੇ ਬਹਾਨੇ ਗੁਰੂ ਹਰਿਰਾਏ ਸਾਹਿਬ ਨੂੰ ਤਲਬ ਕਰਨਾ ਚਾਹਿਆ।

ਗੁਰੂ ਹਰਿਰਾਏ ਸਾਹਿਬ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਏ ਜੀ ਨੂੰ ਹਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸਚੈ ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸਵਾਲ ਕੀਤਾ ਕਿ ਤੁਹਾਡੇ ਗ੍ਰੰਥ ਵਿਚ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।। ਸਿੱਧੀ ਇਸਲਾਮ ਦੀ ਹਤਕ ਨਹੀਂ ਹੈ? ਬਾਬਾ ਰਾਮਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿਟੀ ਬੇਈਮਾਨ ਕੀ ਲਫਜ਼ ਹੈ, ਬਾਣੀਕਾਰ ਵੱਲੋਂ ਗਲਤੀ ਨਾਲ ਮੁਸਲਮਾਨ ਲਿਖਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿਰਾਏ ਜੀ ਨੂੰ ਪਤਾ ਲੱਗਾ ਕਿ ਗੁਰਬਾਣੀ ਦੀ ਤੁਕ ਬਦਲਣ ਦੀ ਅਵੱਗਿਆ ਹੋਈ ਹੈ ਤਾਂ ਉਹਨਾਂ ਨੇ ਆਪਣਾ ਦ੍ਰਿੜ੍ਹ ਇਰਾਦਾ ਬਣਾਇਆ ਕਿ ਬਾਬਾ ਰਾਮਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ।

ਇਸੇ ਦ੍ਰਿੜ੍ਹਤਾ ਦੀ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਵੀ ਕਮੀ ਨਹੀਂ ਆਈ। ਬਾਬਾ ਰਾਮਰਾਇ ਨੇ ਆਪਣਾ ਹੱਕ ਗੁਰਗੱਦੀ ਤੇ ਬਣਾਉਣ ਲਈ ਸਰਕਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਨੂੰ ਗੁਰਗੱਦੀ ਤੋਂ ਵਾਂਝਾ ਕੀਤਾ ਗਿਆ ਹੈ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਲਬ ਹੋਣ ਦਾ ਸੱਦਾ ਦਿੱਤਾ ਜੋ ਗੁਰਾਂ ਨੇ ਠੁਕਰਾ ਦਿੱਤਾ। ਸਰਕਾਰੇ ਦਰਬਾਰੇ ਵਿਚੋਂ ਮਿਰਜ਼ਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ। ਦੀਵਾਨ ਪਰਸਰਾਮ ਨੇ 50 ਘੋੜ ਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ 'ਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਨੇ ਦੀਵਾਨ ਨੂੰ ਕਿਹਾ ਕਿ ਉਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ। ਤਦ ਹੀ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਚਿੱਠੀ ਭੇਜੀ ਤਾਂ ਤੁਰੰਤ ਰਜ਼ਾਮੰਦ ਹੋ ਗਏ। ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਪੰਜੋਖਰਾ ਜ਼ਿਲ੍ਹਾ ਅੰਬਾਲਾ ਵਿਖੇ ਰੁਕੇ। ਉਥੇ ਲਾਲਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਤੁਸੀਂ ਵੱਡੇ ਗੁਰੂ ਲਈ ਫਿਰਦੇ ਹੋ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਤੁਸੀਂ ਮੇਰੇ ਨਾਲ ਲਗਾਤਾਰ ਹੱਥ ਕਰ ਲਓ ਅਤੇ ਗੀਤਾ ਦੇ ਅਰਥ ਕਰਕੇ ਵਿਖਾਓ। ਗੁਰੂ ਜੀ ਨੇ ਪੰਡਤ ਨੂੰ ਸਮਝਾਇਆ ਕਿ ਗੁਰੂ ਦੀ ਸਮਰੱਥਾ ਅਰਥ ਕਰਨਾ ਹੀ ਨਹੀਂ ਸਗੋਂ ਮਨੁੱਖੀ ਜੀਵਨ ਨੂੰ ਸਾਵੀ ਪੱਧਰੀ ਰਾਹ ਤੇ ਤੋਰਨਾ ਹੈ ਅਗਿਆਨਤਾ ਦਾ ਨਾਸ਼ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ, ਉਸਨੂੰ ਗਿਆਨ ਪ੍ਰਾਪਤ ਕਰਨ ਦੀ ਖੁੱਲ੍ਹ ਹੈ ਤਾਂ ਜੋ ਧਾਰਮਿਕ, ਰਾਜਨੀਤਿਕ, ਵਿਦਿਅਕ ਤੇ ਵਿਹਾਰਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ। ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਓ, ਤੁਹਾਨੂੰ ਉੱਤਰ ਮਿਲ ਜਾਵੇਗਾ। ਪੰਡਤ ਲੰਗਰਾਂ ਵਿਚ ਜਾਣ ਦੀ ਸੇਵਾ ਕਰਕੇ ਛੱਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਤ ਨੇ ਜੋ ਵੀ ਪੁੱਛਿਆ ਛੱਜੂ ਨੇ ਉਸਦਾ ਉੱਤਰ ਦਿੱਤਾ ਕਿਉਂਕਿ ਉਹ ਲੰਗਰਾਂ ਦੀ ਸੇਵਾ ਕਰਦਾ ਬਾਣੀ ਸੁਣਦਾ ਗੁਣ-ਗੁਣਾਉਂਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ 'ਚ ਜਿੱਥੇ ਅੱਜਕਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ, ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜ਼ੇਬ ਨੇ ਵੀ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਪਰ ਗੁਰੂ ਜੀ ਨੇ ਇਨਕਾਰ ਕੀਤਾ। ਰਾਜਾ ਜੈ ਸਿੰਘ ਦੀ ਰਾਣੀ ਨੂੰ ਤੌਖਲਾ ਹੋਇਆ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ। ਜੇਕਰ ਸਮਰੱਥ ਗੁਰੂ ਹੈ ਤਾਂ ਮੈਨੂੰ ਹੀ ਢੂੰਡ ਕੇ ਦੱਸ ਦੇਵੇ ਕਿ ਸਵਾਗਤ ਕਰਨ ਵਾਲਿਆਂ ਵਿਚ ਮੈਂ ਜਿੱਥੇ ਹਾਂ? ਗੁਰੂ ਪਾਤਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ-ਡੌਲ ਤੋਂ ਗੋਲੀ ਬਣੀ ਰਾਣੀ ਨੂੰ ਪਛਾਣ ਲਿਆ। ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤ ਨੂੰ ਸਰੀਰ ਪੱਖੋਂ ਨਹੀਂ ਪਰਖਿਆ ਜਾ ਸਕਦਾ।



ਉਨ੍ਹੀਂ ਦਿਨੀ ਦਿੱਲੀ 'ਚ ਭਾਰੀ ਚੇਚਕ ਫੈਲ ਗਈ। ਗੁਰਦੇਵ ਆਮ ਲੋਕਾਂ ਦੇ ਘਰ-ਘਰ ਜਾ ਕੇ ਸੇਵਾ ਕਰਨ ਲੱਗੇ ਅਤੇ ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿਚ ਆਪਣੀ ਬਾਲ ਉਮਰ ਦੀ ਪਰਵਾਹ ਵੀ ਨਹੀਂ ਕੀਤੀ। ਆਖਿਰ ਗੁਰੂ ਜੀ ਵੀ ਇਸ ਮਹਾਂਮਾਰੀ ਬਿਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿਚ ਘਬਰਾਹਟ ਹੋ ਗਈ। ਪਰ ਪਾਤਸ਼ਾਹ ਨੇ ਇਸਨੂੰ ਰੱਬੀ ਰਮਜ਼ ਦੱਸਿਆ ਅਤੇ ਧੀਰਜ ਵਿਚ ਰਹਿਣ ਲਈ ਕਿਹਾ। ਆਪਣਾ ਸੱ-ਚਖੰਡ ਜਾਣ ਦਾ ਸਮਾਂ ਵੇਖ ਕੇ ਹੁਕਮ ਦਿੱਤਾ ਕਿ ਅਗਲਾ ਗੁਰੂ 'ਬਾਬਾ ਬਕਾਲਾ' ਜਿਸਦਾ ਭਾਵ ਸੀ ਕਿ ਗੁਰੂ 'ਬਾਬਾ ਬਕਾਲਾ' ਰਹਿੰਦਾ ਹੈ। ਆਪ ਜੀ 3 ਵਿਸਾਖ ਸੰਮਤ 1721 ਮੁਤਾਬਕ 30 ਮਾਰਚ 1664 ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦਾ ਸਸਕਾਰ ਮੌਜੂਦਾ ਗੁਰਦੁਆਰਾ 'ਬਾਲਾ ਸਾਹਿਬ' ਦਿੱਲੀ ਵਿਖੇ ਹੋਇਆ। ਵਰਣਨਯੋਗ ਹੈ ਕਿ ਆਪ ਨੇ ਬਾਲ ਉਮਰੇ ਹੀ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਅ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ ਜੋਤਿ ਹੈ। ਸਪਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ ਗੁਰੂ ਜੋਤ ਨਾਲ ਉਮਰ ਦਾ ਕੋਈ ਸਬੰਧ ਨਹੀਂ। ਢਾਈ ਸਾਲ ਦੀ ਗੁਰੂਤਾ ਵਿਚ ਗੁਰਦੇਵ ਨੇ ਬੜੀ ਸਿਆਣਪ, ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਜ਼ਿੰਮੇਵਾਰੀ ਨਿਭਾਈ। ਉਹਨਾਂ ਨੇ ਧਰਮ ਪ੍ਰਚਾਰ ਵੀ ਪਹਿਲਾਂ ਦੀ ਤਰ੍ਹਾਂ ਜਾਰੀ ਰੱਖਿਆ। ਉਹਨਾਂ ਦੇ ਹੋਰ ਪਰਉਪਕਾਰਾਂ ਵਿਚ ਜਦ ਭਾਈ ਕਲਿਆਣਾ ਦੀ ਧਰਮਸ਼ਾਲਾ (ਮਹੱਲਾ ਦਿਲਵਾਲੀ ਸਿੰਘ ਦਿੱਲੀ) ਵਿਖੇ ਡੇਰੇ ਲਾਏ ਤਾਂ ਉਥੇ ਲੋਕ ਗਰੀਬ ਸਨ। ਪੀਣ ਲਈ ਸਾਫ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ। ਬੜਾ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ। ਥਾਂ-ਥਾਂ ਸਾਫ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫਕੀਰ ਵੀ ਗੁਰੂ ਦੇ ਉਪਾਸਕ ਬਣ ਗਏ। ਗੁਰੂ ਜੀ ਸੱਚੀ-ਸੁੱਚੀ ਕਿਰਤ ਕਰਦਿਆਂ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੰਦੇ।

# ਸਕਾਊਟਸ ਅਤੇ ਗਾਈਡਜ਼ ਸੇਵਾਵਾਂ ਨੂੰ ਸਮਰਪਿਤ ਲੈਕਚਰਾਰ ਬੰਤ ਸਿੰਘ

ਅਧਿਆਪਕ ਕੌਮ ਦਾ ਨਿਰਮਾਤਾ ਹੈ। ਅੱਜ ਦੇ ਬੱਚੇ ਰਾਸ਼ਟਰ ਦੇ ਕੱਲ੍ਹ ਦੇ ਨੇਤਾ ਬਣਨਗੇ। ਬੱਚਿਆਂ ਨੂੰ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ।ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਅਨੇਕਾਂ ਗੁਣਾਂ ਦੇ ਮਾਲਕ ਸ੍ਰ. ਬੰਤ ਸਿੰਘ ਲੈਕਚਰਾਰ (ਪੋਲੀਟੀਕਲ ਸਾਇੰਸ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ਮਸ਼ਪੁਰ (ਫਤਿਹਗੜ੍ਹ ਸਾਹਿਬ) ਤੋਂ 30 ਸਤੰਬਰ 2020 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਨਾਨਕੇ ਪਿੰਡ ਸੀਲੋਂ ਖੁਰਦ ਜਿਲ੍ਹਾ ਲੁਧਿਆਣਾ ਵਿਖੇ 15 ਅਗਸਤ 1962 ਨੂੰ ਮਾਤਾ ਕਰਤਾਰ ਕੌਰ ਦੀ ਕੁੱਖ ਤੋਂ ਹੋਇਆ। ਉਨ੍ਹਾਂ ਦੇ ਪਿਤਾ ਸ੍ਰੀ ਕਾਕਾ ਸਿੰਘ ਇੱਕ ਕਿਰਤੀ ਇਨਸਾਨ ਸਨ। ਬਚਪਨ ਵਿੱਚ ਹੀ ਬੰਤ ਸਿੰਘ ਦੇ ਪਿਤਾ ਦਾ ਚਲਾਣਾ ਕਰ ਜਾਣਾ ਉਸ ਲਈ ਘਰ ਵਿੱਚ ਵੱਡਾ ਹੋਣ ਕਾਰਨ ਘਰ ਦੀਆਂ ਜ਼ਿੰ-ਮੇਵਾਰੀਆਂ ਨੂੰ ਨਿਭਾਉਣਾ ਚੁਣੌਤੀ ਬਣ ਕੇ ਸਾਹਮਣੇ ਆਇਆ। ਉਸ ਨੇ ਘਰ ਦੇ ਮੰਦਹਾਲੀ ਹਾਲਾਤਾਂ ਨਾਲ ਜੂਝਦੇ ਹੋਏ 1979 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਸ.ਹ.ਸ. ਅਮਲੋਹ ਤੋਂ ਚੌਥੇ ਸਥਾਨ ਤੇ ਰਹਿ ਕੇ ਪਾਸ ਕੀਤੀ। ਉਸ ਨੇ ਅਧਿਆਪਕ ਬਣਨ ਦਾ ਸੁਪਨਾ ਲੈ ਕੇ ਸਰਕਾਰੀ ਆਰਟ ਐਂਡ ਕਰਾਫਟ ਸੰਸਥਾ ਨਾਭਾ ਤੋਂ ਦੋ ਸਾਲਾ ਡਿਪਲੋਮਾ 1981 ਵਿੱਚ ਕਰ ਲਿਆ।ਦ੍ਰਿੜ ਇਰਾਦੇ ਅਤੇ ਲਗਨ ਦੀ ਭਾਵਨਾ ਨੇ ਸਿੱਖਿਆ ਨਾਲ ਗੂੜ ਸਾਂਝ ਪਾਉਣ ਸਦਕਾ ਉਸ ਨੇ ਅਪ੍ਰੈਲ 1985 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਭਾਕਰ ਕਰਨ ਉਪਰੰਤ ਨਿਰੰਤਰ ਉਚੇਰੀ ਪੜ੍ਹਾਈ ਜਾਰੀ ਰੱਖਦੇ ਹੋਏ 1988 ਵਿੱਚ ਬੀ.ਏ. ਅਤੇ ਐਮ.ਏ. ਹਿੰਦੀ ਦੀ ਡਿਗਰੀ 1990 ਵਿੱਚ ਪ੍ਰਾਪਤ ਕੀਤੀ। ਉਸ ਨੇ 1989 ਤੋਂ ਲੈ ਕੇ 1992 ਤੱਕ ਸ.ਹ.ਸ. ਭੜੀ ਪਨੈਚਾਂ,ਸ.ਹ.ਸ. ਖਨਿਆਣ ਅਤੇ ਸ.ਹ.ਸ. ਸਲਾਣਾ ਵਿਖੇ ਬਤੌਰ ਹਿੰਦੀ ਮਾਸਟਰ ਪੀ.ਟੀ.ਏ. ਫੰਡ 'ਚੋਂ ਸੇਵਾ ਨਿਭਾਈ। ਇਸੇ ਦੌਰਾਨ ਉਨ੍ਹਾਂ ਦਾ ਵਿਆਹ 13 ਸਤੰਬਰ 1991 ਨੂੰ ਪਿੰਡ ਕਰੌਦੀਆਂ ਦੇ ਸ੍ਰੀ ਰਾਮ ਲਾਲ ਦੀ ਬੇਟੀ ਸੁਖਵਿੰਦਰ ਕੌਰ ਨਾਲ ਹੋ ਗਿਆ।

ਮਾਸਟਰ ਕਾਡਰ ਦੀ ਯੋਗਤਾ ਪੂਰੀ ਕਰਨ ਲਈ ਬੰਤ ਸਿੰਘ ਨੇ 1993 ਵਿੱਚ ਸੋਹਨ ਲਾਲ ਡੀ.ਏ.ਵੀ.ਕਾਲਜ ਆਫ ਐਜੂਕੇਸ਼ਨ ਅੰਬਾਲਾ ਸ਼ਹਿਰ ਤੋਂ ਬੀ.ਐਡ. ਦੀ ਡਿਗਰੀ ਪ੍ਰਾਪਤ ਕਰ ਲਈ।ਅਗਲੇ ਸਾਲ ਸਿੱਖਿਆ ਵਿਭਾਗ ਵਿੱਚ ਬਤੌਰ ਆਰਟ ਐਂਡ ਕਰਾਫਟ ਟੀਚਰ ਨਿਯੁਕਤੀ ਹੋਣ ਉਪਰੰਤ ਬੰਤ ਸਿੰਘ ਨੇ ਪਹਿਲੀ ਹਾਜ਼ਰੀ 24 ਸਤੰਬਰ 1994 ਨੂੰ ਸ.ਮਿ.ਸ. ਠੀਕਰੀਵਾਲ ਤਹਿ: ਖਮਾਣੋਂ (ਫ.ਗ.ਸ.) ਵਿਖੇ ਦੇ ਕੇ ਸਰਕਾਰੀ ਅਧਿਆਪਕ ਬਣਨ ਦਾ ਸੁਪਨਾ ਪੂਰਾ ਕਰ ਲਿਆ।ਉਸ ਨੇ 25 ਸਤੰਬਰ 1996 ਨੂੰ ਸ.ਮਿ.ਸ. ਘੁਟੀੰਡ ਕੰਪ: ਸ.ਹ.ਸ. ਫੈਜ਼ਲਾ-ਪੁਰ ਵਿਖੇ ਬਦਲੀ ਕਰਵਾ ਲਈ।ਉਹ 13 ਦਸੰਬਰ 1996 ਨੂੰ ਸ.ਮਿ.ਸ. ਚਤਰਪੁਰਾ ਕੰਪ: ਸ.ਹ.ਸ. ਮੁੱਲਾਂਪੁਰ ਕਲਾਂ ਵਿਖੇ ਆ ਗਿਆ।ਸਿੱਧੀ ਭਰਤੀ ਰਾਹੀਂ ਬੰਤ ਸਿੰਘ ਦੀ ਨਿਯੁਕਤੀ ਬਤੌਰ ਹਿੰਦੀ ਮਾਸਟਰ ਹੋਣ ਉਪਰੰਤ ਉਸ ਨੇ 1 ਜਨਵਰੀ 1997 ਨੂੰ ਸ. ਹ. ਸ. ਵਣੈਚ ਵਿਖੇ ਸੇਵਾ ਆਰੰਭ ਕੀਤੀ। ਪ.ਸ.ਵ.ਕ. ਦੇ ਇੰਚਾਰਜ ਹੋਣ ਕਰਕੇ ਸਕੂਲ ਦੀ ਸਾਰੀ ਬਿਲਡਿੰਗ ਦਾ ਨਿਰਮਾਣ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਕਰਵਾਇਆ। ਉਸ ਸਮੇਂ ਦੇ ਵਿੱਤ ਮੰਤਰੀ ਸ੍ਰ. ਪਰਮਿੰਦਰ ਸਿੰਘ ਢੀਂਡਸਾ ਵਲੋਂ ਸ੍ਰ. ਬੰਤ ਸਿੰਘ ਦੀਆਂ ਵਧੀਆ ਸੇਵਾਵਾਂ ਬਦਲੇ 15 ਅਗਸਤ 2010 ਦੇ ਜਿਲ੍ਹਾ ਪੱਧਰੀ ਸਮਾਗਮ ਵਿੱਚ 'ਬੈਸਟ ਟੀਚਰ' ਅਵਾਰਡ ਨਾਲ ਸਨਮਾਨ ਕੀਤਾ ਗਿਆ।



ਬੱਚਿਆਂ ਅੰਦਰ ਸੇਵਾ ਭਾਵਨਾ ਪੈਦਾ ਕਰਨ ਦੇ ਸੰਕਲਪ ਨਾਲ ਸਕੂਲ ਅੰਦਰ ਭਾਰਤ ਸਕਾਊਟ ਐਂਡ ਗਾਈਡਜ਼ ਲਹਿਰ ਨੂੰ ਸੁਰਜੀਤ ਕੀਤਾ ਇਸ ਨਾਲ ਸਕੂਲੀ ਬੱਚਿਆਂ ਨੂੰ ਪੰਜਾਬ ਤੋਂ ਬਾਹਰ ਲੱਗਦੇ ਕੈਂਪਾਂ ਵਿੱਚ ਸਮੂਲੀਅਤ ਕਰਵਾ ਕੇ ਉਨ੍ਹਾਂ ਦੀ ਸ਼ਖਸ਼ੀਅਤ ਨਿਖ-ਾਰਨ ਵਿਚ ਅਹਿਮ ਭੂਮਿਕਾ ਨਿਭਾਈ। ਉਸ ਨੇ ਅਨੇਕਾਂ ਬੱਚਿਆਂ ਦੀ ਸ਼ਖਸ਼ੀਅਤ ਨਿਖਾਰਨ ਲਈ ਉਨ੍ਹਾਂ ਨੂੰ ਸਕਾਊਟਸ / ਗਾਈਡਜ਼ ਨਾਲ ਜੋੜ ਕੇ ਗਵਰਨਰ ਐਵਾਰਡ ਦਿਵਾਏ। ਸਕੂਲ ਦੇ ਦੋ ਹੋਣਹਾਰ ਬੱਚਿਆਂ ਨੂੰ ਉਸ ਸਮੇਂ ਦੇ ਰਾਸ਼ਟਰਪਤੀ ਡਾ.ਏ.ਪੀ.ਜੇ. ਅਬਦੁਲ ਕਲਾਮ ਵਲੋਂ ਰਾਸ਼ਟਰ-ਪਤੀ ਐਵਾਰਡ ਦਿਵਾਉਣ ਲਈ ਸ੍ਰ. ਬੰਤ ਸਿੰਘ ਦੀ ਯੋਗ ਅਗਵਾਈ ਅਤੇ ਸਖਤ ਮਿਹਨਤ ਦੀ ਮੂੰਹ ਬੋਲਦੀ ਤਸਵੀਰ ਹੈ। ਭਾਰਤ ਸਕਾਊਟਸ/ ਗਾਈਡਜ਼ ਵਲੋਂ ਉਨ੍ਹਾਂ ਦੀਆਂ ਇਸ ਲਹਿਰ ਨੂੰ ਪ੍ਰਫੁਲਿਤ ਕਰਨ ਲਈ ਪਾਏ ਮਾਣਮੱਤੇ ਯੋਗਦਾਨ ਲਈ 25 ਫਰਵਰੀ 2013 ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਜਿਸ ਨਾਲ ਇਸ ਲਹਿਰ ਦੀ ਜਿਲ੍ਹਾ ਪੱਧਰ ਦੀ ਜ਼ਿੰਮੇਵਾਰੀ ਬਤੌਰ ਜਿਲ੍ਹਾ ਟ੍ਰੇਨਿੰਗ ਕਮਿਸ਼ਨਰ ਸੇਵਾ ਮੁਕਤ ਹੋਣ ਤੋਂ ਬਾਅਦ ਵੀ ਨਿਭਾ ਰਹੇ ਹਨ ਜੋ ਕਿ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ।ਉਨ੍ਹਾਂ ਨੇ ਬਤੌਰ ਰਿਸੋਰਸ ਪਰਸਨ ਸ.ਸ.ਸ.ਸ. ਅਮਲੋਹ, ਸ.ਸ.ਸ.ਸ. ਮੰਡੀ ਗੋਬਿੰਦਗੜ੍ਹ, ਸ.ਸ.ਸ.ਸ. ਸਰਹਿੰਦ ਅਤੇ ਮਾਤਾ ਗੁਜਰੀ ਸੀਨੀ: ਸੈਕੰ: ਸਕੂਲ ਫਤਿਹਗੜ੍ਹ ਸਾਹਿਬ ਵਿਖੇ ਹਿੰਦੀ ਵਿਸ਼ੇ ਦੇ ਵੱਖ-ਵੱਖ ਸਮਿਆਂ ਤੇ ਲੱਗੇ ਸੈਮੀਨਾਰਾਂ ਵਿੱਚ ਅਧਿਆਪਕਾਂ ਨੂੰ ਟ੍ਰੇਨਿੰਗ ਦਿੱਤੀ। ਉਨ੍ਹਾਂ ਨੇ ਸ.ਮਿ.ਸ. ਹਰੀਪੁਰ ਕੰਪ: ਸ.ਸ.ਸ.ਸ. (ਲੜਕੇ) ਅਮਲੋਹ ਵਿਖੇ ਬਦਲੀ ਕਰਵਾ ਕੇ 27 ਜੂਨ 2012 ਨੂੰ ਇਥੇ ਹਾਜ਼ਰੀ ਦੇਕੇ ਉਸੇ ਲਗਨ ਨਾਲ ਸੇਵਾ ਸ਼ੁਰੂ ਕੀਤੀ।ਇਥੇ ਸਕੂਲ ਮੁੱਖੀ ਤੌਰ ਤੇ ਸੇਵਾ ਨਿਭਾਉਣ ਦਾ ਮੌਕਾ ਮਿਲਿਆ, ਉਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਹਰੇਕ ਸਾਲ ਸਕੂਲ ਦੇ ਬੱਚੇ ਐਨ.ਐਮ.ਐਮ.ਐਸ. ਪ੍ਰੀਖਿਆ 'ਚੋਂ ਸਫਲ ਹੁੰਦੇ ਰਹੇ ਉਨ੍ਹਾਂ ਦੀ ਕੀਤੀ ਮਿਹਨਤ ਉਦੋਂ ਰੰਗ ਲਿਆਈ ਜਦੋਂ ਉਨ੍ਹਾਂ ਦੀ ਤਰੱਕੀ ਬਤੌਰ ਲੈਕਚਰਾਰ (ਪੋਲ. ਸਾਇੰਸ) 9 ਮਈ 2017 ਨੂੰ ਸ.ਸ.ਸ.ਸ. ਸ਼ਮਸ਼ਪੁਰ (ਫ.ਗ.ਸ.) ਵਿਖੇ ਹੋ ਗਈ ਜੋ ਕਿ ਉਸ ਨੇ ਇਥੋਂ ਤੱਕ ਪੁੱਜਣ ਲਈ ਕਦੇ ਸੋਚਿਆ ਨਹੀਂ ਸੀ । ਹੁਣ ਉਨ੍ਹਾਂ ਨੇ ਆਪਣੀ ਵਿਸ਼ੇ ਪ੍ਰਤੀ ਜ਼ਿੰਮੇਵਾਰੀ ਨੂੰ ਹੋਰ ਵਧੇਰੇ ਮਿਹਨਤ,ਲਗਨ ਅਤੇ ਇਮਾਨਦਾਰੀ ਨਾਲ ਪੜ੍ਹਾਉਣ ਸਦਕਾ ਹਮੇਸ਼ਾ ਸੌ ਪ੍ਰਤੀਸ਼ਤ ਨਤੀਜਾ ਆਉਣ ਨਾਲ ਬੱਚਿਆਂ ਦੇ ਦਿਲਾਂ ਅੰਦਰ ਨਿਵੇਕਲੀ ਥਾਂ ਬਣਾ ਲਈ। ਉਨ੍ਹਾਂ ਨੇ ਆਪਣੇ ਅਧਿਆਪਨ ਸਫਰ ਦੌਰਾਨ ਸਕੂਲ ਦੀਆਂ ਹੋਰ ਵਾਧੂ ਡਿਊਟੀਆਂ ਨੂੰ ਹਮੇਸ਼ਾਂ ਇਮਾਨਦਾਰੀ ਨਾਲ ਖਿੜੇ ਮੱਥੇ ਨਿਭਾਇਆ ਹੈ। ਸਕੂਲ ਦੇ ਹਰ ਕਲੈਰੀਕਲ ਕੰਮ ਕਰਨ ਵਿੱਚ ਨਿਪੁੰਨਤਾ ਹੋਣ ਕਾਰਨ ਸਕੂਲ ਮੁੱਖੀਆਂ ਨਾਲ ਅਤੇ ਸਟਾਫ ਨਾਲ ਹਰ ਥਾਂ ਵਧੀਆ ਸਬੰਧ ਰਹੇ।



ਮੇਜਰ ਸਿੰਘ ਨਾਭਾ
91-94635-53962

ਸਕੂਲ ਦੀਆਂ ਜ਼ਿੰਮੇਵਾਰੀਆਂ ਦੇ ਨਾਲ ਬਤੌਰ ਬੀ. ਐਲ. ਓ. ਦੀਆਂ ਵਧੀਆ ਸੇਵਾਵਾਂ ਨਿਭਾਉਣ ਸਦਕਾ ਉਨ੍ਹਾਂ ਨੂੰ ਐਸ. ਡੀ. ਐਮ. ਅਮਲੋਹ ਵਲੋਂ ਦੋ ਵਾਰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨ ਕੀਤਾ ਗਿਆ। ਇੱਕ ਨੇਕ ਵਿਲੱਖਣ ਸਖਸ਼ੀਅਤ ਹੋਣ ਦੇ ਨਾਤੇ ਉਹ ਅਧਿਆਪਕ, ਵਿਦਿਆਰਥੀ ਅਤੇ ਸਮਾਜ ਲਈ ਰੋਲ ਮਾਡਲ ਹਨ। ਉਨ੍ਹਾਂ ਨੇ ਤਕਰੀਬਨ ਛੱਬੀ ਸਾਲ ਈਮਾਨਦਾਰੀ ਨਾਲ ਬੇਦਾਗ਼ ਸੇਵਾ ਨਿਭਾਈ ਅਤੇ ਇਥੋਂ ਹੀ ਸੇਵਾ ਮੁਕਤੀ ਪ੍ਰਾਪਤ ਕੀਤੀ। ਉਹ ਮਿੱਠਬੋਲੜੇ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ।

ਉਨ੍ਹਾਂ ਦੀ ਪਤਨੀ ਸ਼੍ਰੀਮਤੀ ਸੁਖਵਿੰਦਰ ਕੌਰ ਵਧੀਆ ਅਤੇ ਅਗਾਂਹ ਵਧੂ ਸੋਚ ਦੀ ਧਾਰਣੀ ਹੋਣ ਦੇ ਨਾਤੇ ਬੜੇ ਸਲੀਕੇ ਨਾਲ ਆਪਣੀ ਬੇਟੀ ਅਤੇ ਦੋ ਬੇਟਿਆਂ ਦਾ ਪਾਲਣ ਪੋਸ਼ਣ ਕੀਤਾ ਜਿਸ ਸਦਕਾ ਬੇਟੀ ਗਗਨਦੀਪ ਕੌਰ ਸਿੱਖਿਆ ਵਿਭਾਗ ਵਿੱਚ ਬਤੌਰ ਹਿੰਦੀ ਮਿਸਟ੍ਰੈਸ ਸੇਵਾ ਕਰ ਰਹੀ ਹੈ। ਵੱਡੇ ਬੇਟੇ ਲਖਵੀਰ ਸਿੰਘ ਨੇ ਐਮ.ਸੀ.ਏ. ਅਤੇ ਛੋਟੇ ਬੇਟੇ ਗੁਰਵੀਰ ਸਿੰਘ ਨੇ ਵੈਟਰਨਰੀ ਇੰਸਪੈਕਟਰ ਦਾ ਡਿਪਲੋਮਾ ਪਾਸ ਕਰਕੇ ਦੋਵੇਂ ਨੌਕਰੀ ਦੀ ਤਲਾਸ਼ 'ਚ ਹਨ।

ਬੰਤ ਸਿੰਘ ਐਸ.ਸੀ./ ਬੀ.ਸੀ. ਅਧਿਆਪਕ ਯੂਨੀਅਨ ਦੇ ਸਰਗਰਮ ਮੈਂਬਰ ਰਹੇ ਹਨ ਅਤੇ ਬਲਾਕ ਪੱਧਰ ਤੇ ਸੀਨੀ: ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਨਿਭਾਈ। ਉਹ ਅਕਸਰ ਹੀ ਅਧਿਆਪਕਾਂ ਦੀਆ ਹੱਕੀ ਮੰਗਾਂ ਲਈ ਰੈਲੀਆਂ, ਧਰਨਿਆਂ ਆਦਿ ਤੇ ਜਾਂਦੇ ਰਹਿੰਦੇ ਹਨ। ਉਹ ਧਾਰਮਿਕ ਬਿਰਤੀ ਵਾਲੇ ਇਨਸਾਨ ਹੋਣ ਕਰਕੇ ਪ੍ਰਮਾਤਮਾ ਤੇ ਭਰੋਸਾ ਰੱਖਣ ਵਾਲੇ ਹਨ। ਉਹ ਆਪਣੀ ਸਿਹਤ ਪ੍ਰਤੀ ਹਮੇਸ਼ਾਂ ਜਾਗਰੂਕ ਰਹਿੰਦੇ ਹਨ। 'ਹਾਸ਼ਮ ਫਤਿਹ ਨਸੀਬ ਉਹਨਾਂ ਨੂੰ, ਜਿਨ੍ਹਾਂ ਹਿੰਮਤ ਯਾਰ ਬਣਾਈ' ਸਤਰਾਂ ਦੀ ਸ਼ਚਾਈ ਨੂੰ ਸ੍ਰ. ਬੰਤ ਸਿੰਘ ਨੇ ਸੱਚ ਕਰ ਦਿਖਾਇਆ ਹੈ।ਪਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਕਲਾ ਅਤੇ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਦਾ ਬਲ ਬਖਸ਼ੇ।

# ਦੈਵ ਮੂਰਖ ਲੋਕਾਂ ਦੀ ਕਲਪਨਾ, ਪੁਰਸ਼ਾਰਥ ਹੀ ਦੈਵ ਹੈ



**ਆਚਾਰਿਆ ਰਵਿੰਦਰ ਕੁਮਾਰ**
ਖੋਜਾਰਥੀ, ਮਹਾਰਿਸ਼ੀ ਬਾਲਮੀਕੀ ਚੇਅਰ, ਪਟਿਆਲਾ
91-98880-89404

ਇਸ ਮਾਇਆਵੀ ਸੰਸਾਰ ਵਿੱਚ ਸਾਰੇ ਦੁੱਖਾਂ ਦਾ ਨਾਸ਼ ਕਰਨ ਦੇ ਲਈ ਪੁਰਸ਼ਾਰਥ ਜਾਂ ਕਹਿ ਲਓ ਮਨੁੱਖ (ਜੀਵ) ਦੇ ਯਤਨਾਂ ਦੇ ਇਲਾਵਾ ਕੋਈ ਦੂਜਾ ਮਾਰਗ ਨਹੀਂ ਹੈ।ਸੰਸਾਰ ਰੂਪੀ ਕੋਸ ਵਿੱਚ ਕੋਈ ਅਜਿਹਾ ਕੋਈ ਰਤਨ ਨਹੀਂ ਹੈ ਜੋ ਸ਼ੁੱਧ ਪੁਰਸ਼ਾਰਥ ਨਾਲ ਕੀਤੇ ਹੋਏ ਅੱਛੇ ਕਰਮਾਂ ਦੁਆਰਾ ਪ੍ਰਾਪਤ ਨਾ ਹੋ ਸਕੇ। ਤਿੰਨਾਂ ਲੋਕਾਂ ਵਿੱਚ ਅਜਿਹਾ ਕੋਈ ਪਦਾਰਥ ਨਹੀਂ ਹੈ ਜੋ ਪੁਰਸ਼ਾਰਥ ਦੁ-ਆਰਾ ਪ੍ਰਾਪਤ ਨਾ ਕੀਤਾ ਜਾ ਸਕੇ। ਇਸ ਸੰਸਾਰ ਵਿਚ ਸਾਰਾ ਕੁੱਝ ਸਦਾ ਹੀ ਸਭ ਆਪਣੀ ਮਿਹਨਤ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸ ਸੰਸਾਰ ਵਿੱਚ ਚੰਗੀ ਤਰ੍ਹਾਂ ਕੀਤੇ ਹੋਏ ਪੁਰਸ਼ਾਰਥ ਦੁਆਰਾ ਹੀ ਅਮੀਰ ਬਣਿਆਂ ਜਾ ਸਕਦਾ ਹੈ। ਜੋ ਇਸ ਪਦ ਨੂੰ ਪਾਉਣ ਦੀ ਇੱਛਾ ਕਰਦਾ ਹੈ ਅਤੇ ਉਸਨੂੰ ਪ੍ਰਾਪਤ ਕਰਨ ਦੇ ਲਈ ਹਮੇਸ਼ਾਂ ਪ੍ਰਯਤਨ ਕਰਦਾ ਹੈ, ਉਹ ਉਸ ਨੂੰ ਗ਼ਰੂਰ ਹੀ ਪ੍ਰਾਪਤ ਕਰ ਲੈਂਦਾ ਹੈ, ਜੇ ਵਿਚਕਾਰ ਵਿਚ ਹੀ ਪ੍ਰਯਤਨ ਨੂੰ ਨਾ ਛੱਡੇ। ਇੱਥੇ ਚੁੱਪਚਾਪ ਬੈਠੇ ਰਹਿਣ ਨਾਲ ਕੁੱਝ ਪ੍ਰਾਪਤ ਨਹੀਂ ਹੁੰਦਾ, ਜੋ-ਜੋ, ਜਿਵੇਂ-ਜਿਵੇਂ ਪ੍ਰਯਤਨ ਕਰਦਾ ਹੈ ਉਵੇਂ-ਉਵੇਂ ਹੀ ਫਲ ਵੀ ਪ੍ਰਾਪਤ ਕਰਦਾ ਹੈ। ਆਤਮਾ ਹੀ ਆਤਮਾ ਦੀ ਮਿੱਤਰ ਹੈ, ਆਤਮਾ ਹੀ ਆਤਮਾ ਦੀ ਦੁਸ਼ਮਣ ਹੈ। ਜੇ ਆਤਮਾ ਹੀ ਆਤਮਾ ਦੀ ਰੱਖਿਆ ਨਹੀਂ ਕਰਦੀ ਤਾਂ ਦੂਜਾ ਹੋਰ ਕੋਈ ਉਪਾਅ ਨਹੀਂ ਹੋ ਸਕਦਾ ਹੈ।

**ਪੁਰਸ਼ਾਰਥ ਦੇ ਫਲ ਦੀ ਪ੍ਰਾਪਤੀ ਦਾ ਨਾਮ ਦੈਵ**

ਭਗਵਾਨ ਬਾਲਮੀਕ ਜੀ ਅਨੁਸਾਰ ਕਿਸੇ ਵੀ ਦੌਰ ਅਤੇ ਕਾਲ ਦੇ ਅਨੁਸਾਰ, ਕੁਝ ਦੇਰੀ ਵਿੱਚ ਜਾਂ ਛੇਤੀ ਹੀ, ਕੀਤੇ ਹੋਏ ਪੁਰਸ਼ਾਰਥ ਦੇ ਫਲ ਦੀ ਪ੍ਰਾਪਤੀ ਦਾ ਨਾਮ ਦੈਵ ਹੈ। ਪੁਰਸ਼ਾਰਥ ਦੁਆਰਾ ਕੀਤੇ ਗਏ, ਸ਼ੁਭ ਅਤੇ ਅਸ਼ੁਭ ਕਰਮ ਦੀ ਅਰਥ ਪ੍ਰਾਪਤੀ ਦਾ ਨਾਮ ਫਲਸਿੱਧੀ ਹੀ ਦੈਵ ਹੈ। ਜੋ ਆਪਣੇ ਪੁਰਸ਼ਾਰਥ ਦੁਆਰਾ ਗ਼ਰੂਰ ਹੀ ਪ੍ਰਾਪਤ ਹੋਣ ਵਾਲੀ ਵਸਤੂ ਹੈ। ਉਹ ਇਸ ਸੰਸਾਰ ਵਿੱਚ ਦੈਵ ਕਹਾਉਂਦੀ ਹੈ। ਜੋ ਕਰਮ ਦ੍ਰਿੜ੍ਹਤਾ ਨਾਲ ਅਤੇ ਛੇਤੀ ਪ੍ਰਯਤਨ ਤੋਂ ਪੂਰਵਕਾਲ ਵਿੱਚ ਕੀਤਾ ਜਾ ਚੁਕਾ ਹੈ ਉਹੀ ਇਸ ਸਮੇਂ ਦੈਵ ਨਾਮ ਨਾਲ ਪੁਕਾਰਿਆ ਜਾਂਦਾ ਹੈ। ਪਹਿਲਾ ਕੀਤਾ ਕਰਮ ਜਾਂ ਪੁਰਸ਼ਾਰਥ ਦੇ ਇਲਾਵਾ ਦੈਵ ਅਤੇ ਕੋਈ ਵਸਤੂ ਨਹੀਂ ਹੈ, ਪੂਰਵਕ੍ਰਿਤ ਪੁਰਸ਼ਾਰਥ ਦਾ ਹੀ ਨਾਮ ਦੈਵ ਹੈ। ਜਿਵੇਂ- ਜਿਵੇਂ ਕੋਈ ਪ੍ਰਯਤਨ ਕੀਤਾ ਜਾਂਦਾ ਹੈ। ਵੈਸੇ-ਵੈਸੇ ਹੀ ਉਹ ਫਲ ਦਿੰਦਾ ਹੈ। ਇਸ ਲਈ ਪੁਰਸ਼ਾਰਥ ਹੀ ਸੱਤ ਹੈ, ਉਸੀ ਨੂੰ ਦੈਵ ਕਿਹਾ ਜਾਂਦਾ ਹੈ।

**ਪਰਾਧੀਨਤਾ ਦੀ ਨਿੰਦਾ**

ਭਗਵਾਨ ਬਾਲਮੀਕ ਜੀ ਅਨੁਸਾਰ ਜੋ ਮਨੁੱਖ ਇਹ ਸਮਝਦਾ ਹੈ ਕਿ ਉਹ ਈਸ਼ਵਰ ਦਾ ਭੇਜਿਆ ਹੋਇਆ ਹੀ ਸਵਰਗ ਜਾਂ ਨਰਕ ਵਿੱਚ ਜਾਂਦਾ ਹੈ ਉਹ ਸਦਾ ਹੀ ਪਰਾਧੀਨ (ਅਧੀਨ) ਰਹਿੰਦਾ ਹੈ, ਅਜਿਹਾ ਮਨੁੱਖ ਪਸ਼ੂ ਹੈ ਇਸ ਵਿੱਚ ਕੋਈ ਸੰਦੇਹ ਹੀ ਨਹੀਂ ਹੈ। ਜੋ ਇਹ ਸਮਝ ਕੇ ਕਿ ਉਸਨੂੰ ਕੋਈ ਦੂਜਾ ਹੀ ਪ੍ਰੇਰਿਤ ਕਰਦਾ ਹੈ ਦ੍ਰਿਸ਼ਟ (ਪ੍ਰਯਤਨ) ਨੂੰ ਛੱਡ ਬੈਠਦਾ ਹੈ ਉਹ ਅਧਮ ਮਨੁੱਖ ਦੂਰ ਤੋਂ ਹੀ ਤਿਆਗ ਦੇਣ ਯੋਗ ਹੈ। ਜੋ ਉਦਯੋਗ ਨੂੰ ਛੱਡ ਕੇ ਭਾਗ (ਤਕਦੀਰ) ਦੇ ਉਪਰ ਭਰੋਸਾ ਕਰਦੇ ਹਨ ਉਹ ਆਪਣੇ ਹੀ ਦੁਸ਼ਮਣ ਹਨ, ਅਤੇ ਧਰਮ, ਅਰਥ ਅਤੇ ਕਾਮ ਸਾਰਿਆਂ ਨੂੰ ਨਸ਼ਟ ਕਰ ਦਿੰਦੇ ਹਨ। ਜੋ ਕੁਬੁੱਧੀ ਲੋਕ ਇਹ ਸਮਝਦੇ ਹਨ ਕਿ ਸਾਰਾ ਕੁੱਝ ਕਿਸਮਤ ਦੇ ਅਧੀਨ ਹੈ, ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ। ਇਹ ਗੱਲ ਪ੍ਰਤੱਖ ਦੇਖਣ ਵਿੱਚ, ਅਨੁਭਵ ਵਿੱਚ ਅਤੇ ਸੁਣਨ ਵਿੱਚ ਆਉਂਦੀ ਹੈ। ਜੋ ਲੋਕ ਸ਼ੂਰਵੀਰ ਹਨ, ਅਮੀਰ ਹਨ, ਉਨਤੀ ਕਰਨ ਵਾਲੇ ਹਨ, ਗਿਆਨੀ ਹਨ, ਦੱਸੋ ਉਨ੍ਹਾਂ ਵਿੱਚੋਂ ਕਿਹੜਾ ਇਸ ਸੰਸਾਰ ਵਿੱਚ ਕਿਸਮਤ ਦੀ ਉਡੀਕ ਕਰਦਾ ਹੈ।

**ਦੈਵ ਜਾਂ ਕਿਸਮਤ ਕੋਈ ਵਸਤੂ ਨਹੀਂ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਦੈਵ ਜਾਂ ਕਿਸਮਤ ਕੁੱਝ ਨਹੀਂ ਹੈ। ਦੈਵ ਹੈ ਹੀ ਨਹੀਂ। ਦੈਵ ਸਦਾ ਹੀ ਅਸਤ ਹੈ। ਦੈਵ ਕਦੇ ਕੁੱਝ ਨਹੀਂ ਕਰਦਾ, ਇਹ ਕੇਵਲ ਕਲਪਨਾ ਮਾਤਰ ਹੈ ਕਿ ਦੈਵ ਕੁੱਝ ਕਰਦਾ ਹੈ। ਦੈਵ ਮੂਰਖ ਲੋਕਾਂ ਦੀ ਕਲਪਨਾ ਹੈ, ਇਸ ਕਲਪਨਾ ਦੇ ਭਰੋਸੇ ਰਹਿ ਕੇ ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ। ਬੁੱਧੀਮਾਨ ਜਾਂ ਅਕਲਮੰਦ ਲੋਕ ਪੁਰਸ਼ਾਰਥ ਦੁਆਰਾ ਉਨਤੀ ਕਰਕੇ ਚੰਗੇ ਪਦ੍ਵ ਪ੍ਰਾਪਤ ਕਰਦੇ ਹਨ। ਸੰਸਾਰ ਵਿੱਚ ਮ੍ਰਿਤ ਸਰੀਰ ਦੇ ਸਿਵਾਏ ਸਾਰੀਆਂ ਕ੍ਰਿਆਵਾਂ ਦਿਖਾਈ ਪੈਂਦੀਆਂ ਹਨ ਅਤੇ ਉਚਿਤ ਕਿਰਿਆ ਦੁਆਰਾ ਹੀ ਫਲ ਪ੍ਰਾਪਤੀ ਹੁੰਦੀ ਹੈ, ਇਸ ਲਈ ਦੈਵ ਦੀ ਕਲਪਨਾ ਨਿਰਰਥਕ ਹੈ। ਦੈਵ ਦੀ ਕਲਪਨਾ ਘੱਟ ਬੁੱਧੀ ਪੁਰਸ਼ ਨੂੰ ਦੁੱਖ ਦੇ ਸਮੇਂ ਆਸ਼ਵਾਸਨ ਦੇਣ ਦੇ ਲਈ ਹੈ। ਆਸ਼ਵਾਸਨ ਦੇਣਾ ਇਕ ਵਾਕ ਹੈ, ਇਸ ਦੇ ਸਿਵਾਏ, ਦੈਵ ਪਰਮਾਰਥ ਦੇ ਰੂਪ ਵਿੱਚ ਕੋਈ ਵਸਤੂ ਨਹੀਂ ਹੈ।

**ਵਰਤਮਾਨ ਕਾਲ ਦਾ ਪੁਰਸ਼ਾਰਥ**

ਭਗਵਾਨ ਬਾਲਮੀਕ ਜੀ ਅਨੁਸਾਰ ਦੋਨਾਂ ਪੁਰਸ਼ਾਰਥ (ਪੂਰਵਕ੍ਰਿਤ ਜਿਸਦਾ ਨਾਮ ਦੈਵ ਹੈ ਅਤੇ ਵਰਤਮਾਨ ਕਾਲ ਦਾ ਪੁਰਸ਼ਾਰਥ) ਦੋ ਮੇਡਕਾਂ ਦੇ ਸਮਾਨ ਇੱਕ ਦੂਜੇ ਦੇ ਨਾਲ ਲੜਦੇ ਹਨ, ਜੋ ਉਨ੍ਹਾਂ ਵਿੱਚ ਗ਼ਿਆਨ ਦਾ ਬਲਵਾਨ ਹੁੰਦਾ ਹੈ, ਉਹੀ ਜਿੱਤ ਪਾਉਂਦਾ ਹੈ। ਜਿਵੇਂ ਕੱਲ ਦਾ ਵਿਗੜਿਆ ਹੋਇਆ ਕੰਮ ਅੱਜ ਦੇ ਯਤਨ ਨਾਲ ਸੁਧਰ ਜਾਂਦਾ ਹੈ ਠੀਕ ਉਸੀ ਪ੍ਰਕਾਰ ਹੁਣ ਦਾ ਕੀਤਾ ਹੋਇਆ ਪੁਰਸ਼ਾਰਥ, ਪੂਰਵ ਦੇ ਕੀਤੇ ਹੋਏ ਪੁਰਸ਼ਾਰਥ ਨੂੰ ਸੁਧਾਰ ਸਕਦਾ ਹੈ, ਇਸ ਲਈ ਮਨੁੱਖ ਨੂੰ ਕਾਰਜਸ਼ੀਲ ਹੋਣਾ ਚਾਹੀਦਾ। ਗ਼ਿਆਦਾ ਬਲੀ ਹੋਣ ਤੇ ਹੁਣ ਦਾ ਪੁਰਸ਼ਾਰਥ ਪੂਰਵ ਕਾਲ ਦੇ ਪੁਰਸ਼ਾਰਥ ਨੂੰ ਅਤੇ ਪੂਰਵਕਾਲ ਦਾ ਪੁਰਸ਼ਾਰਥ ਹੁਣ ਦੇ ਪੁਰਸ਼ਾਰਥ ਨੂੰ ਦਬਾ ਲੈਂਦਾ ਹੈ, ਹਮੇਸ਼ਾਂ ਹੀ ਪੁਰਸ਼ ਦਾ ਕੀਤਾ ਹੋਇਆ ਪ੍ਰਯਤਨ ਜਿੱਤ ਪਾਉਂਦਾ ਹੈ, ਜੋ ਉਦਯੋਗ ਰਹਿਤ ਹੋਕੇ ਪੁਰਸ਼ਾਰਥ ਕਰਦਾ ਹੈ ਉਹੀ ਜਿੱਤ ਪਾਉਂਦਾ ਹੈ। ਇਹ ਤਾਂ ਪ੍ਰਤੱਯਕਸ਼ ਵਿੱਚ ਹੀ ਸਿੱਧ ਹੈ ਕਿ ਪੂਰਵਕਾਲ ਦੇ ਕਰਮ ਦੀ ਤਰ੍ਹਾਂ ਅੱਜ ਕਲ ਦਾ ਕੀਤਾ ਹੋਇਆ ਕਰਮ ਗ਼ਿਆਦਾ ਬਲਵਾਨ ਹੈ, ਇਸ ਲਈ ਦੈਵ ਨੂੰ ਹੁਣ ਦਾ ਪੁਰਸ਼ਾਰਥ, ਇਸ ਪ੍ਰਕਾਰ ਜਿੱਤ ਲੈਂਦਾ ਹੈ ਜਿਵੇਂ ਕਿ ਬੱਚੇ ਨੂੰ ਯੁਵਕ। ਇਸ ਲਈ ਪਰਮ ਪੁਰਸ਼ਾਰਥ ਦਾ ਆਦਰਸ਼ ਲੈ ਕੇ ਸ਼ੁਭ ਕੰਮ ਦੁਆਰਾ ਪੂਰਵ-ਕਾਲ ਦੇ ਅਸ਼ੁਭ ਕਰਮਾਂ ਤੇ ਜਿੱਤ ਪਾਓ। ਬਲ ਪੂਰਵਕ ਇਸ ਵਿਚਾਰ ਨੂੰ ਦੂਰ ਕਰੋ ਕਿ ਪੂਰਵਕਾਲ ਦਾ ਕਰਮ (ਦੈਵ) ਤੁਹਾਨੂੰ ਕਿਹੜੇ ਪਾਸੇ ਪ੍ਰੇਰਿਤ ਕਰ ਰਿਹਾ ਹੈ। ਹੁਣ ਦੇ ਪੁਰਸ਼ਾਰਥ ਨਾਲ ਕਿਸੀ ਪ੍ਰਕਾਰ ਦਾ ਵੀ ਪੂਰਵ ਦਾ ਪੁਰਸ਼ਾਰਥ ਬਲਵਾਨ ਨਹੀਂ ਹੈ। ਮਨੁੱਖ ਨੂੰ ਇੰਨਾ ਪੁਰਸ਼ਾਰਥ ਕਰਨਾ ਚਾਹੀਦਾ ਕਿ ਜਿਸ ਨਾਲ ਉਸਦੇ ਪੂਰਵਕਾਲ ਦੇ ਅਸ਼ੁਭ ਕਰਮ ਸ਼ਾਂਤ ਹੋ ਜਾਣ।

**ਦੋ ਤਰ੍ਹਾਂ ਦੇ ਪੁਰਸ਼ਾਰਥ**

ਭਗਵਾਨ ਬਾਲਮੀਕ ਜੀ ਅਨੁਸਾਰ ਪੁਰਸ਼ਾਰਥ ਦੋ ਪ੍ਰਕਾਰ ਦਾ ਹੁੰਦਾ ਹੈ- ਇਕ ਪੁਰਸ਼ਾਰਥ ਅਨੁਸਾਰ ਅਤੇ ਦੂਜਾ ਪੁਰਸ਼ਾਰਥ ਵਿਰੁੱਧ। ਪਹਿਲੇ ਪੁਰਸਾਰਥ ਨਾਲ ਪਰਮਾਰਥ ਦੀ ਪ੍ਰਾਪਤੀ ਹੁੰਦੀ ਹੈ ਅਤੇ ਦੂਜੇ ਨਾਲ ਅਨਰਥ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਮਿੱਤਰਾਂ ਅਤੇ ਸੱਜਣਾਂ ਦੇ ਸਤਿਸੰਗ ਨਾਲ ਯੁਕਤ ਪੁਰਸ਼ਾਰਥ ਦਾ ਸਹਾਰਾ ਲੈ ਕੇ ਬੁੱਧੀ ਨੂੰ ਨਿਰਮਲ ਕਰਕੇ ਸੰਸਾਰ ਸਮੁੰਦਰ ਨੂੰ ਪਾਰ ਕਰ ਸਕਦਾ ਹੈ। ਸ਼ਾਸਤਰ ਦੋ ਹੋ ਗਏ ਰਮਾਇਣ ਅਤੇ ਮੋਕਸਪਾਏ ਜਿਸ ਨੂੰ ਯੋਗਵਸਿਸਟ ਵੀ ਕਹਿੰਦੇ ਹਨ।ਪ੍ਰੰਤੂ ਸੱਜਣ ਪੁਰਸ਼ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਕੌਣ ਸਹੀ ਹੈ ਜਾਂ ਗਲਤ ਹੈ।ਇਸ ਲਈ ਇਹ ਵਿਚਾਰ ਦਾ ਵਿਸ਼ਾ ਹੈ।ਕਿਉਂਕਿ ਕਲਯੁਗ ਵਿਚ ਅਸੱਜਣਾਂ ਦੀ ਭਰਮਾਰ ਵੀ ਵਧਦੀ ਹੀ ਜਾ ਰਹੀ ਹੈ।ਇਹ ਆਤਮਿਕ ਵਿਚਾਰ ਨਾਲ ਹੀ ਗਿਆਨ ਹੰਦਾ ਹੈ।

**ਆਲਸ ਦੀ ਨਿੰਦਾ**

ਭਗਵਾਨ ਬਾਲਮੀਕ ਜੀ ਅਨੁਸਾਰ ਅਗਰ ਇਸ ਸੰਸਾਰ ਵਿੱਚ ਆਲਸ ਰੂਪੀ ਅਨਰਥ ਨਾ ਹੁੰਦਾ ਤਾਂ ਕੋਣ ਧਨੀ ਅਤੇ ਵਿਦਵਾਨ ਨਾ ਹੁੰਦਾ। ਆਲਸ ਹੀ ਮਨੁੱਖ ਦਾ ਸਭ ਤੋ ਵੱਡਾ ਦੁਸ਼ਮਣ ਹੈ। ਆਲਸ ਦੇ ਕਾਰਣ ਹੀ ਇਹ ਸਮੁੰਦਰ ਪ੍ਰਯੰਤ ਹੈ, ਪ੍ਰਿਥਵੀ ਨਿਰਧਨ ਅਤੇ ਮੂਰਖ (ਮਨੁੱਖ ਦੇ ਰੂਪ ਵਿੱਚ ਪਸ਼ੂ) ਲੋਕਾਂ ਨਾਲ ਭਰੀ ਪਈ ਹੈ।

ਜੋ ਆਪਸ ਵਿਚ ਲੜਦੇ ਰਹਿੰਦੇ ਹਨ। ਗਰੀਬੀ ਦਾ ਕਾਰਨ ਆਲਸ ਹੀ ਹੈ। ਜੋ ਅਮੀਰ ਹੰਦਾ ਹੈ ਉਸ ਅਮੀਰੀ ਲਈ ਉਸ ਦੀ ਬਹੁਤ ਜਿਆਦਾ ਮਿਹਨਤ ਅਤੇ ਤਿਆਗ ਵੀ ਹੰਦਾ ਹੈ। ਅਮੀਰ ਵਿਅਕਤੀ ਸੰਸਾਰਿਕ ਮੋਹ ਦਾ ਤਿਆਗ ਕਰ ਕੇ ਆਪਣੇ ਪੁਰਸ਼ਾਰਥ ਵਿਚ ਜਿਆਦਾ ਧਿਆਨ ਦਿੰਦਾ ਹੈ।ਤਦ ਹੀ ਅਮੀਰੀ ਕਾਇਮ ਵੀ ਰਹਿੰਦੀ ਹੈ। ਜੋ ਮਿਹਨਤ ਨਹੀਂ ਕਰਦਾ ਉਹ ਨਿਰਧਨ ਹੀ ਰਹਿੰਦਾ ਹੈ।

**ਦੁੱਖ ਦਾ ਕਾਰਣ ਸੰਸਾਰਿਕ ਲਗਾਵ**

ਭਗਵਾਨ ਬਾਲਮੀਕ ਜੀ ਅਨੁਸਾਰ ਸੰਸਾਰ ਦਾ ਰਾਗ ਬਹੁਤ ਦੀ ਦੁੱਖਦਾਈ ਹੈ, ਇਹ ਸੱਪ ਦੀ ਤਰ੍ਹਾਂ ਡੱਸਦਾ ਹੈ, ਤਲਵਾਰ ਦੀ ਤਰ੍ਹਾਂ ਕੱਟਦਾ ਹੈ, ਭਾਲੇ ਦੀ ਤਰ੍ਹਾਂ ਬਿੰਨਦਾ ਹੈ, ਰੱਸੀ ਦੀ ਤਰ੍ਹਾਂ ਲਪੇਟ ਲੈਂਦਾ ਹੈ, ਅੱਗ ਦੀ ਤਰ੍ਹਾਂ ਜਲਾਉਂਦਾ ਹੈ, ਜੋ ਇਸ ਵਿੱਚ ਸ਼ੰਕਾ ਰਹਿਤ ਹੋਕੇ ਗਿਰਦੇ ਹਨ, ਉਨ੍ਹਾਂ ਪੱਥਰ ਦੀ ਤਰ੍ਹਾਂ ਦਬਾ ਦਿੰਦਾ ਹੈ, ਬੁੱਧੀ ਨੂੰ ਹਰ ਲੈਂਦਾ ਹੈ, ਸਥਿਰਤਾ ਨੂੰ ਨਸ਼ਟ ਕਰ ਦਿੰਦਾ ਹੈ, ਮੋਹ ਦੇ ਅੰਧੇਰੇ ਖੂਹ ਵਿੱਚ ਸੁੱਟ ਦਿੰਦਾ ਹੈ, ਤ੍ਰਿੰਣਾ ਨਾਲ ਮਨੁੱਖ ਨੂੰ ਜਰਜਰ ਕਰ ਦਿੰਦਾ ਹੈ। ਅਜਿਹਾ ਕੋਈ ਦੁੱਖ ਨਹੀਂ ਹੈ, ਜੋ ਸੰਸਾਰਿਕ ਪ੍ਰਾਣੀ ਜਾਂ ਕਹਿ ਲਓ ਸੰਸਾਰ ਨਾਲ ਲਗਾਵ, ਰਾਗ ਰੱਖਣ ਵਾਲਾ ਵਿਅਕਤੀ ਆਦਿ ਨੇ ਸਹਿਣ ਨਾ ਕੀਤਾ ਹੋਵੇ।ਦੁੱਖਾਂ ਦਾ ਕਾਰਣ ਸੰਸਾਰਿਕ ਵਸਤੂਆਂ ਤੇ ਆਕਰਸ਼ਿਤ ਹੋਣਾ, ਪਰਾਈ ਇਸਤਰੀ ਅਤੇ ਧੰਨ ਉੱਤੇ ਆਪਣੀ ਬੂਰੀ ਅੱਖ ਰਖਣਾ, ਦੂਜੇ ਵਿਅਕਤੀ ਦੀ ਪ੍ਰਸਿੱਧੀ ਤੇ ਈਰਖਾ ਕਰਨਾ ਆਦਿ ਦੁੱਖਾਂ ਦੇ ਕਾਰਣ ਹਨ।ਇਸ ਨਹੀਂ ਹੀ ਭਗਵਾਨ ਬਾਲਮੀਕ ਜੀ ਨੇ ਪੁਰਸ਼ਾਰਥ ਤੇ ਜੋਰ ਦਿੱਤੇ ਅਤੇ ਕਿਹਾ ਹੈ ਕਿ ਪੁਰਸ਼ਾਰਥ ਹੀ ਦੇਵ ਹੈ।

**ਅਗਿਆਨੀ ਨੂੰ ਹੀ ਦੁੱਖ ਹੁੰਦਾ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਇਹ ਸੰਸਾਰ ਰੂਪੀ ਪ੍ਰਵਾਹ ਅਗਿਆਨੀ ਦੀ ਹੀ ਮੂਰਖਤਾ ਨਾਲ ਚਲ ਰਿਹਾ ਹੈ। ਅਗਿਆਨੀ ਨੂੰ ਹੀ ਘੋਰ ਦੁੱਖ ਸੁੱਖ ਹੁੰਦੇ ਹਨ। ਜਦੋਂ ਜੀਵ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਦੇ ਸਾਰੇ ਸੰਸਾਰਿਕ ਕਸ਼ਟ ਦੂਰ ਹੋ ਜਾਂਦੇ ਹਨ।ਰਾਜਾ ਅਰਿਸਨੇਮੀ ਨੇ ਵੀ ਗਿਆਨ ਪ੍ਰਾਪਤ ਕਰਨ ਨਹੀਂ ਅਪਣਾ ਸਾਰਾ ਰਾਜ ਪਾਠ ਛੱਡ ਕੇ ਭਗਵਾਨ ਬਾਲਮੀਕ ਜੀ ਦੀ ਸਰਨ ਵਿਚ ਆ ਗਿਆ ਸੀ।

**ਗਿਆਨ ਨਾਲ ਹੀ ਦੁੱਖ ਦੀ ਨਿਵਿਰਤੀ ਹੁੰਦੀ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਸੰਸਾਰ ਰੂਪੀ ਜ਼ਹਿਰ (ਵਿਸ਼) ਦਾ ਦਰਖ਼ਤ, ਜੋ ਕਿ ਸਾਰੀਆਂ ਮੁਸ਼ਕਲਾਂ ਦੇਣ ਵਾਲਾ ਹੈ, ਅਗਿਆਨੀ ਨੂੰ ਹੀ ਦੁੱਖ ਦਿੰਦਾ ਹੈ। ਇਸ ਨਹੀਂ ਅਗਿਆਨ ਨੂੰ ਹਮੇਸ਼ਾਂ ਯਤਨ ਕਰਕੇ ਨਸ਼ਟ ਕਰਨਾ ਚਾਹੀਦਾ। ਜਿਸ ਪ੍ਰਕਾਰ ਵਰਖਾ ਨਾਲ ਭਿੱਜੇ ਹੋਏ ਜੰਗਲ ਨੂੰ ਅਗਨੀ ਦੀ ਜਵਾਲਾ ਨਹੀਂ ਜਲਾ ਸਕਦੀਆਂ, ਉਸੀ ਪ੍ਰਕਾਰ ਮਾਨਸਿਕ ਦੁੱਖ ਵੀ ਅਗਿਆਨੀ ਨੂੰ, ਜਿਸਨੇ ਜੋ ਕੁੱਝ ਜਾਣਨ ਯੋਗ ਹੈ ਜਾਣ ਲਿਆ ਹੈ ਅਤੇ ਯੁਕਤ ਦ੍ਰਿਸ਼ਟੀ ਪ੍ਰਾਪਤ ਕਰ ਨਹੀਂ ਹੈ, ਉਸ ਜੀਵ ਨੂੰ ਦੁੱਖ ਨਹੀਂ ਦੇ ਸਕਦਾ ਹੈ। ਗਿਆਨ ਰੂਪੀ ਕਿਸ਼ਤੀ (ਨੌਕਾ) ਦੁਆਰਾ ਬੁੱਧੀਮਾਨ ਲੋਕ ਦੁੱਖੀ ਸੰਸਾਰ-ਸਮੁੰਦਰ ਵਿੱਚ ਨਿਮਖ ਮਾਤਰ ਵਿੱਚ ਹੀ ਪਾਰ ਹੋ ਜਾਂਦੇ ਹਨ। ਨਿਰਵਾਣ ਨਾਮ ਵਾਲਾ ਪਰਮਾਨੰਦ, ਜਿਸ ਨੂੰ ਪ੍ਰਾਪਤ ਕਰ ਲੈਣ ਤੇ ਮਨੁੱਖ ਦਾ ਪੂਨਰ ਜਨਮ ਅਤੇ ਮਰਣ ਨਹੀਂ ਹੁੰਦਾ, ਉਹ ਗਿਆਨ ਨਾਲ ਹੀ ਪ੍ਰਾਪਤ ਹੁੰਦਾ ਹੈ। ਸੰਸਾਰ ਤੋਂ ਪਾਰ ਹੋਣ ਦਾ ਇਕਮਾਤਰ ਉਪਾਅ ਗਿਆਨ ਹੈ, ਉਸ ਨੂੰ ਪ੍ਰਾਪਤ ਕਰਨ ਨਹੀਂ ਕਿਸੇ ਤਪ, ਦਾਨ, ਤੀਰਥ ਅਤੇ ਇਸ਼ਨਾਨ ਆਦਿ ਦੀ ਕੋਈ ਵੀ ਜ਼ਰੂਰਤ ਨਹੀਂ ਹੈ।


**ਆਤਮਗਿਆਨ ਨਾਲ ਹੀ ਪਰਮ ਸ਼ਾਂਤੀ ਪ੍ਰਾਪਤ ਹੁੰਦੀ ਹੈ**

ਭਗਵਾਨ ਬਾਲਮੀਕ ਜੀ ਅਨੁਸਾਰ ਚਾਹੇ ਤ੍ਰਿਭਵਨ ਦਾ ਰਾਜ ਮਿਲ ਜਾਵੇ, ਚਾਹੇ ਮੇਘ ਜਾਂ ਜਲ ਦੇ ਅੰਦਰ ਕੋਈ ਪ੍ਰਵੇਸ਼ ਕਰ ਲਓ, ਆਤਮਗਿਆਨ ਦੀ ਪ੍ਰਾਪਤੀ ਦੇ ਬਿਨਾਂ ਕਿਸੀ ਨੂੰ ਵੀ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੁੰਦੀ। ਜੋ ਆਪਣਾ ਕਲਿਆਣ ਚਾਹੁੰਦਾ ਹੋਵੇ ਉਸਨੂੰ ਚਾਹੀਦਾ ਕਿ ਆਤਮ ਗਿਆਨ ਦੇ ਨਹੀਂ ਪ੍ਰਯਤਨਸ਼ੀਲ ਹੋਵੇ, ਕਿਉਂਕਿ ਸਾਰੇ ਦੁੱਖਾਂ ਦਾ ਨਾਸ਼ ਆਤਮ ਅਨੁਭਵ ਨਾਲ ਹੁੰਦਾ ਹੈ। ਜੇ ਪਰਮ ਆਤਮਾ ਦਾ ਗਿਆਨ ਹੋ ਜਾਵੇ ਤਾਂ ਸਾਰੇ ਦੁੱਖਾਂ ਦਾ ਪ੍ਰਵਾਹ ਇਸ ਪ੍ਰਕਾਰ ਨਸ਼ਟ ਹੋ ਜਾਵੇਗਾ, ਜਿਵੇਂ ਵਿਸ਼ ਦਾ ਪ੍ਰਭਾਵ ਖਤਮ ਹੁੰਦੇ ਹੀ ਵਿਸ਼ੂਚਿਕਾ ਰੋਗ ਸ਼ਾਂਤ ਹੋ ਜਾਂਦਾ ਹੈ। ਇਸ ਨਹੀਂ ਆਤਮਗਿਆਨ ਤੋ ਬਿਨਾਂ ਕੋਈ ਪਰਮਸ਼ਾਂਤੀ ਨਹੀਂ ਹੁੰਦੀ ਹੈ।

**ਭਗਵਾਨ ਬਾਲਮੀਕ ਦੁਆਰਾ ਚੇਲਿਆ ਨੂੰ ਗਿਆਨ ਦਾ ਉਪਦੇਸ਼**

ਭਗਵਾਨ ਬਾਲਮੀਕ ਜੀ ਨੇ ਕਿਹਾ, ਇਹ ਗਿਆਨ ਜੋ ਕਿ ਸਾਰੇ ਦੁੱਖਾਂ ਦਾ ਨਾਸ਼ ਕਰਨ ਵਾਲਾ ਅਤੇ ਬੁੱਧੀ ਨੂੰ ਪਰਮ ਸ਼ਾਂਤ ਕਰਨ ਵਾਲਾ ਹੈ। ਜੋ ਗਿਆਨ ਸ੍ਰਿਸ਼ਟੀ ਦੇ ਆਦਿ ਵਿੱਚ ਲੋਕਾਂ ਦੇ ਕਲਿਆਣ ਦੇ ਨਹੀਂ ਦਿੱਤੇ ਹੈ, ਉਸ ਨੂੰ ਰਿਸੀ ਭਾਰਦਵਾਜ ਜੀ ਨੇ ਸ਼੍ਰਵਣ ਕੀਤਾ ਅਤੇ ਹੋਰ ਬਹੁਤ ਸਾਰੇ ਚੇਲੇ ਰਿਸ਼ੀਆਂ ਨੇ ਵੀ ਸ਼ਰੂਤੀ ਅਤੇ ਸਮਰਿਤੀ ਦੇ ਨਾਲ ਤਿੰਨਾਂ ਲੋਕਾਂ ਵਿਚ ਫੈਲਾਇਆ ਗਿਆ। ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

* ਸਾਰੇ ਦੁੱਖਾਂ ਦਾ ਖਾਤਮਾ ਕਰਨ ਦੇ ਨਹੀਂ ਪੁਰਸ਼ਾਰਥ ਤੋ ਇਲਾਵਾ ਦੂਜਾ ਮਾਰਗ ਨਹੀਂ ਹੈ।
* ਦੁੱਖਾਂ ਦਾ ਖਾਤਮਾ ਕੇਵਲ ਪੁਰਸ਼ਾਰਥ ਨਾਲ ਹੰਦਾ ਹੈ।
* ਜੋ ਵਿਅਕਤੀ ਉਦਯੋਗ ਛੱਡ ਕੇ ਆਪਣੇ ਭਾਗਾਂ ਦੇ ਭਰੋਸੇ ਬੈਠ ਜਾਵੇ, ਉਹ ਅਪਣਾ ਹੀ ਦੁਸ਼ਮਣ ਹੈ।
* ਜੋ ਕੁਬੁੱਧੀ ਲੋਕ ਇਹ ਸਮਝਦੇ ਹਨ ਕਿ ਸਭ ਕੁਝ ਭਾਗਾਂ ਦੇ ਅਧੀਨ ਹੈ, ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ।
* ਦੈਵ ਕਦੇ ਕੁਝ ਵੀ ਨਹੀਂ ਕਾਰਣ।ਇਹ ਕੇਵਲ ਕਲਪਨਾ ਮਾਤਰ ਹੈ ਕਿ ਦੈਵ ਹੀ ਸਭ ਕੁਝ ਕਾਰਣ ਹੈ।
* ਦੈਵ ਮੂਰਖ ਲੋਕਾਂ ਦੀ ਕਲਪਨਾ ਹੈ। ਬੁੱਧੀਮਾਨ ਲੋਕ ਪੁਰਸ਼ਾਰਥ ਦੁਆਰਾ ਉਨਤੀ ਕਰ ਕੇ ਅੱਛੇ ਪਦ ਪ੍ਰਾਪਤ ਕਰਨੇ ਹਨ।
* ਦੈਵ ਦੀ ਕਲਪਨਾ ਘੱਟ ਬੁੱਧੀ ਵਾਲੇ ਲੋਕਾਂ ਨੂੰ ਦੁੱਖ ਦੇ ਸਮਾਨ ਹੌਸਲਾ (ਆਸਵਾਸਨ) ਦੇਣ ਵਾਲੀ ਹੁੰਦੀ ਹੈ।
* ਮਨੁੱਖ ਨੂੰ ਇਨ੍ਹਾਂ ਪੁਰਸ਼ਾਰਥ ਕਰਨਾ ਚਾਹੀਦਾ ਹੈ ਕਿ ਜਿਸ ਨਾਲ ਪਹਿਲਾ ਕੀਤੇ ਅਸੁਭ ਕਰਮ ਵੀ ਸ਼ਾਂਤ ਹੋ ਜਾਣ।
* ਅਗਰ ਸੰਸਾਰ ਵਿਚ ਆਲਸ ਰੂਪੀ ਅਨਰਥ ਨਾ ਹੁੰਦਾ ਤਾਂ ਕੌਣ ਧਨੀ ਅਤੇ ਵਿਦਵਾਨ ਨਾ ਹੁੰਦਾ।
* ਆਪਣੇ ਹੀ ਯਤਨਾਂ ਤੋਂ ਬਿਨ੍ਹਾਂ ਕਦੇ ਵੀ ਹੋਰ ਕੋਈ ਸਾਨੂੰ ਸਿੱਧੀ ਨਹੀਂ ਦੇਣ ਵਾਲਾ ਹੈ।
* ਤਿੰਨਾਂ ਲੋਕਾਂ ਵਿਚ ਅਜਿਹਾ ਕੋਈ ਵੀ ਪਦਾਰਥ ਨਹੀਂ ਹੈ।ਜੋ ਉਦਯੋਗ ਛੱਡ ਕੇ ਪੁਰਸ਼ਾਰਥ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੋਵੇ।







# ਪੰਜਾਬ 'ਚ ਟ੍ਰੇਨਾਂ ਬੰਦ ਹੋਣ ਨਾਲ ਇੰਡਸਟਰਰੀ ਕਾਲੀ ਦੀਵਾਲੀ ਮਨਾਉਣ ਨੂੰ ਮਜਬੂਰ

**ਲਧਿਆਣਾ-** ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਵਨ ਦੀਵਾਨ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੁਆਰਾ ਪੰਜਾਬ 'ਚ ਟ੍ਰੇਨਾਂ ਦਾ ਸੰਚਾਲਨ ਬੰਦ ਕਰਨ ਦੇ ਫੈਸਲੇ ਤੋਂ ਹੁਣ ਇੰਡਸਟਰੀ ਕਾਲੀ ਦੀਵਾਲੀ ਮਨਾਉਣ ਨੂੰ ਮਜਬੂਰ ਹੋਵੇਗੀ। ਜੀਵਾਨ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਲੀਡਰਸ਼ਿਪ 'ਚ ਪੰਜਾਬ ਸਰਕਾਰ ਲਗਾਤਾਰ ਕੇਂਦਰ ਤੋਂ ਸੂਬੇ 'ਚ ਟ੍ਰੇਨਾਂ ਦਾ ਸੰਚਾਲਨ ਬਹਾਲ ਕਰਨ ਦੀ ਅਪੀਲ ਕਰ ਰਹੀ ਹੈ, ਜਿਸ ਲਈ ਮੰਤਰੀਆਂ ਤੇ ਵਿਧਾਇਕਾਂ ਦੁਆਰਾ ਅੱਜ ਦਿੱਲੀ 'ਚ ਧਰਨਾ ਵੀ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਟ੍ਰੇਨਾਂ ਦਾ ਸੰਚਾਲਨ ਬੰਦ ਹੋਣ ਨਾਲ ਹੌਜ਼ਰੀ, ਸਿਲਾਈ ਮਸ਼ੀਨ, ਹੈਂਡ ਟੂਲਸ, ਸਾਈਕਲ ਤੇ ਸਾਈਕਲ ਪਾਰਟਸ, ਇੰਜੀਨੀਅਰਿੰਗ



ਸਮੇਤ ਹੋਰ ਇੰਡਸਟਰੀ 'ਤੇ ਬੁਰਾ ਅਸਰ ਪੈ ਕਿਹਾ ਹੈ। ਦੀਵਾਰ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਖੇਤੀਬਾੜੀ ਸੁਧਾਰ ਕਾਨੂੰਨ ਦੇ ਵਿਰੋਧ 'ਚ ਦੇਸ਼ਭਰ ਦੇ ਕਿਸਾਨ ਪਿਛਲੇ ਲੰਬੇ ਸਮੇਂ ਤੋਂ ਅੰਦੋਲਨ ਕਰ ਰਹੇ ਹਨ, ਪਰ ਕੇਂਦਰ ਸਰਕਾਰ ਉਨ੍ਹਾਂ ਦੀ ਗੱਲ ਨਹੀਂ ਸੁਣ ਰਹੀ ਹੈ। ਪੰਜਾਬ 'ਚ ਰੇਲਵੇ ਨੇ ਮਾਲਗੱਡੀਆਂ ਦਾ ਪਰਿਚਾਲਨ ਬੰਦ ਕੀਤਾ ਹੈ। ਪੰਜਾਬ ਪੋਰਟ ਤੋਂ ਦੂਰ ਹੋਣ ਦੇ ਚੱਲਦੇ ਨਾ ਤਾਂ ਕੱਚਾ ਮਾਲ ਆ ਰਿਹਾ ਹੈ ਤੇ ਨਾਲ ਹੀ ਤਿਆਰ ਮਾਲ ਡਿਸਪੈਚ ਹੋ ਰਿਹਾ ਹੈ। ਉੱਦਮੀਆਂ ਨੂੰ ਇਸ ਨਾਲ ਭਾਰੀ ਨੁਕਸਾਨ ਹੋ ਰਿਹਾ ਹੈ। ਕੋਵਿਡ ਦੀ ਮਾਰ ਝਲਣ ਦੇ ਬਾਅਦ ਹੁਣ ਰੇਲਵੇ ਦੀ ਮਾਰ ਤੋਂ ਪਰੇਸ਼ਾਨ ਹੈ। ਇਸ ਤਰ੍ਹਾਂ ਦੇ ਹਾਲਾਤਾਂ 'ਚ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ ਹੋਣਗੇ।

# ਬਹੁਜਨ ਕ੍ਰਾਂਤੀ ਮੋਰਚਾ ( ਇੱਕ ਸਾਂਝਾ ਮੰਚ ) ਵਲੋਂ ਜੇਲ੍ਹ ਭਰੋ ਅੰਦੋਲਨ












**ਵਿਸ਼ਾ - : ਮਨੀਸ਼ਾ ਮੂਲਨਿਵਾਸੀ ਦੇ ਕਾਤਲਾਂ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਦੇ ਸੰਬੰਧ ਵਿੱਚ, ਕਿਸਾਨਾਂ ਨਾਲ ਸੰਬੰਧਤ ਆਰਡੀਨੈਂਸ ਰੱਦ ਕਰਵਾਉਣ ਦੇ ਸੰਬੰਧ ਵਿੱਚ, ਮੂਲਨਿਵਾਸੀ ਵਿਦਿਆਰਥੀਆਂ ਦੀ ਸਕ-ਾਲਰਸ਼ਿਪ ਦੇ ਘੁਟਾਲੇ ਦੇ ਸੰਬੰਧ ਵਿਚ।**

ਮਿਤੀ 30 ਅਕਤੂਬਰ 2020 ਦਿਨ ਸ਼ੁੱਕਰਵਾਰ ਨੂੰ ਬਹੁਜਨ ਕ੍ਰਾਂਤੀ ਮੋਰਚਾ ( ਇੱਕ ਸਾਝਾਂ ਮੰਚ ) ਵਲੋਂ ਰਾਸਟਰੀ ਪੱਧਰ ਤੇ 551 ਜਿਲਿਆਂ ਵਿੱਚ ਸਮਾਜਿਕ ਕੁਰੀਤੀਆਂ ਖਿਲਾਫ ਜਿਵੇਂ ਕਿ ਹਾਥਰਸ ( ਯੂ. ਪੀ ) ਵਿੱਚ ਮਨੀਸ਼ਾ ਮੂਲਨਿਵਾਸੀ ਨਾਲ ਬਲਾਤਕਾਰ ਦੀ ਕੀਤੀ ਘਟਨਾ ਅਤੇ ਲੜਕੀ ਨੂੰ ਤਸੀਹੇ ਦੇ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ, ਉਸ ਲੜਕੀ ਦੀ ਜੀਭ ਕੱਟ ਦਿੱਤੀ ਗਈ, ਰੀੜ੍ਹ ਦੀ ਹੱਡੀ ਵੀ ਤੋੜੀ ਗਈ, ਇਸ ਘਟਨਾ ਦੇ ਦੋਸ਼ੀ 4 ਠਾਕੁਰਾਂ ਨੂੰ ਯੂ. ਪੀ ਦੀ ਮਨੂਵਾਦੀ ਸਰਕਾਰ, ਪ੍ਰਸ਼ਾਸਨ ਅਤੇ ਸਮੂਹ ਸ਼ਾਸਕ ਸਮਾਜ ਦੀਆਂ ਸੰਸਥਾਵਾਂ ਉਨ੍ਹਾਂ ਦੋਸ਼ੀਆਂ ਦਾ ਪੱਖ ਪੂਰ ਰਹੀਆਂ ਹਨ । ਬਹੁਜਨ ਕ੍ਰਾਂਤੀ ਮੋਰਚਾ ਦੇ ਆਗੂਆਂ ਡਾ. ਸੁਖਜਿੰਦਰ ਗਾਗੋਵਾਲੀਆ, ਰਜਿੰਦਰ ਸਿੰਘ ਅਕੋਈ ਸਾਹਿਬ,ਮੰਡਲ ਇੰਚਾਰਜ ਬਾਮਸੇਫ ਪੰਜਾਬ, ਮਾ. ਸੰਜੀਵ ਸਿੰਘ ਲਹਿਰਾਗਾਗਾ, ਜਿਲ੍ਹਾ ਪ੍ਰਧਾਨ ਬਾਮਸੇਫ ਸੰਗਰੂਰ, ਲੈਕਚਰਾਰ ਸ਼ਮਸ਼ੇਰ ਸਿੰਘ, ਲੋਕ ਸਭਾ ਇੰਚਾਰਜ, ਬਹੁਜਨ ਮੁਕਤੀ ਪਾਰਟੀ ਸੰਗਰੂਰ, ਕਰਨੈਲ ਸਿੰਘ ਨੀਲੋਵਾਲ, ਜਿਲ੍ਹਾ ਪ੍ਰਧਾਨ ਬਹੁਜਨ ਮੁਕਤੀ ਪਾਰਟੀ ਸੰਗਰੂਰ, ਸ, ਬਚਿੱਤਰ ਸਿੰਘ ਦੁੱਗਾਂ, ਸੋਸ਼ਲ ਮੀਡੀਆ ਇੰਚਾਰਜ, ਰਾਸ਼ਟਰੀ ਸਿੱਖ ਮੋਰਚਾ, ਪੰਜਾਬ, ਮੁਨੀਸ਼ ਚੋਹਾਨ ਆਗੂ ਭਾਵਾਧਸ, ਪੰਜਾਬ, ਨੇ ਮੰਗ ਕੀਤੀ ਹੈ ਕਿ ਇਨ੍ਹਾਂ ਚਾਰੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ । ਉਸ ਪਰਿਵਾਰ ਦੀ ਆਰਥਿਕ ਤੌਰ ਤੇ ਇੱਕ ਕਰੋੜ ਰੁਪਏ ਦੀ ਸਹਾਇਤਾ ਕੀਤੀ ਜਾਵੇ । ਉਸ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ । ਉਸ ਪਰਿਵਾਰ ਦੀ ਸੁਰੱਖਿਆ ਲਈ ਪਿੰਡ ਵਿੱਚੋਂ ਸਹਿਰ ਵਿਚ ਬਦਲ ਕੇ ਸਰਕਾਰੀ ਮਕਾਨ ਦਾ ਸਰਕਾਰ ਵਲੋਂ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਸ ਪਰਿਵਾਰ ਨੂੰ ਦੋਸ਼ੀਆਂ ਵਲੋਂ ਦਿੱਤੀਆਂ ਜਾ ਰਹੀਆਂ ਧਮਕੀਆਂ ਤੋਂ ਬਚਾਅ ਕੇ ਪਰਿਵਾਰ ਦੀ ਸੁਰੱਖਿਆ ਯਕੀਨੀ ਕੀਤੀ ਜਾਵੇ । ਆਗੂਆਂ ਨੇ ਕੇਂਦਰ ਸਰਕਾਰ ਵਲੋਂ ਕਿਸਾਨਾਂ ਤੇ ਲਾਗੂ ਕੀਤੇ ਗਏ ਤਿੰਨ ਖੇਤੀ ਆਰਡੀਨੈਂਸ ਰੱਦ ਕਰਵਾਉਣ ਦੇ ਸੰਬੰਧ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਹ ਆਰਡੀਨੈਂਸ ਰੱਦ ਨਾ ਕੀਤੇ ਤਾਂ ਪੂਰੇ ਦੇਸ਼ ਵਿੱਚ ਜਨ-ਅੰਦੋਲਨ ਕੀਤਾ ਜਾਵੇਗਾ ਅਤੇ ਉਨ੍ਹਾਂ ਨੇ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਵਲੋਂ ਮੂਲਨਿਵਾਸੀ ਸਮਾਜ ਦੇ ਵਿਦਿਆਰਥੀਆਂ ਦੇ ਸਕਾਲਰਸ਼ਿਪ ਘੁਟਾਲੇ ਦੇ ਸੰਬੰਧ ਵਿੱਚ ਅੱਜ ਦਾ ਇਹ " ਜੇਲ ਭਰੋ ਅੰਦੋਲਨ,, ਪੂਰੇ ਦੇਸ਼ ਵਿੱਚ ਕੀਤਾ ਜਾ ਰਿਹਾ ਹੈ ਅਤੇ ਇਹ ਵੀ ਕਿਹਾ ਕਿ ਜੇਕਰ ਇੰਨਾਂ ਮਸਲਿਆਂ ਤੇ ਸਮੇਂ ਦੀ ਸਰਕਾਰ ਨੇ ਨਾ ਧਿਆਨ ਦਿੱਤਾ ਤਾਂ ਬਹੁਜਨ ਕ੍ਰਾਂਤੀ ਮੋਰਚਾ ( ਇੱਕ ਸਾਝਾਂ ਮੰਚ ) ਵਲੋਂ ਦੇਸ਼ ਦੇ ਸਮੂਹ ਮੂਲਨਿਵਾਸੀ ਸਮਾਜ ਵਲੋਂ ਜਾਗ੍ਰਿਤੀ ਦਾ ਅਭਿਆਨ ਚਲਾ ਕੇ ਪੂਰੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ, ਮੁਲਾਜਮਾਂ, ਬੇਰੁਜ਼ਗਾਰਾਂ ਵਲੋਂ ਤਹਿਸੀਲ ਪੱਧਰ ਤੇ ਰੈਲੀਆਂ ਕੀਤੀਆਂ ਜਾਣਗੀਆਂ । ਜੋ ਕਿ ਦੇਸ਼ ਅੰਦਰ ਜਨ - ਅੰਦੋਲਨ ਦੀ ਤਿਆਰੀ ਨਾਲ ਸਾਰੀਆਂ ਸਮਾਜਿਕ ਕੁਰੀਤੀਆਂ ਨੂੰ ਪੱਕੇ ਤੌਰ ਤੇ ਨੱਥ ਪਾਈ ਜਾ ਸਕੇ । ਇਸ ਮੌਕੇ ਚਰਨ ਸਿੰਘ ਚੱਠਾ ,ਜਿਲ੍ਹਾ ਇੰਚਾਰਜ ਰਾਸ਼ਟਰੀ ਵਿਕਲਾਂਗ ਸੰਘ, ਸੰਗਰੂਰ, ਭੀਮ ਸਿੰਘ ਭੁਪਾਲ, ਫੁੱਲ ਟਾਈਮਰ ਪ੍ਰਚਾਰਕ, ਬਾਮਸੇਫ, ਧੀਰ ਸਿੰਘ ਲੌਂਗੋਵਾਲ, ਹਲਕਾ ਇੰਚਾਰਜ ਬਹੁਜਨ ਮੁਕਤੀ ਪਾਰਟੀ, ਸੁਨਾਮ, ਗੁਰਜੰਟ ਸਿੰਘ ਬੰਟੀ ਉਭਾਵਾਲ,ਜਿਲ੍ਹਾ ਪ੍ਰਧਾਨ ਭਾਰਤੀ ਵਿਦਿਆਰਥੀ ਮੋਰਚਾ, ਸੰਗਰੂਰ, ਮੈਡਮ ਕਿਰਨਪਾਲ ਕੋਰ,ਜਿਲ੍ਹਾ ਪ੍ਰਧਾਨ, ਮਨੁੱਖੀ ਅਧਿਕਾਰ ਕਮਿਸ਼ਨ, ਵੂਮੈਨ ਸੈਲ, ਸੰਗਰੂਰ, ਹਰੀ ਸਿੰਘ ਸੁਨਾਮ,ਜਿਲ੍ਹਾ ਪ੍ਰਧਾਨ ਭਾਰਤ ਮੁਕਤੀ ਮੋਰਚਾ ਸੰਗਰੂਰ, ਸੁਰਿੰਦਰ ਸਿੰਘ ਲੌਂਗੋਵਾਲ, ਜਿਲ੍ਹਾ ਵਰਕਿੰਗ ਕਮੇਟੀ ਮੈਂਬਰ, ਬਹੁਜਨ ਕ੍ਰਾਂਤੀ ਮੋਰਚਾ, ਸੰਗਰੂਰ ਆਦਿ ਸਾਥੀ ਸ਼ਾਮਿਲ ਸਨ । ਧੰਨਵਾਦ ਸਾਥੀਓ

**ਰਿਪੋਰਟ - : ਡਾ. ਸੁਖਜਿੰਦਰ ਗਾਗੋਵਾਲੀਆ, ਜਿਲ੍ਹਾ ਇੰਚਾਰਜ, ਬਹੁਜਨ ਕ੍ਰਾਂਤੀ ਮੋਰਚਾ, ਯੂਨਿਟ ਸੰਗਰੂਰ**
**91- 97810-27566**

# ਧੀਆਂ ਭੈਣਾਂ ਦੀਆਂ ਇੱਜਤਾਂ ਦੇ ਰਖਵਾਲੇ ਕਹਾਉਣ ਵਾਲੇ ਪੰਜਾਬ ਵਿੱਚ ਧੀਆਂ ਨਹੀ ਸੇਫ -ਮਲਕੀਤ ਚੁੰਬਰ

**ਫਗਵਾੜਾ (ਬੀ ਕੇ ਰੱਤੂ)-** ਬਹੁਜਨ ਸਮਾਜ ਪਾਰਟੀ ਵਿਧਾਨਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਨੇ ਕਿਹਾ ਕਿ ਜਿਹੜਾ ਪੰਜਾਬ ਧੀਆਂ ਭੈਣਾਂ ਦੀਆਂ ਇੱਜਤਾਂ ਦੀ ਰੱਖਵਾਲੀ ਕਰਨ ਲਈ ਜਾਣਿਆ ਜਾਂਦਾ ਸੀ ਅੱਜ ਇੱਥੇ ਵੀ 4 ਸਾਲ ਤੋ ਲੈ ਕੇ 6 ਸਾਲ ਤੱਕ ਦੀਆਂ ਧੀਆਂ ਦੀ ਇੱਜ਼ਤ ਵੀ ਸੇਫ ਨਹੀ ਹੈ ਕੁੱਝ ਦਿਨ ਪਹਿਲਾਂ ਹੁਸਿਆਪੁਰ ਦੇ ਹਲਕਾ ਟਾਂਡਾ ਵਿੱਚ ਇੱਕ 6 ਸਾਲ ਦੀ ਬੱਚੀ ਦੀ ਇੱਜ਼ਤ ਆਬਰੂ ਲੁੱਟ ਕੇ ਜਿੰਦਾ ਸਾੜ ਦਿੱਤਾ ਗਿਆ ਅੱਜ ਇੱਕ ਬਰਨਾਲਾ ਦੇ ਪਿੰਡ ਦਾਨਗੜ ਤੋ 4 ਸਾਲਾ ਬੱਚੀ ਨਾਲ ਹੋਏ ਜਬਰ ਜਨਾਹ ਦਾ ਮਾਮਲਾ ਸਾਹਮਣੇ ਆਇਆ ਜਿਹੜਾ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਲਈ ਜਾਣਿਆਂ ਜਾਂਦਾ ਹੈ ਉਥੇ ਆਏ ਦਿਨ ਛੋਟੀਆਂ ਛੋਟੀਆਂ ਬੱਚੀਆਂ ਦੀ ਇਜੱਤ ਲੁੱਟਣ ਦੀਆਂ ਖਬਰਾਂ ਦਾ ਆਉਣਾ ਬਹੁਤ ਘਾਤਕ ਸਮਾ ਆਉਣ ਦਾ ਸੰਕੇਤ ਹੈ ਪੰਜਾਬ ਲਈ ਉਸ ਪੰਜਾਬ ਲਈ ਜਿਸ ਪੰਜਾਬ ਦੇ ਭਰਿਸਟ ਮੰਤਰੀ ਸਾਧੂ ਧਰਮ ਸਿੰਘ ਸੋਤ ਜੋ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਦੀ ਤੁਲਨਾ ਸਤਿਗੁਰੂ ਨਾਨਕ ਦੇਵ ਜੀ ਨਾਲ ਕਰਦਾ ਹੈ ਕਿੰਨੀ ਮੰਦਭਾਗੀ ਗੱਲ ਹੈ ਸਭ ਤੋਂ ਵੱਧ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਸਾਧੂ ਧਰਮ ਸਿੰਘ ਸੋਤ ਦੇ ਵਿਰੁੱਧ ਅਜੈ ਤੱਕ ਕੋਈ ਵੀ ਬਿਆਨ ਨਾ ਆਉਣਾ ਸਮਝ ਤੋਂ ਪਰੇ ਹਨ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਇੱਕੋ ਹੀ ਹਨ ਅਸੀ ਬਹੁਜਨ ਸਮਾਜ ਪਾਰਟੀ ਵੱਲੋ ਸਾਧੂ ਧਰਮ ਸਿੰਘ ਸੋਤ ਦੇ ਬਿਆਨ ਦੀ ਨਿਖੇਧੀ ਕਰਦੇ ਹਾਂ ਛੋਟੀਆਂ ਛੋਟੀਆਂ ਬੱਚੀਆਂ ਦੇ ਨਾਲ ਹੋਏ ਜਬਰ ਜਨਾਹ ਦੀ ਕੜੜੇ ਸਬਦਾ ਵਿੱਚ ਨਿਖੇਦੀ ਕਰਦੇ ਹਾਂ।

# ਪੰਜਾਬ ਦੇ ਲੋਕ-ਗੀਤ, ਲੋਕ-ਨਾਚ ਤੇ ਰੀਤੀ- ਰਿਵਾਜ ਦੀ ਬਾਤ ਪਾਉਦੀ ਮੁਟਿਆਰ ਲੇਖਿਕਾ: ਜਸਪ੍ਰੀਤ ਕੌਰ ਸੰਘਾ



**ਪ੍ਰੀਤਮ ਲੁਧਿਆਣਵੀ**
**9876428641**


ਆਪਣੀ ਪਲੇਠੀ ਪੁਸਤਕ 'ਸੰਦਲੀ ਪੈੜਾਂ ਦਾ ਸਿਰਨਾਵਾਂ' ਪਾਠਕਾਂ ਦੀ ਕਚਿਹਰੀ ਵਿੱਚ ਪੇਸ਼ ਕਰ ਚੁੱਕੀ ਜਸਪ੍ਰੀਤ ਕੌਰ ਸੰਘਾ ਇਕ ਐਸੀ ਸਿਦਕੀ, ਸਿਰੜੀ ਤੇ ਵਿਦਵਾਨ ਲੇਖਿਕਾ ਹੈ ਜਿਸ ਦੇ ਸਿਰ ਤੇ ਆਪਣੇ ਸੱਭਿਆਚਾਰਕ ਵੱਡਮੁੱਲੇ ਵਿਰਸੇ ਦੀ ਸਾਂਭ-ਸੰਭਾਲ ਦਾ ਜਾਨੂੰਨ ਦੀ ਹੱਦ ਤੱਕ ਦਾ ਸ਼ੌਂਕ ਹਰ ਪਲ ਗੂੰਜਦਾ ਰਹਿੰਦਾ ਹੈ। ਰੋਜਾਨਾ ਕਿਸੇ-ਨਾ- ਕਿਸੇ ਅਖ਼ਬਾਰ ਜਾਂ ਮੈਗਜ਼ੀਨ ਵਿਚ ਲੇਖ, ਕਵਿਤਾਵਾਂ ਤੇ ਮਿੰਨੀ ਕਹਾਣੀਆਂ ਦਾ ਸ਼ਿੰਗਾਰ ਬਣੀ, ਨਜ਼ਰੀ ਆਉਂਦੀ ਇਸ ਮੁਟਿਆਰ ਲੇਖਿਕਾ ਨੇ ਆਪਣੀ ਕਲਮ ਦੀ ਤਾਕਤ ਅਤੇ ਆਪਣੀ ਸੂਝ-ਬੂਝ ਨਾਲ ਪੰਜਾਬੀ ਸਾਹਿਤ-ਜਗਤ ਅੰਦਰ ਆਪਣੀ ਇਕ ਜਾਨਦਾਰ ਤੇ ਸ਼ਾਨਦਾਰ ਨਿਵੇਕਲੀ ਪਹਿਚਾਣ ਬਣਾ ਰੱਖੀ ਹੈ। ਜਿਲਾ ਹੁਸ਼ਿਆਰਪੁਰ ਦੇ ਨਗਰ ਤਨੂੰਲੀ ਵਿਖੇ ਬਲਜਿੰਦਰ ਕੌਰ (ਮਾਤਾ) ਦੀ ਪਾਕਿ ਕੁੱਖੋਂ ਸ੍ਰ. ਅਮਰੀਕ ਸਿੰਘ (ਪਿਤਾ) ਦੇ ਗ੍ਰਹਿ ਨੂੰ ਭਾਗ ਲਾਉਣ ਵਾਲੀ ਜਸਪ੍ਰੀਤ ਨੇ ਗ੍ਰੈਜੂਏਸ਼ਨ ਐਸ. ਡੀ. ਕਾਲਜ ਹੁਸ਼ਿਆਰਪੁਰ ਤੋਂ, ਪੋਸਟ- ਗ੍ਰੈਜੂਏਸ਼ਨ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਅਤੇ ਬੀ.ਐੱਡ. ਦੀ ਪੜਾਈ ਡੀ.ਏ.ਵੀ. ਕਾਲਜ ਔਫ ਐਜੂਕੇਸ਼ਨ ਹੁਸ਼ਿਆਰਪੁਰ ਤੋਂ ਪ੍ਰਾਪਤ ਕੀਤੀ।

ਅਧਿਆਪਨ ਦੇ ਕਿੱਤੇ ਨਾਲ ਜੁੜੀ ਹੋਈ ਜਸਪ੍ਰੀਤ ਨੇ ਇੱਕ ਮੁਲਾਕਾਤ ਦੌਰਾਨ ਦੱਸਿਆ ਕਿ ਸਾਹਿਤਕ ਖੇਤਰ ਵਿੱਚ ਪੂਰਾ ਸਹਿਯੋਗ ਦੇਣ ਵਾਲੇ ਜ਼ਿੰਦਗੀ ਦੀ ਪਹਿਲੀ ਪ੍ਰੇਰਨਾ ਉਸਦੇ ਪਾਪਾ ਹਨ, ਜਿਨਾਂ ਤੋਂ ਉਸਨੇ ਸੰਘਰਸ਼-ਮਈ ਜੀਵਨ ਜਿਊਣ ਦੀ ਜਾਂਚ ਸਿੱਖੀ। ਬਚਪਨ ਤੋਂ ਹੀ ਕਿਤਾਬਾਂ ਪੜਦਿਆਂ-ਪੜਦਿਆਂ ਕਦੋਂ ਉਸਨੇ ਲਿਖਣਾ ਸ਼ੁਰੂ ਕਰ ਦਿੱਤਾ, ਉਸਨੂੰ ਖੁਦ ਨੂੰ ਵੀ ਯਾਦ ਨਹੀਂ। ਐਸ. ਡੀ. ਕਾਲਜ ਹੁਸ਼ਿਆਰਪੁਰ ਵਿੱਚ ਗ੍ਰੈਜੂਏਸ਼ਨ ਕਰਦੇ ਸਮੇਂ ਜਸਪ੍ਰੀਤ ਸੰਘਾ ਨੂੰ ਦੋ ਸਾਲ ਡਾ. ਪਰਜੀਤ ਕੌਰ ਦੀ ਸੰਗਤ ਮਿਲੀ, ਜਿਨਾਂ ਨੇ ਉਸਨੂੰ ਲਿਖਣ ਲਈ ਹੋਰ ਵੀ ਪ੍ਰੇਰਿਤ ਕੀਤਾ। ਉਨੀ ਦਿਨੀ ਪੰਜਾਬੀ ਟ੍ਰਿਬਿਊਨ ਅਖਬਾਰ ਵਿੱਚ 'ਵਿਚਾਰ ਮੰਚ' ਅਧੀਨ ਕਾਲਮ ਵਿੱਚ ਇੱਕ ਵਿਸ਼ਾ ਦਿੱਤਾ ਜਾਂਦਾ ਸੀ ਤੇ ਉਸ 'ਤੇ ਪਾਠਕਾਂ ਦੇ ਵਿਚਾਰ ਲਏ ਜਾਂਦੇ ਸਨ। ਜਸਪ੍ਰੀਤ ਦੇ ਲਿਖੇ ਵਿਚਾਰ ਵੀ, 'ਵਿਚਾਰ ਮੰਚ' ਵਿੱਚ ਛਪਣ ਲੱਗੇ। ਆਪਣੀ ਕਾਲਜ ਦੀ ਪੜਾਈ ਸਮੇਂ ਜਸਪ੍ਰੀਤ



ਕਾਲਜ ਮੈਗਜ਼ੀਨ ਲਈ ਲਿਖਦੀ ਵੀ ਰਹੀ ਅਤੇ ਕਾਲਜ ਮੈਗਜ਼ੀਨ ਦੀ ਐਡੀਟਰ ਵੀ ਰਹੀ। ਚੱਲਦੇ-ਚੱਲਦੇ 20 ਅਪ੍ਰੈਲ 2013 ਨੂੰ ਜਸਪ੍ਰੀਤ ਦੀ ਪਹਿਲੀ ਨਜਮ 'ਮੇਰਾ ਨਾਮ ਬਦਲਿਆ ਹੈ' ਅਤੇ ਉਸਦਾ ਪਹਿਲਾ ਲੇਖ 'ਸੱਭਿਆਚਾਰ ਦੀ ਸੰਭਾਲ' ਇਕੋ ਹੀ ਦਿਨ ਪੰਜਾਬੀ ਟ੍ਰਿਬਿਊਨ ਵਿੱਚ ਪ੍ਰਕਾਸ਼ਿਤ ਹੋਏ। ਜਸਪ੍ਰੀਤ ਦੀ ਉਸ ਨਜਮ ਨੂੰ ਨਾਮਵਰ ਸਾਹਿਤਕ ਸਖ਼ਸ਼ੀਅਤਾਂ ਨੇ ਪੜਕੇ ਖੂਬ ਸਲਾਹਿਆ। ਫਿਰ, ਇਸ ਤੋਂ ਬਾਅਦ ਤਾਂ ਉਸਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਸਾਹਿਤਕ ਖੇਤਰ ਵਿੱਚ ਨਿਰੰਤਰ ਅੱਗੇ ਵਧਦੀ ਗਈ। ਨਤੀਜਨ ਅੱਜ ਉਸ ਦਾ ਨਾਂ ਸਿਰਮੌਰ ਲੇਖਿਕਾਵਾਂ ਵਿਚ ਸ਼ੁਮਾਰ ਹੈ। ਮਾਣ ਵਾਲੀ ਗੱਲ ਹੈ ਕਿ ਕਿੱਥੇ ਤਾਂ ਉਹ ਇੱਕ ਪਾਠਕ ਦੇ ਤੌਰ ਤੇ ਆਪਣੇ ਵਿਚਾਰ ਅਖਬਾਰਾਂ ਵਿੱਚ ਭੇਜਿਆ ਕਰਦੀ ਸੀ, ਪਰ ਅੱਜ ਪਾਠਕਾਂ ਦੇ ਵਿਚਾਰ ਉਸਦੀਆਂ ਰਚਨਾਵਾਂ ਪ੍ਰਤੀ ਆਂਉਂਦੇ ਹਨ। ਉਸ ਦੀ ਪਹਿਲੀ ਨਜਮ ਦੀਆਂ ਕੁਝ ਸਤਰਾਂ ਦੇਖੋ :-

''ਮੇਰਾ ਨਾਮ ਬਦਲਿਆ ਹੈ,



ਪਰ ਮੇਰੀ ਤਕਦੀਰ ਨਹੀਂ।
ਮੇਰੀ ਰੂਹ ਤਾਂ ਹੈ,
ਪਰ ਕੋਈ ਵਜੂਦ ਨਹੀਂ ।
ਕੱਲ ਪੱਥਰ ਆਖ ਬੁਲਾਉਂਦੇ ਸਨ,
ਅੱਜ ਚਿੜੀਆਂ ਆਖ ਬੁਲਾਉਂਦੇ ਨੇ।
ਕੱਲ ਮੁਹਰਾ ਦੇ ਕੇ ਮਰਵਾਉਂਦੇ ਸਨ,
ਅੱਜ ਕੁੱਖੀਂ ਕਤਲ ਕਰਵਾਉਂਦੇ ਨੇ।''

ਛੋਟੀ ਜਿਹੀ ਜ਼ਿੰਦਗੀ ਵਿੱਚ ਬਹੁਤ ਮਾਨ-ਸਨਮਾਨ ਖੱਟਣ ਵਾਲੀ ਜਸਪ੍ਰੀਤ ਦੀ ਲਿਖੀ ਪਹਿਲੀ ਮਿੰਨੀ ਕਹਾਣੀ, 'ਸਦੀਵੀਂ ਗੁਲਾਮ' ਨੂੰ ''ਲੇਖਕ ਮੰਚ ਅੰਮ੍ਰਿਤਸਰ'' ਵੱਲੋਂ 26-ਵੇਂ ਮਿੰਨੀ ਕਹਾਣੀ ਮੁਕਾਬਲੇ ਵਿੱਚ ਉਤਸ਼ਾਹਿਤ ਇਨਾਮ ਲਈ ਚੁਣਿਆ ਗਿਆ । ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਮਾਂ-ਬੋਲੀ ਨਾਲ ਅੱਤ ਦਾ ਮੋਹ-ਪਿਆਰ ਪਾਲਣ ਵਾਲੀ ਜਸਪ੍ਰੀਤ ਪੰਜਾਬ ਦੇ ਲੋਕ-ਗੀਤ, ਲੋਕ-ਨਾਚ, ਪੁਰਾਣੇ ਰੀਤੀ- ਰਿਵਾਜ ਆਦਿ, ਜਿਨਾਂ ਤੋਂ ਸਾਡੀ ਨੌਜਵਾਨ ਪੀੜੀ ਪੂਰੀ ਤਰਾਂ ਬੇਮੁੱਖ ਹੋ ਚੁੱਕੀ ਹੈ, ਨੂੰ ਆਪਣੀ ਕਲਮ ਰਾਹੀਂ ਜਿਊਂਦਾ-ਜਾਗਦਾ ਰੱਖਣ ਦੇ ਸਿਰਤੋੜ ਉਪਰਾਲਿਆਂ ਵਿਚ ਜੁਟੀ ਹੋਈ ਹੈ। ਜਸਪ੍ਰੀਤ ਦਾ ਇਹ ਵੀ ਮੰਨਣਾ ਹੈ ਕਿ ਜ਼ਿੰਦਗੀ ਰਿਸ਼ਤਿਆਂ ਨਾਲ ਰੁਸ਼ਨਾਉਂਦੀ ਹੈ, ਇਸੇ ਕਾਰਣ ਉਸਦੀ ਕਲਮ ਹਰ ਰਿਸ਼ਤੇ ਦੀ ਬਾਤ ਪਾਉਂਦੀ ਹੈ। ਇੱਥੇ ਹੀ ਬਸ ਨਹੀਂ, ਦਹੇਜ-ਪ੍ਰਥਾ, ਭਰੂਣ-ਹੱਤਿਆ, ਨਸ਼ਿਆਂ ਦਾ ਵਧ ਰਿਹਾ ਰੁਝਾਨ, ਬਜ਼ੁਰਗਾਂ ਦੀ ਹੋ ਰਹੀ ਦੁਰਦਸ਼ਾ ਆਦਿ ਸਮਾਜਿਕ-ਬੁਰਾਈਆਂ ਬਾਰੇ ਵੀ ਜਸਪ੍ਰੀਤ ਪੂਰੀ ਡਟ ਕੇ ਲਿਖਦੀ ਰਹਿੰਦੀ ਹੈ। ਹੱਕ, ਸੱਚ ਅਤੇ ਮਾਨਵਤਾ ਦੀ ਭਲਾਈ ਲਈ ਚੱਲ ਰਹੀ ਇਸ ਕਲਮ ਦੀਆਂ ਕੁਝ ਸਤਰਾਂ ਦੇਖੋ :-

''ਐਸੀ ਮਿਹਰ ਕਰੀਂ ਮੇਰੇ ਦਾਤਿਆ
ਕਦੇ ਝੂਠ ਦੇ ਪੱਖ ਵਿੱਚ ਬੋਲਾਂ ਨਾ।
ਐਸਾ ਬਲ ਬਖਸ਼ ਮੇਰੀ ਕਲਮ ਨੂੰ,
ਸੱਚ ਲਿਖਦੇ ਸਮੇਂ ਕਦੇ ਡੋਲਾਂ ਨਾ।''

ਜਸਪ੍ਰੀਤ ਪੰਜਾਬੀ ਸੱਭਿਆਚਾਰ ਵਿੱਚ ਆਏ ਨਿਘਾਰ ਤੋਂ ਕਾਫੀ ਚਿੰਤਤ ਹੈ। ਇੱਕ ਸਵਾਲ ਦਾ ਜਵਾਬ ਦਿੰਦਿਆਂ ਉਸ ਨੇ ਕਿਹਾ, ''ਪੰਜਾਬੀ ਸੱਭਿਆਚਾਰ ਬਹੁਤ ਅਮੀਰ ਹੈ, ਪਰ ਸੱਭਿਆਚਾਰ ਦੇ ਨਾਮ 'ਤੇ ਜੋ ਅਸ਼ਲੀਲਤਾ ਫੈਲਾਈ ਜਾ ਰਹੀ ਹੈ, ਉਹ ਗਲਤ ਹੈ। ਜੇਕਰ ਪਾਠਕ ਚੰਗਾ ਸਾਹਿਤ ਪੜਨ, ਲੇਖਕ ਮਿਆਰੀ ਰਚਨਾਵਾਂ ਲਿਖਣ ਅਤੇ ਗਾਇਕ ਸਾਫ- ਸੁਥਰਾ ਗਾਉਣ ਤਾਂ ਪੰਜਾਬੀ ਸੱਭਿਆਚਾਰ ਦੀ ਅਮੀਰ ਵਿਰਾਸਤ ਸੰਭਾਲੀ ਜਾ ਸਕਦੀ ਹੈ।''

ਆਪਣੇ ਸੱਭਿਆਚਾਰ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਅਤੇ ਇਸ ਨੂੰ ਪ੍ਰਫੁੱਲਤ ਕਰਨ ਵਿੱਚ ਇੱਕ ਤਪੱਸਵੀ ਵਾਂਗ ਤਪੱਸਿਆ ਕਰ ਰਹੀ ਇਸ ਮੁਟਿਆਰ ਲਈ ਉਹ ਦਿਨ ਦੂਰ ਨਹੀਂ ਜਦੋਂ ਵੱਡੇ-ਵੱਡੇ ਐਵਾਰਡ ਤੇ ਪੁਰਸਕਾਰ ਉਸਦੀ ਕਲਮੀ-ਤਪੱਸਿਆ ਦਾ ਮੁੱਲ ਪਾਉਣਗੇ। ਸ਼ਾਲਾ ! ਓਹ ਸੁਲੱਖਣੀ ਘੜੀ, ਓਹ ਪਲ ਜਲਦੀ ਆਉਣ!

# ਕੀ ਕਰਵਾਚੌਥ ਰੱਖਣ ਵਾਲੀਆਂ ਪਤਨੀਆਂ ਦੇ ਪਤੀ ਸੱਚਮੁੱਚ ਲੰਬੀ ਜ਼ਿੰਦਗੀ ਜਿਊਂਦੇ ਹਨ?

ਅੱਜ ਭਾਰਤ ਅਤੇ ਵਿਦੇਸ਼ਾਂ ਦੇ ਕਈ ਇਲਾਕਿਆਂ ਵਿੱਚ ਬਹੁਤੀਆਂ ਮਹਿਲਾਵਾਂ ਵਿਸ਼ੇਸ਼ ਤੋਰ ਤੇ ਹਿੰਦੂ ਧਰਮ ਨੂੰ ਮੰਨਣ ਵਾਲੀਆਂ ਪਤਨੀਆਂ ਵਲੋਂ ਅਪਣੇ ਅਪਣੇ ਪਤੀ ਦੀ ਲੰਬੀ ਉਮਰ ਲਈ ਕਰਵਾ ਚੋਥ ਦਾ ਵਰਤ ਰੱਖਿਆ ਗਿਆ ਹੈ। ਕਿਸੇ ਵੇਲੇ ਇਹ ਵਰਤ ਸਿਰਫ ਵਿਆਹੁਤਾ ਸੁਹਾਗਣਾਂ ਹੀ ਰੱਖਦੀਆਂ ਸਨ ਪਰੰਤੂ ਪਿਛਲੇ ਕੁੱਝ ਸਾਲਾਂ ਤੋਂ ਕਈ ਕੁਆਰੀਆਂ ਲੜਕੀਆਂ ਵੀ ਇਹ ਵਰਤ ਰੱਖਦੀਆਂ ਵੇਖੀਆਂ ਜਾ ਰਹੀਆਂ ਹਨ। ਕਰਵਾ ਚੋਥ ਵਰਤ ਸਬੰਧੀ ਕਈ ਕਹਾਣੀਆਂ ਪ੍ਰਚਲਿਤ ਹਨ ਜਿਨ੍ਹਾਂ ਵਿੱਚੋਂ ਇੱਕ ਅਨੁਸਾਰ ਕਾਰਤਿਕ ਕ੍ਰਿਸ਼ਨ ਪੱਖ ਦੀ ਚਤੁਰਥੀ ਨੂੰ ਕਰਵਾ ਚੌਥ ਕਹਿੰਦੇ ਹਨ। ਇਸ ਵਿੱਚ ਗਣੇਸ਼ ਜੀ ਦੀ ਪੂਜਾ ਕਰਕੇ ਖੁਸ਼ ਕੀਤਾ ਜਾਂਦਾ ਹੈ ਅਤੇ ਇਸਦਾ ਵਿਧਾਨ ਚੇਤਰ ਦੀ ਚਤੁਰਥੀ ਵਿੱਚ ਲਿਖ ਦਿੱਤਾ ਹੈ। ਇਸਦੀ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਕਣਕ ਦਾ ਕਰੂਆ ਭਰ ਕੇ ਪੂਜਾ ਕੀਤੀ ਜਾਂਦੀ ਹੈ ਅਤੇ ਵਿਆਹੀਆਂ ਕੁੜੀਆਂ ਦੇ ਚੀਨੀ ਦੇ ਕਰੂਏ ਪੇਕੇ ਤੋਂ ਭੇਜੇ ਜਾਂਦੇ ਹਨ। ਇਸ ਸਬੰਧੀ ਸਭਤੋਂ ਵੱਧ ਪ੍ਰਚਲਿਤ ਕਹਾਣੀ ਅਨੁਸਾਰ ਇੱਕ ਸ਼ਾਹੂਕਾਰ ਦੇ ਸੱਤ ਲੜਕੇ ਸਨ ਅਤੇ ਇੱਕ ਲੜਕੀ ਸੀ ਜਿਸਦਾ ਨਾਮ ਕਰਵਾ ਸੀ। ਸਾਰੇ ਭੈਣ ਭਰਾਵਾਂ ਦਾ ਆਪਸ ਵਿੱਚ ਕਾਫੀ ਪਿਆਰ ਸੀ। ਇਹ ਲੜਕੀ ਕਰਵਾ ਵਿਆਹੀ ਹੋਈ ਸੀ ਅਤੇ ਇੱਕ ਵਾਰ ਅਪਣੇ ਪੇਕੇ ਘਰ ਆਈ ਹੋਈ ਸੀ। ਸ਼ਾਹੂਕਾਰ ਦੀ ਪਤਨੀ, ਨੂੰਹਾ ਅਤੇ ਲੜਕੀ ਕਰਵਾ ਨੇ ਵਰਤ ਰੱਖਿਆ ਹੋਇਆ ਸੀ। ਰਾਤ ਨੂੰ ਸ਼ਾਹੂਕਾਰ ਦੇ ਲੜਕੇ ਭੋਜਨ ਕਰਨ ਲੱਗੇ ਤਾਂ ਉਹਨਾਂ ਨੇ ਆਪਣੀ ਭੈਣ ਨੂੰ ਭੋਜਨ ਕਰਨ ਲਈ ਕਿਹਾ। ਇਸ ਤੇ ਭੈਣ ਨੇ ਉੱਤਰ ਦਿੱਤਾ ਕਿ ਅਜੇ ਚੰਦਰਮਾ ਨਹੀਂ ਨਿਕਲਿਆ ਹੈ ਅਤੇ ਚੰਦਰਮਾ ਨਿਕਲਣ ਤੇ ਅੱਰਘ ਦੇਕੇ ਹੀ ਭੋਜਨ ਖਾਵੇਗੀ। ਭੈਣ ਦੀ ਇਹ ਗੱਲ ਸੁਣ ਕੇ ਸਭਤੋਂ ਛੋਟੇ ਭਰਾ ਨੇ ਭੈਣ ਨੂੰ ਭੁਲੇਖੇ ਵਿੱਚ ਪਾਣ ਲਈ ਨਗਰ ਤੋਂ ਬਾਹਰ ਜਾ ਕੇ ਅੱਗ ਜਲਾ ਦਿੱਤੀ ਅਤੇ ਛਾਣਨੀ ਲੈਕੇ ਉਸ ਵਿੱਚੋਂ ਰੋਸ਼ਨੀ ਦਿਖਾਉਂਦੇ ਹੋਏ ਭੈਣ ਨੂੰ ਧੋਖਾ ਦਿੰਦੇ ਹੋਏ ਕਿਹਾ ਕਿ ਚੰਦਰਮਾ ਨਿਕਲ ਆਇਆ ਹੈ ਅਰੱਘ ਦੇ ਕੇ ਭੋਜਨ ਖਾ ਲੈ। ਇਹ ਸੁਣ ਕੇ ਕਰਵਾ ਨੇ ਆਪਣੀਆਂ ਭਾਬੀਆਂ ਨੂੰ ਕਿਹਾ ਕਿ ਆਓ ਤੁਸੀਂ ਵੀ ਚੰਦਰਮਾ ਨੂੰ ਅਰੱਘ ਦੇ ਦਿਓ, ਪਰੰਤੂ ਉਸ ਦੀਆਂ ਭਰਜਾਈਆਂ ਅਸਲੀਅਤ ਤੋਂ ਵਾਕਿਫ ਸਨ ਅਤੇ ਉਹਨਾਂ ਨੇ ਕਿਹਾ ਕਿ ਹਾਲੇ ਚੰਦਰਮਾ ਨਹੀਂ ਨਿਕਲਿਆ, ਤੇਰੇ ਭਰਾ ਤੇਰੇ ਨਾਲ ਧੋਖਾ ਕਰਦੇ ਹੋਏ ਅੱਗ ਦੀ ਰੋਸ਼ਨੀ ਛਾਣਨੀ ਨਾਲ ਦਿਖਾ ਰਹੇ ਹਨ। ਭਾਬੀਆਂ ਦੀ ਇਹ ਗੱਲ ਸੁਣ ਕੇ ਵੀ ਉਸਨੇ ਭਰਾਵਾਂ ਤੇ ਵਿਸ਼ਵਾਸ਼ ਕੀਤਾ ਅਤੇ ਭਰਾਵਾਂ ਦੁਆਰਾ ਦਿਖਾਈ ਗਈ ਰੋਸ਼ਨੀ ਨੂੰ ਹੀ ਅਰੱਘ ਦੇ ਕੇ ਭੋਜਨ ਖਾਣਾ ਸ਼ੁਰੂ ਕਰ ਦਿਤਾ। ਇਸ ਕਥਾ ਅਨੁਸਾਰ ਜਦੋ ਕਰਵਾ ਨੇ ਪਹਿਲੀ ਬੁਰਕੀ ਖਾਣੀ ਸ਼ੁਰੂ ਕੀਤੀ ਤਾਂ ਉਸਨੂੰ ਛਿੱਕ ਆ ਗਈ, ਜਦੋਂ ਦੂਜੀ ਬੁਰਕੀ ਖਾਣੀ ਸ਼ੁਰੂ ਕੀਤੀ ਤਾਂ ਉਸ ਵਿੱਚ ਵਾਲ ਨਿਕਲਿਆ ਅਤੇ ਜਦੋਂ ਤੀਜੀ ਬੁਰਕੀ ਖਾਣ ਲੱਗੀ ਤਾਂ ਉਸੇ ਵੇਲੇ ਉਸਦੇ ਪਤੀ ਦੀ ਮੌਤ ਦੀ ਖਬਰ ਪਹੁੰਚ ਗਈ। ਇਸਤੋਂ ਬਾਦ ਉਹ ਮਾਨਸਿਕ ਤੌਰ ਤੇ ਦੁਖੀ ਹੋ ਗਈ। ਉਸਨੇ ਸਚਾਈ ਦਾ ਪਤਾ ਲੱਗਣ ਤੇ ਅਪਣੇ ਪਤੀ ਦਾ ਅੰਤਿਮ ਸੰਸਕਾਰ ਨਹੀਂ ਹੋਣ ਦਿਤਾ ਅਤੇ ਅਪਣੇ ਪਤੀ ਦੀ ਲਾਸ਼ ਕੋਲ ਹੀ ਬੈਠ ਗਈ। ਜਦੋਂ ਸਾਲ ਬਾਦ ਫਿਰ ਵਰਤ ਵਾਲਾ ਦਿਨ ਆਇਆ ਤਾਂ ਕਰਵਾ ਨੇ ਫਿਰ ਵਰਤ ਰੱਖਿਆ। ਇਸ ਪ੍ਰਕਾਰ ਉਸਦੀ ਸ਼ਰਧਾ ਭਗਤੀ ਨੂੰ ਦੇਖ ਕੇ ਭਗਵਾਨ ਗਣੇਸ਼ ਉਸਤੇ ਖੁਸ਼ ਹੋ ਗਏ ਅਤੇ ਉਸਦੇ ਪਤੀ ਨੂੰ ਜੀਵਨ ਦਾਨ ਦੇ ਕੇ ਉਸਨੂੰ ਸਿਹਤਮੰਦ ਕੀਤਾ। ਇੱਕ ਹੋਰ ਪ੍ਰਚਲਿਤ ਕਹਾਣੀ ਅਨੁਸਾਰ ਕਰਵਾ ਨਾਮ ਦੀ ਇੱਕ ਵਿਆਹੁਤਾ ਪਤੀਵਰਤਾ ਮਹਿਲਾ ਅਪਣੇ ਪਤੀ ਨਾਲ ਨਦੀ ਕਿਨਾਰੇ ਇੱਕ ਪਿੰਡ ਵਿੱਚ ਰਹਿੰਦੀ ਸੀ। ਇੱਕ ਦਿਨ ਉਸਦਾ ਪਤੀ ਨਦੀ ਤੇ ਨਹਾਉਣ ਲਈ ਗਿਆ ਤਾਂ ਨਦੀ ਵਿੱਚ ਰਹਿੰਦੇ ਮਗਰਮੱਛ ਨੇ ਉਸਦਾ ਪੈਰ ਪਕੜ ਲਿਆ ਅਤੇ ਉਹ ਪਤੀ ਕਰਵਾ ਕਰਵਾ ਕਹਿਕੇ ਅਪਣੀ ਪਤਨੀ ਨੂੰ ਅਵਾਜਾਂ ਮਾਰਨ ਲੱਗਾ। ਅਪਣੇ ਪਤੀ ਦੀ ਅਵਾਜ਼ ਸੁਣਕੇ ਕਰਵਾ ਦੌੜੀ ਆ ਗਈ ਤਾਂ ਵੇਖਿਆ ਕਿ ਮਗਰਮੱਛ ਨੇ ਉਸਦੇ ਪਤੀ ਨੂੰ ਪਕੜਿਆ ਹੋਇਆ ਸੀ ਅਤੇ ਮਾਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਕਰਵਾ ਨੂੰ ਗੁੱਸਾ ਆ ਗਿਆ ਤੇ ਉਹ ਯੱਮਲੋਕ ਪਹੁੰਚ ਗਈ ਤੇ ਯਮਰਾਜ ਨੂੰ ਮਗਰਮੱਛ ਨੂੰ ਮਾਰਨ ਲਈ ਕਿਹਾ ਤਾਂ ਯਮਰਾਜ ਨੇ ਕਿਹਾ ਕਿ ਉਸ ਮਗਰਮੱਛ ਦੀ ਅਜੇ ਕਾਫੀ ਉਮਰ ਬਾਕੀ ਇਸ ਲਈ ਉਸਨੂੰ ਨਹੀਂ ਮਾਰਿਆ ਜਾ ਸਕਦਾ। ਇਸਤੋਂ ਕਰਵਾ ਗੁੱਸੇ ਵਿੱਚ ਆ ਗਈ ਅਤੇ ਯਮਰਾਜ ਨੂੰ ਸ਼ਰਾਪ ਦੇਣ ਲੱਗੀ ਜਿਸਤੋਂ ਡਰਕੇ ਯੱਮਰਾਜ ਨੇ ਕਰਵਾ ਤੋਂ ਮੁਆਫੀ ਮੰਗੀ ਤੇ ਮਗਰਮੱਛ ਨੂੰ ਮਾਰਕੇ ਉਸਦੇ ਪਤੀ ਨੂੰ ਲੰਬੀ ਉਮਰ ਦਿਤੀ। ਇਸਤੋਂ ਯਮਰਾਜ ਨੇ ਕਿਹਾਕਿ ਅੱਗੇ ਤੋਂ ਕਰਵਾ ਹਰ ਸੁਹਾਗਣ ਦੇ ਪਤੀ ਦੀ ਲੰਬੀ ਉਮਰ ਕਰੇਗਾ। ਇੱਕ ਹੋਰ ਕਹਾਣੀ ਅਨੁਸਾਰ ਪਾਂਡਵ ਅਰਜੁਨ ਭਗਤੀ ਕਰਨ ਲਈ ਨੀਲਗਿਰੀ ਦੇ ਪਹਾੜਾਂ ਤੇ ਗਿਆ ਹੋਇਆ ਸੀ ਤੇ ਉਸ ਦੀ ਪਤਨੀ ਦ੍ਰੋਪਤੀ ਅਪਣੇ ਪਤੀ ਦੀ ਕਾਫੀ ਸਮੇਂ ਤੋਂ ਕੋਈ ਖਬਰ ਨਾਂ ਮਿਲਣ ਕਾਰਨ ਕਾਫੀ ਪ੍ਰੇਸ਼ਾਨ ਹੋ ਰਹੀ ਸੀ। ਉਸਨੇ ਅਪਣੀ ਪ੍ਰੇਸ਼ਾਨੀ ਕ੍ਰਿਸ਼ਨ ਭਗਵਾਨ ਨੂੰ ਦੱਸੀ ਤਾਂ ਉਸਨੂੰ ਇਹ ਵਰਤ ਰੱਖਣ ਲਈ ਕਿਹਾ ਜਿਸ ਨਾਲ ਪਤੀ ਲੰਬੀ ਉਮਰ ਤੱਕ ਜਿੰਦਾ ਰਹਿੰਦਾ ਹੈ। ਇਸ ਵਰਤ ਦਾ ਇਤਿਹਾਸ ਭਾਂਵੇਂ ਕੁੱਝ ਵੀ ਹੋਵੇ ਪਰ ਇਸ ਵਿਚੋਂ ਪਤਨੀਆਂ ਦੀ ਗੁਲਾਮੀ ਦੀ ਮਾਨਸਿਕਤਾ ਦੀ ਹੀ ਝਲਕ ਨਜਰ ਆਂਦੀ ਹੈ। ਸਾਡੇ ਦੇਸ ਵਿੱਚ ਲੰਬਾ ਸਮਾਂ ਕਈ ਸਮਾਜਿਕ ਕੁਰਿਤੀਆਂ ਕਾਇਮ ਰਹੀਆਂ ਹਨ ਜਿਨ੍ਹਾਂ ਵਿੱਚ ਬਾਲ ਵਿਆਹ, ਸਤੀ ਪ੍ਰਥਾ, ਵਿਧਵਾਵਾਂ ਨਾਲ ਮਾੜਾ ਸਲੂਕ ਆਦਿ ਵਿਸ਼ੇਸ ਤੋਰ ਤੇ ਸ਼ਾਮਲ ਸਨ। ਕਈ ਸਮਾਜਿਕ ਧਾਰਮਿਕ ਸਮਾਗਮਾਂ ਵਿੱਚ ਮਹਿਲਾਵਾਂ ਦੇ ਦਾਖਲੇ ਤੇ ਪਾਬੰਦੀ ਲਗਾਈ ਗਈ। ਮੰਨੂਵਾਦੀ ਪ੍ਰਥਾ ਅਨੁਸਾਰ ਚੱਲ ਰਹੀਆਂ ਸਮਾਜਿਕ ਕੁਰੀਤੀਆਂ ਦੇ ਖਿਲਾਫ ਸਮੇਂ ਸਮੇਂ ਤੇ ਅਨੇਕਾਂ ਸਮਾਜ ਸੁਧਾਰਕਾਂ ਨੇ ਅਵਾਜ ਉਠਾਈ ਹੈ। ਸੈਕੜ੍ਹੇ ਸਾਲਾਂ ਦੀ ਗੁਲਾਮੀ ਤੋਂ ਬਾਦ ਅਸੀਂ ਅਜਾਦੀ ਹਾਸਲ ਕੀਤੀ ਹੈ ਅਤੇ ਦੇਸ ਦਾ ਅਪਣਾ ਸੰਵਿਧਾਨ ਲਾਗੂ ਕੀਤਾ ਗਿਆ ਜਿਸ ਵਿੱਚ ਵਿਸੇਸ ਤੋਰ ਤੇ ਸਮਾਜਿਕ ਕੁਰਿਤੀਆਂ ਖਤਮ ਕਰਨ ਦੀ ਗੱਲ ਕਹੀ ਗਈ ਹੈ ਅਤੇ ਇਨ੍ਹਾਂ ਕੁਰੀਤੀਆਂ ਨੂੰ ਕਾਇਮ ਰੱਖਣ ਵਾਲੇ ਵਿਅਕਤੀਆਂ, ਸਮ-ਾਜਿਕ ਧਾਰਮਿਕ ਸੰਸਥਾਵਾਂ ਖਿਲਾਫ ਕਨੂੰਨੀ ਕਾਰਵਾਈ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਅਜਾਦੀ ਤੋਂ ਬਾਦ ਦੇਸ ਦੇ ਵੱਖ ਵੱਖ ਵਰਗਾਂ ਵਿਸ਼ੇਸ਼ ਤੋਰ ਤੇ ਸਦੀਆਂ ਤੱਕ ਗੁਲਾਮ ਰਹਿਣ ਵਾਲੇ ਵਰਗ ਦੇ ਲੋਕਾਂ ਦੀ ਭਲਾਈ ਅਤੇ ਵਿਕਾਸ ਲਈ ਵਿਸੇਸ਼ ਯੋਜਨਾਵਾਂ ਬਣਾਈਆਂ ਗਈਆ ਅਤੇ ਲਾਗੂ ਕੀਤੀਆਂ ਗਈਆਂ ਹਨ। ਮਹਿਲਾਵਾਂ ਜਿਨ੍ਹਾਂ ਨੂੰ ਅਕਸਰ ਹਿੰਦੂ ਧਰਮ ਵਿੱਚ ਬਰਾਬਰਤਾ ਦਾ ਦਰਜਾ ਨਹੀਂ ਦਿਤਾ ਜਾਂਦਾ ਸੀ ਨੂੰ ਮਾਨਸਿਕ ਤੋਰ ਤੇ ਗੁਲਾਮ ਬਣਾਕੇ ਰੱਖਣ ਲਈ ਇਸ ਪੁਰਸ ਪ੍ਰਧਾਨ ਸਮਾਜ ਵਲੋਂ ਸੋਚੀ ਸਮਝੀ ਸਾਜਿਸ਼ ਅਧੀਨ ਅਜਿਹੇ ਤਿਉਹਾਰ ਅਤੇ ਮੋਕੇ ਬਣਾਏ ਗਏ ਸਨ ਕਿ ਔਰਤ ਕਦੇ ਵੀ ਅਪਣੇ ਆਪ ਨੂੰ ਅਜਾਦ ਮਹਿਸੂਸ ਨਾਂ ਕਰ ਸਕੇ। ਅੱਜ ਵੀ ਹਿੰਦੂ ਧਰਮ ਵਿੱਚ ਬੈਠੇ ਅਜਿਹੇ ਕੁੱਝ ਵਿਅਕਤੀਆਂ ਕਾਰਨ ਕਈ ਮੰਦਰਾਂ ਵਿੱਚ ਮਹਿਲਾਵਾਂ ਦਾ ਜਾਣਾ ਮਨ੍ਹਾਂ ਹੈ, ਵਿਧਵਾ ਮਹਿਲਾਵਾਂ ਨਾਲ ਘਟੀਆ ਵਤੀਰਾ ਕੀਤਾ ਜਾਂਦਾ ਹੈ, ਮਹਿਲਾਵਾਂ ਨੂੰ ਪੈਰ ਦੀ ਜੁੱਤੀ ਮੰਨਿਆ ਜਾਂਦਾ ਹੈ। ਇਸ ਕਰਵਾ ਚੋਥ ਵਰਤ ਸਬੰਧੀ ਵੱਖ ਵੱਖ ਕਥਾਵਾਂ ਅਨੁਸਾਰ ਮਹਿਲਾਵਾਂ ਨੇ ਅਪਣੇ ਪਤੀਆਂ ਨੂੰ ਅਪਣੀ ਸ਼ਕਤੀ ਨਾਲ ਯਮਰਾਜ ਅਤੇ ਮੋਤ ਦੇ ਮੂੰਹ ਤੋਂ ਬਚਾਇਆ ਹੈ। ਬੇਸ਼ੱਕ ਅਜਿਹੀਆਂ ਮਿ-ਥਿਹਾਸਕ ਕਹਾਣੀਆਂ ਸਚਾਈ ਤੋਂ ਕੋਹਾਂ ਦੂਰ ਹਨ ਪਰ ਅੱਜ ਵੀ ਕਰੋੜਾਂ ਪਤਨੀਆਂ ਵਿਸੇਸ ਤੋਰ ਤੇ ਹਿੰਦੂ ਧਰਮ ਨਾਲ ਸਬੰਧਿਤ ਪਤਨੀਆਂ ਅਪਣੇ ਪਤੀ ਦਾ ਅਤਿੱਆਚਾਰ ਸਹਿਣ ਦੇ ਬਾਬਜੂਦ ਪਤੀ ਦੀ ਲੰਬੀ ਉਮਰ ਦੀ ਕਾਮਨਾ ਕਰਦੀਆਂ ਹਨ। ਅੱਜ ਅਸੀਂ ਵਿਕਸਿਤ ਹੋਣ ਦੇ ਵੱਡੇ ਵੱਡੇ ਦਾਅਵੇ ਕਰ ਰਹੇ ਹਾਂ ਪਰ ਸਮਾਜ ਵਿੱਚ ਫੈਲੀਆਂ ਅਜਿਹੀਆਂ ਕੁਰਿਤੀਆਂ ਵਿਕਾਸ ਦੇ ਰਾਹ ਵਿੱਚ ਵੱਡਾ ਰੋੜਾ ਹਨ। ਹਿੰਦੂ ਧਰਮ ਦੀਆਂ ਇਨ੍ਹਾਂ ਕੁਰਿਤੀਆਂ ਨੂੰ ਦੂਜੇ ਧਰਮਾਂ ਵਿੱਚ ਬੇਸ਼ੱਕ ਭੰਡਿਆ ਗਿਆ ਹੈ ਜਿਵੇਂ ਕਿ ਸਿੱਖ ਧਰਮ ਵਿੱਚ ਅਜਿਹੇ ਪਖੰਡਾਂ ਦਾ ਵਿਰੋਧ ਕੀਤਾ ਗਿਹਾ ਹੈ ਪਰ ਸਿੱਖ ਧਰਮ ਵਿੱਚ ਆ ਰਹੀ ਗਿਰਾਵਟ ਕਾਰਨ ਹਿੰਦੂ ਧਰਮ ਦੀਆਂ ਕਈ ਹੋਰ ਬੁਰਾਈਆਂ ਵਾਂਗ ਇਹ ਪਖੰਡ ਵੀ ਸ਼ਾਮਲ ਹੋ ਗਿਆ ਹੈ ਅਤੇ ਹੁਣ ਕਈ ਗੁਰਸਿੱਖ ਪਰਿਵਾਰਾਂ ਵਿੱਚ ਵੀ ਮਹਿਲਾਵਾਂ ਇਹ ਵਰਤ ਰੱਖਦੀਆਂ ਹਨ। ਦੁਨੀਆਂ ਦੇ ਹੋਰ ਧਰਮਾਂ ਇਸਲਾਮ, ਇਸਾਈ, ਬੁੱਧ ਆਦਿ ਵਿੱਚ ਇਸ ਨੂੰ ਕੋਈ ਮਾਨਤਾ ਨਹੀਂ ਦਿਤੀ ਗਈ ਹੈ। ਹਿੰਦੂ ਧਰਮ ਦੀ ਬਹੁਲਤਾ ਵਾਲੇ ਭਾਰਤ ਦੇਸ ਵਿੱਚ ਮਹਿਲਾਵਾਂ ਦੀ ਗਿਣਤੀ ਪੁਰਸ਼ਾਂ ਦੇ ਮੁਕਾਬਲੇ ਘੱਟ ਹੈ ਜੋਕਿ ਲੱਗਭੱਗ 52 ਫਿਸਦੀ ਪੁਰਸ਼ਾਂ ਦੇ ਮੁਕਾਬਲੇ 48 ਫਿਸਦੀ ਹੈ। ਆਖਿਰ ਪਤੀ ਦੀ ਹੀ ਲੰਬੀ ਉਮਰ ਕਿਉਂ ਹੋਵੇ ਪਤਨੀ ਦੀ ਕਿਉਂ ਨਹੀਂ ਅਤੇ ਪਤਨੀ ਦੀ ਲੰਬੀ ਉਮਰ ਲਈ ਕੋਈ ਪਤੀ ਅਜਿਹਾ ਕੋਈ ਵਰਤ ਕਿਉਂ ਨਹੀ ਰੱਖਦਾ ਹੈ ਇਹ ਸਵਾਲ ਹਰ ਬੁੱਧੀਜਿਵੀ ਵਿਅਕਤੀ ਨੂੰ ਸੋਚਣ ਲਈ ਮਜਬੂਰ ਕਰਦਾ ਹੈ । ਇੱਥੇ ਇਹ ਵੀ ਸੋਚਣ ਵਾਲੀ ਗੱਲ ਹੈ ਕਿ ਜਿਨ੍ਹਾਂ ਧਰਮਾਂ, ਸਮਾਜ, ਪਰਿਵਾਰਾਂ ਵਿੱਚ ਇਹ ਵਰਤ ਰੱਖਣ ਦੀ ਪਰੰਪਰਾ ਨਹੀਂ ਹੈ ਕਿ ਉਨ੍ਹਾਂ ਪਰਿਵਾਰਾਂ ਵਿੱਚ ਪਤੀ ਜਲਦੀ ਮਰ ਜਾਂਦੇ ਹਨ ਅਤੇ ਉਥੇ ਸਾਰੀਆਂ ਪਤਨੀਆਂ ਵਿਧਵਾਵਾਂ ਹੀ ਹਨ। ਕੀ ਕਰਵਾਚੋਥ ਰੱਖਣ ਵਾਲੀਆਂ ਪਤਨੀਆਂ ਦੇ ਪਤੀ ਸੱਚਮੁੱਚ ਲੰਬੀ ਜਿੰਦਗੀ ਜਿਉਂਦੇ ਹਨ ਅਤੇ ਕੀ ਪਤਨੀਆਂ ਦੀ ਲੰਬੀ ਉਮਰ ਦੀ ਜਰੂਰਤ ਨਹੀਂ ਹੈ। ਅੱਜ ਵੀ ਕਈ ਵਾਰ ਕਰਵਾਚੋਥ ਵਾਲੇ ਦਿਨ ਕਈ ਪਤੀ ਕੁਦਰਤੀ ਅਤੇ ਗੈਰ ਕੁਦਰਤੀ ਮੋਤ ਮਾਰੇ ਜਾਂਦੇ ਹਨ। ਇੱਥੇ ਸੋਚਣ ਵਾਲੀ ਗੱਲ ਹੈ ਕੀ ਇਸ ਦਿਨ ਪਤੀ ਦੀ ਮੋਤ ਹੋਣ ਪਿੱਛੇ ਵੀ ਪਤਨੀ ਦਾ ਹੀ ਦੋਸ ਹੈ। ਸੰਸਾਰ ਦੇ ਜਿਨ੍ਹਾਂ ਦੇਸ਼ਾਂ ਵਿੱਚ ਬਹੁਤੀਆਂ ਮਹਿਲਾਵਾਂ ਇਹ ਵਰਤ ਨਹੀਂ ਰੱਖਦੀਆਂ ਹਨ ਕੀ ਉਨ੍ਹਾਂ ਦੇਸ਼ਾਂ ਵਿੱਚ ਪਤੀਆਂ ਦੀ ਉਮਰ ਘੱਟ ਰਹਿੰਦੀ ਹੈ। ਇਨ੍ਹਾਂ ਸੁਆਲਾਂ ਬਾਰੇ ਸਾਨੂੰ ਸਭਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ ਤਾਂ ਜੋ ਮਹਿਲਾਵਾਂ ਨਾਲ ਜੁੜੀਆਂ ਕੁਰੀਤੀਆਂ ਜਿਨ੍ਹਾਂ ਨੇ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਗਚਲਾਮ ਬਣਾਇਆ ਹੋਇਆ ਹੈ ਨੂੰ ਖਤਮ ਕੀਤਾ ਜਾ ਸਕੇ।






ਕੁਲਦੀਪ ਚੰਦ
91-9417563054



## ਗ਼ਜ਼ਲ

ਹੱਥੀਂ ਅੱਟਣ, ਵਿਆਈਆਂ
ਪੈਰੀਂ, ਛਾਲਿਆਂ ਦੀ ਗੱਲ ।
ਚੰਗੀ ਲੱਗੇ ਨਾ ਹਨੇਰੇ ਨੂੰ
ਉਜਾਲਿਆਂ ਦੀ ਗੱਲ ।

ਚੋਂਦੇ ਕੋਠਿਆਂ ਦਾ ਸਹਿਮ
ਜਿਹੜਾ ਝੱਲਦਾ ਉਹ ਜਾਣੇ
ਬੋਡੇ ਛੱਤ ਦੇ ਸ਼ਤੀਰ, ਟੁੱਟੇ
ਬਾਲਿਆਂ ਦੀ ਗੱਲ ।

ਕਿਵੇਂ ਰੁਲ਼ੇ ਪਰਦੇਸੀਂ
ਕੋਈ ਪੁੱਛਦਾ ਨਹੀਂ ਯਾਰ
ਸੱਭ ਕਰਦੇ ਸਬੰਧੀ , ਪੌਂਡਾਂ
ਡਾਲਿਆਂ ਦੀ ਗੱਲ।

ਜਦੋਂ ਪੁੱਜ ਕੇ ਅੱਯਾਸ਼,
ਹੋ ਜਾਏ ਹਾਕਮ ਕਿਤੋਂ ਦਾ
ਕੌਣ ਸੁਣੇ ਫੇਰ ਕੰਗਲੇ
ਕੰਗਾਲਿਆਂ ਦੀ ਗੱਲ ।

ਰਾਣੀ ਅੱਗਾ ਢਕ ਆਖੇ
ਕੌਣ, ਹਿੰਮਤਾਂ ਜੁਟਾ ਕੇ
ਵੇਂਹਦੇ ਬਿੱਟ ਬਿੱਟ ਸਾਰੇ
ਭੈੜੇ ਚਾਲਿਆਂ ਦੀ ਗੱਲ ।

ਏ ਸੀ ਹੋਟਲਾਂ ਚ ਬੈਠ
ਕਰੇ ਹਾਕਮਾਂ ਦੀ ਢਾਣੀ
ਬੱਸ ਸਾਕੀਆਂ, ਪੈਮਾਨਿਆਂ
ਪਿਆਲਿਆਂ ਦੀ ਗੱਲ ।

ਆ ਗਏ ਨਵੇਂ ਹਥਿਆਰ
ਤੋਪਾਂ, ਟੈਂਕ ਤੇ ਮਿਜ਼ਾਈਲ
ਬੀਤੇ ਸਮੇਂ ਦੀ ਕਹਾਣੀ,
ਨੇਜੇ , ਭਾਲਿਆਂ ਦੀ ਗੱਲ ।

ਪਹਿਲਾਂ ਯੋਗਾ ਯੋਗਾ ਕਰ
ਭਰਮਾਏ ਜੀਹਨੇ ਲੋਕ,
ਹੁਣ ਕਰੀ ਜਾਂਦੈ ਮਿਰਚਾਂ
ਮਸਾਲਿਆਂ ਦੀ ਗੱਲ ।

ਝੰਡਾ ਦੁਨੀਆਂ ਤੇ ਕਰੀਏ
ਮਨੁੱਖਤਾ ਦਾ ਉੱਚਾ
ਛੱਡ ਊਚ ਨੀਚ ਗੋਰਿਆਂ
ਜਾਂ ਕਾਲ਼ਿਆਂ ਦੀ ਗੱਲ ।

ਕੈਦ ਸੂਰਜਾਂ ਨੂੰ ਪਾਉਣ
ਲਈ ਕਰਦੇ ਓਹ 'ਲਾਲ',
ਬੇੜੀਆਂ, ਜ਼ੰਜੀਰਾਂ, ਜੇਲ੍ਹਾਂ
ਤਾਲਿਆਂ ਦੀ ਗੱਲ ।



ਲਾਲ ਸਿੰਘ ਸੁਲਹਾਣੀ
91-98721-55120

## ਟੁੱਟੀ ਨਾ ਗੁਲਾਮੀ ਵਾਲੀ ਜ਼ੰਜੀਰ

ਭਾਈ ਟੁੱਟੀ ਨਾ ਗੁਲਾਮੀ ਵਾਲੀ ਜ਼ੰਜੀਰ ।
ਰਾਜ ਬਦਲਿਆ ਬਦਲੀ ਨਾ ਤਸਵੀਰ ।
ਉਠ ਜਾਗ ਹਾਣੀਆ ਤੇ ਜਗਾ ਜਾਮੀਰ ।
ਭਾਈ ਟੁੱਟੀ ਨਾ ਗੁਲਾਮੀ ਵਾਲੀ ਜ਼ੰਜੀਰ ।

ਮੁਗਲ ਲੁੱਟ ਗਏ, ਗੋਰੇ ਵੀ ਲੁੱਟ ਗਏ,
ਹੁਣ ਦੇ ਰਾਜੇ ਖਾ ਗਏ ਨਾਲ ਕੁੱਟ ਗਏ ।
ਝੱਲ ਲਈ ਤੁਸੀਂ ਤਨ ਮਨ ਹੋਈ ਪੀੜ,
ਭਾਈ ਟੁੱਟੀ ਨਾ ਗੁਲਾਮੀ ਵਾਲੀ ਜ਼ੰਜੀਰ ।

ਲੀਡਰਾਂ ਛਕ ਲਿਆ ਮਾਲ ਗੱਦੀ ਪਾ ਕੇ,
ਕਿਸੇ ਨਾ ਕੀਤਾ ਲੋਕ ਕਲਿਆਣ ਆ ਕੇ ।
ਨੇਤਾਵਾਂ ਭਰੇ ਘਰ ਮਾਰੇ ਲੋਕਾਂ ਦੇ ਤੀਰ,
ਭਾਈ ਟੁੱਟੀ ਨਾ ਗੁਲਾਮੀ ਵਾਲੀ ਜ਼ੰਜੀਰ ।

ਕਰਜ਼ਿਆਂ ਥਲੇ ਦੱਬ ਗਏ ਕਿਰਤੀ ਕਾਮੇ,
ਵਧੇ ਦੁੱਖ ਦਰਦ ਜਦੋਂ ਆਏ ਇਹ ਮਾਮੇ ।
ਆਤਮ ਹਤਿਆ ਨਾ ਰੁਕੀ ਤੇ ਵਗੇ ਨੀਰ,
ਭਾਈ ਟੁੱਟੀ ਨਾ ਗੁਲਾਮੀ ਵਾਲੀ ਜ਼ੰਜੀਰ ।

ਬਜਟ ਤਾਂ ਲਗ ਜਾਂਦਾ ਹੈ ਨੇਤਾਵਾਂ ਲੇਖੇ,
ਬੈਠ ਗੱਦੀ ਪਾਉਂਦੇ ਰਹੇ ਲੋਕਾਂ ਨੂੰ ਭੁਲੇਖੇ ।
ਬਣੇ ਇਹ ਰਾਜੇ ਤੇ ਹੋਈ ਜਨਤਾ ਫਕੀਰ,
ਭਾਈ ਟੁੱਟੀ ਨਾ ਗੁਲਾਮੀ ਵਾਲੀ ਜ਼ੰਜੀਰ ।



## ਕਨੈਡਾ ਤੁਰ ਚਲਿਆ ਏ ਪੰਜਾਬ

ਮਾਂ, ਪਿਓ ਦੀ ਇਜ਼ਤ ਭੁੱਲ ਗਏ
ਹੀ, ਹਾਏ, ਹੈਲੋ ਪਿੱਛੇ ਡੁੱਲ ਗਏ
ਯਾਦ ਨਾ ਵਿਰਸਾ, ਸਭਿਆਚਾਰ
ਵਿਗੜ ਗਿਆ ਏ ਲੋਕ ਵਿਵਹਾਰ
ਕਨੈਡਾ ਤੁਰ ਚਲਿਆ ਏ ਪੰਜਾਬ ।

ਨਾ ਕੋਈ ਰੱਖਦਾ ਹੁਣ ਝੋਟੀ ਬੂਰੀ
ਨਵਿਆਂ ਨੂੰ ਸ਼ੌਕ ਹੈ ਕੁੱਤਾ ਕਤੂਰੀ
ਨਾ ਚਰਖਾ ਕੱਢਦਾ ਤੰਦ ਤੇ ਤਾਰ
ਲੋਕਾਂ ਛੱਡ ਦਿੱਤੇ ਨਿੱਕੇ ਰੁਜ਼ਗਾਰ
ਕਨੈਡਾ ਤੁਰ ਚਲਿਆ ਏ ਪੰਜਾਬ ।

ਨਾ ਘੁਮੰਦੀ ਚਾਟੀ ਵਿੱਚ ਮਧਾਣੀ
ਨਾ ਹੀ ਇਜਤ ਕਿਸੇ ਧੀ ਧਿਆਣੀ
ਨਸ਼ਿਆਂ ਦੇ ਸਭ ਬਣ ਗਏ ਯਾਰ
ਮੁੜ ਕੇ ਏਦਾਂ ਕਿਵੇਂ ਆਊ ਬਹਾਰ
ਕਨੈਡਾ ਤੁਰ ਚਲਿਆ ਏ ਪੰਜਾਬ ।

ਨਾ ਘਰ ਡੰਗਰ ਨਾ ਪੱਥਾ ਦੱਥਾ
ਹੱਥ ਮੁਬਾਇਲ ਤੇ ਸੜਿਆ ਮੱਥਾ
ਦੋੜੇ ਨੇ ਮੋਟਰ ਸਾਇਕਲ ਸਵਾਰ
ਵਿਹਲੇ ਕੁੜੀ, ਮੰਡੇ ਨਾ ਕੰਮ ਕਾਰ
ਕਨੈਡਾ ਤੁਰ ਚਲਿਆ ਏ ਪੰਜਾਬ ।

ਦਿਸ਼ਾਹੀਣ ਹੋਈ ਫਿਰੇ ਜੁਆਨੀ
ਯਾਦ ਨਾ ਸ਼ਹੀਦਾਂ ਦੀ ਕੁਰਬਾਨੀ
ਨਾ ਮਿਟੀ ਧੁੰਦ,ਝੂਠ ਤੇ ਅੰਧਕਾਰ
ਨੇਤਾਵਾਂ ਗੁਵਾਇਆ ਹੈ ਇਤਬਾਰ
ਕਨੈਡਾ ਤੁਰ ਚਲਿਆ ਏ ਪੰਜਾਬ।

– ਰਬਿੰਦਰ ਸ਼ਰਮਾ
91-98146-67682

## ਵੀਹ ਸੌ ਸੌਲਾਂ

ਵੀਹ ਸੌ ਸੌਲਾਂ ਵਿਦਾ ਹੋਣ ਤੇ ਸੋਚ ਵਿਚਾਰਾਂ ਕਰੀਏ
ਸਤਾਰਾਂ ਅੰਦਰ, ਸੌਲਾਂ ਵਾਂਗੂੰ ਨਾ ਹੀ ਜ਼ਹਿਰਾਂ ਭਰੀਏ

ਲੜ੍ਹ ਝਗੜ ਕੇ ਬੜ੍ਹੀ ਰੋਲੀ ਏ ਇੱਜ਼ਤ ਸਭ ਨੇ ਸਭਦੀ
ਸਤਾਰਾਂ ਦੇ ਵਿੱਚ ਏਹੋ ਗਲਤੀ ਮੁੜ ਨਾ ਆਪਾਂ ਕਰੀਏ

ਬੜੀ ਸੇਕੀ ਹੈ ਸਰਕਾਰਾਂ ਨੇ ਅੱਗ ਸਾਡੇ ਅਰਮਾਨਾਂ ਦੀ
ਸਤਾਰਾਂ ਅੰਦਰ ਅਸੀਂ ਨਾ ਐਵੇਂ ਕੱਖਾਂ ਵਾਂਗਰ ਬਲੀਏ

ਹਾਲ ਉਹਨਾਂ ਦਾ ਪੁੱਛੋ ਜੋ ਬੇਵੱਸ ਤੇ ਲਾਚਾਰ ਬੜ੍ਹੇ ਨੇ
ਸਤਾਰਾਂ ਦੇ ਵਿੱਚ ਉਨ੍ਹਾਂ ਲਈ ਕੁਝ ਤਾਂ ਆਪਾਂ ਕਰੀਏ

ਪਿੰਡ ਛੱਡੇ ਨੂੰ ਵਰ੍ਹੇ ਹੋਏ ਕਈ ਸਾਥੀ ਛੱਡ ਗਏ ਸਾਨੂੰ
ਸਤਾਰਾਂ ਅੰਦਰ ਮਿੱਤਰਾਂ ਦੇ ਲਈ ਸਾਹੀਂ ਯਾਦਾਂ ਭਰੀਏ

ਲੋਕ ਨਾ ਕੱਲੇ ਰਾਹ ਵੀ ਪਿੰਡ ਦੇ ਸਦਾ ਉਡੀਕਣ ਸਾਨੂੰ
ਸਤਾਰਾਂ ਦੇ ਵਿੱਚ ਪਿੰਡ ਦੀ ਜੂਹੇ ਆਵੋ ਜਾ ਕੇ ਵੜੀਏ

ਸਿਰ ਪਲੋਸਣ ਖਾਤਿਰ ਵੀ ਕੋਈ ਸਾਹਾਂ ਗਿਣਦੀ ਹੋਊ
ਸਤਾਰਾਂ ਅੰਦਰ ਮਾਂ ਦੇ ਪੈਰੀਂ ਸਿਰ ਆਪਣਾ ਜਾ ਧਰੀਏ

ਬੜਾ ਡੋਲਿਆ ਖ਼ੂਨ ਸ਼ਹੀਦਾਂ ਤੇ ਫ਼ਿਰ ਮਿਲੀ ਅਜ਼ਾਦੀ
ਸਤਾਰਾਂ ਦੇ ਵਿੱਚ ਰਲਕੇ ਸਾਰੇ ਇਹਦਾ ਪਿੱਛਾ ਕਰੀਏ

ਅਮਨ ਸ਼ਾਂਤੀ ਚਾਰ ਚੁਫ਼ੇਰੇ ਮਹਿਕਣ ਫ਼ੁੱਲ ਤੇ ਕਲੀਆਂ
ਸਤਾਰਾਂ ਦੇ ਵਿੱਚ ਬੰਬ ਪ੍ਰਮਾਣੂ ਬਾਰੂਦ ਨਕਾਰਾਂ ਕਰੀਏ


ਮਲ਼੍ਹਮ ਪਿਆਰ, ਦਵਾ ਸਤਿਕਾਰ ਲਾਓ ਜ਼ਖਮਾਂ ਉੱਤੇ
ਸਤਾਰਾਂ ਅੰਦਰ ਨਫ਼ਰਤ ਭਰੀਆਂ ਨਾ ਹੀ ਗੱਲਾਂ ਕਰੀਏ



ਸੌਲਾਂ ਤਾਂ ਜਾ ਰਿਹਾ 'ਨਿੱਜਰਾ'
ਸਤਾਰਾਂ ਨੇ ਆ ਜਾਣਾ
ਸਤਾਰਾਂ ਦੀ ਗਲਵੱਕੜੀ
ਆਵੋ ਨਾਲ ਪ੍ਰੇਮ ਦੇ ਭਰੀਏ

– ਦਿਲ ਨਿੱਝਰ

## ਉਹ ਧਰਤੀ ਭੁਲਾ ਆਏ



**ਆਜ਼ਾਦ ਜਲੰਧਰੀ**

ਅਸੀਂ ਜੰਮੇ ਪਲੇ ਜਿੱਥੇ ਸੀ ਉਹ ਧਰਤੀ ਭੁਲਾ ਆਏ
ਮੁਹੱਬਤ ਪਿਆਰ ਵਤਨਾਂ ਦਾ ਤੇ ਸਭ ਸਾਂਝਾਂ ਮੁਕਾ ਆਏ
ਬੱਸ ਐਨਾ ਰਹਿ ਗਿਆ ਸਾਡਾ ਵਤਨ ਦੇ ਨਾਲ ਹੁਣ ਰਿਸ਼ਤਾ
ਵਰ੍ਹੀ ਸਾਲੀ ਕਿਤੇ ਬੱਚਿਆਂ ਨੂੰ ਪਿੰਡ ਆਪਣਾ ਦਿਖਾ ਆਏ
ਮਹੱਲਾਂ ਜਹੇ ਨੇ ਘਰ ਸਾਡੇ ਜੋ ਲੋਕਾਂ ਨੇ ਸਮ੍ਹਾਲੇ ਨੇ
ਘਰਾਂ ਦੇ ਦੁਸ਼ਮਣਾਂ ਨੂੰ ਘਰਾਂ ਦੀ ਰਾਖੀ ਬਿਠਾ ਆਏ
ਜਿਨ੍ਹਾਂ ਵਿਚ ਮਿਹਨਤਾਂ ਕਰਕੇ ਬਜ਼ੁਰਗਾਂ ਪਾਲਿਆ ਸਾਨੂੰ
ਅਸੀਂ ਉਹ ਭੰਗ ਦੇ ਭਾੜੇ ਨਿਸ਼ਾਨੀ ਵੀ ਲੁਟਾ ਆਏ
ਬੱਸ ਐਨੀ ਰਹਿ ਗਈ ਸਾਡੀ ਵਤਨ ਵਿਚ ਹੁਣ ਜ਼ਿਮੀਂਦਾਰੀ
ਕਿਰਾਏ ਲਈ ਰਹਿਣ ਰੱਖੀਆਂ ਜ਼ਮੀਨਾਂ ਹਾਂ ਛੁਡਾ ਆਏ
ਜੇ ਡਾਲਰ ਨੇ ਤਾਂ ਜ਼ਰਬਾਂ ਨੇ ਰੁਪਈਐ ਨੇ ਤਾਂ ਤਕਸੀਮਾਂ
ਕਦੇ ਰੋਕੜ ਵਧਾ ਆਏ ਕਦੇ ਰੋਕੜ ਘਟਾ ਆਏ
ਵਤਨ ਦੇ ਦੋਸਤਾਂ ਨਾਲ ਰਹਿ ਗਈ ਹੁਣ ਦੋਸਤੀ ਐਨੀ
ਕਦੇ ਚਾਹ ਪੀ ਲਈ ਬਹਿ ਕੇ ਯਾ ਦੋ ਫੋਟੋ ਖਿਚਾ ਆਏ
ਖਿਆਲਾਂ ਵਿਚ ਵੀ ਹੁਣ ਸਾਡੇ ਹਨ੍ਹੇਰਾ ਈ ਹਨ੍ਹੇਰਾ ਏ
ਅਸੀਂ ਵਤਨਾਂ ਦੀਆਂ ਯਾਦਾਂ ਦੇ ਸਭ ਦੀਵੇ ਬੁਝਾ ਆਏ
ਕਦੀ ਪਰਤੇ ਵੀ ਜੇ 'ਆਜ਼ਾਦ' ਵਤਨੀਂ ਬਹਿਣਗੇ ਕਿੱਥੇ
ਜੋ ਰੁੱਖ ਮਮਤਾ ਦੀਆਂ ਛਾਵਾਂ ਦੇ ਨੇ ਹੱਥੀਂ ਜਲਾ ਆਏ।

## ਇੱਕ ਚਿੜੀ ਦੀ ਬੰਦੇ ਨੂੰ ਪੁਕਾਰ

ਉੱਡਦੀ ਉੱਡਦੀ ਚਿੜੀਆ ਆਈ, ਕਹਿੰਦੀ ਗੱਲ ਸੁਣ ਵੇ ਤੂੰ ਭਾਈ,
ਮੈਂ ਦੱਸ ਆਲ੍ਹਣਾ ਪਾਵਾਂ ਕਿੱਥੇ ? ਡਿੱਗਦੀ ਢਹਿੰਦੀ ਆਈ ।

ਕਹਿੰਦੀ ਬੰਦਾ ਕਿੰਨਾ ਹੈਵਾਨ ਬਣ ਗਿਆ, ਲਾਵੇ ਰੁੱਖਾਂ ਨੂੰ ਵਾਢਾ,
ਸੋਚਿਆ ਨਹੀਂ ਕਦੇ ਮਾਂ ਦੇ ਪੁੱਤ ਨੇ, ਕੀ ਬਣੇਗਾ ਸਾਡਾ,
ਬਹੁਤ ਮੇਰੇ ਵਰਗੀਆਂ ਮਾਂ ਦੀਆਂ ਜਾਈਆਂ, ਦਿੰਦੀਆਂ ਫਿਰਨ ਦੁਹਾਈ,
ਮੈਂ ਦੱਸ ਆਲ੍ਹਣਾ ਪਾਵਾਂ ਕਿੱਥੇ..........?

ਕਈ ਲਾ ਕੇ ਅੱਗਾਂ ਸਾੜੀ ਜਾਂਦੇ, ਸਾਡੇ ਘਰ ਪਰਿਵਾਰਾਂ ਨੂੰ,
ਪਤਾ ਨਹੀਂ ਕਦ ਸੋਝੀ ਆਊ, ਵੱਡਿਆਂ ਉਹ ਸਰਦਾਰਾਂ ਨੂੰ,
ਜੋ ਆਪਣੇ ਫ਼ਾਇਦੇ ਲਈ ਨਾੜ ਨੂੰ, ਜਾਂਦੇ ਅੱਗਾਂ ਲਾਈ,
ਮੈਂ ਦੱਸ ਆਲ੍ਹਣਾ ਪਾਵਾਂ ਕਿੱਥੇ.........?

ਜੇ ਨਾ ਬਚਾਏ ਰੁੱਖ ਤਾਂ ਅਗਲੀ ਪੀੜੀ ਲਾਹਨਤਾਂ ਪਾਊਗੀ,
ਨਾਲ਼ੇ ਮੇਰੇ ਵਰਗੀ ਮਾਂ ਬੱਚਿਆਂ ਲਈ, ਬਹਿ ਕੇ ਬਹੁਤ ਪਛਤਾਊਗੀ,
ਫਿਰ ਸਾਡੇ ਬੱਚੇ ਕਿਸਨੂੰ ਕਹਿਣਗੇ, ਚਾਚੀ, ਮਾਸੀ, ਤਾਈ,
ਮੈਂ ਦੱਸ ਆਲ੍ਹਣਾ ਪਾਵਾਂ ਕਿੱਥੇ..........?

ਅਸੀਂ ਇਹ ਨਹੀਂ ਕਹਿੰਦੀਆਂ ਰੁੱਖ ਨਾ ਵੱਢੋ, ਜੇ ਵੱਢਣੇ ਹਨ ਤਾਂ ਲਾਓ ਜ਼ਰੂਰ,
ਵਾਤਾਵਰਨ ਨੂੰ ਸ਼ੁੱਧ ਕਰਨ ਲਈ, ਆਪਣਾ ਹਿੱਸਾ ਪਾਓ ਜ਼ਰੂਰ,
ਮਰਜ਼ੀ 'ਗੁਰਵਿੰਦਰਾ' ਤੇਰੀ, ਮੈਂ ਤਾਂ ਹੋਕਾ ਦੇਵਣ ਆਈ,
ਮੈਂ ਦੱਸ ਆਲ੍ਹਣਾ ਪਾਵਾਂ ਕਿੱਥੇ...........?



– ਗੁਰਵਿੰਦਰ ਸਿੰਘ ਉੱਪਲ
91-98411-45000

## ਬਾਪੂ ਲੜਦਾ ਰਿਹਾ

ਕੋਈ ਸਮਾਂ ਸੀ
ਯੂਨੀਵਰਸਿਟੀ ਪਾਸ ਕਰ
ਕੱਛਾਂ ਚ ਹੱਥ ਦੇ
ਮੈਂ ਸ਼ਹਿਰ ਆ ਬੈਠਾ।

ਅੱਜ ਮੂੰਹ ਤੇ ਚੇਪੀ
ਬੋਲਣਾ ਮਨ੍ਹਾ ਹੈ।

ਹਰ ਰੋਜ਼
ਘਰ ਦੇ ਝਰੋਖੇ 'ਚੋਂ ਬਾਹਰ ਦੇਖਦਾ
ਸੋਚਦਾ ਹਾਂ
ਬਾਪੂ ਚੰਗਾ ਸੀ
ਤਕੜਾ ਸੀ
ਲੜਦਾ ਰਿਹਾ ਉਮਰ ਭਰ।

ਪਹਿਲਾਂ ਉਹ
ਅੰਗਰੇਜ਼ੀ ਸਰਕਾਰ ਨਾਲ ਲੜਿਆ
ਚਿੱਟੇ ਬਸਤਰ ਧਾਰੀ ਹੋ ਕੇ
ਸਿਵਿਲ ਨਾ ਫੁਰਮਾਨੀ ਦਾ ਝੰਡਾ ਚੁੱਕ ਲਿਆ।

ਆਜ਼ਾਦੀ ਆਈ
ਉਸ ਨੇ ਮੋਢੇ ਕਹੀ ਰੱਖ
ਖੇਤ ਵਾਹੇ
ਸ਼ੁਰੂ ਹੋਈ ਰੋਟੀ ਦੀ ਲੜਾਈ
ਉਹ ਅੰਨਦਾਤਾ ਬਣਿਆ
ਪਰ
ਧੰਨ ਲਈ ਤਰਸਿਆ।

ਉਹ ਤੇ ਉਸਦੇ ਬਲਦ
ਵਾਹੁੰਦੇ ਰਹੇ
ਗਾਹੁੰਦੇ ਰਹੇ।

ਧੰਨਦਾਤਾ ਕੋਈ ਹੋਰ ਰਿਹਾ।

ਉਸ ਕਿਸੇ ਅੱਗੇ
ਹੱਥ ਨਾ ਅੱਡੇ
ਲੜਦਾ ਰਿਹਾ
ਲੜਦਾ ਰਿਹਾ
ਪਰ
ਪਾੜਾ ਵਧਦਾ ਗਿਆ
ਤਾਉਮਰ ਲੜਦਾ ਬਾਪੂ
ਆਖਰ
ਪਾੜੇ ਵਿਚ ਸਮਾਂ ਗਿਆ।

ਅੱਜ ਮੂੰਹ 'ਤੇ ਚੇਪੀ
ਬੋਲਣਾ ਮਨ੍ਹਾ ।

ਘਰ ਦੇ ਝਰੋਖੇ 'ਚ ਬੈਠਾ ਸੋਚਦਾ ਹਾਂ
ਬਾਪੂ ਦਾ ਰਾਹ ਠੀਕ ਸੀ।

–ਹਰਨੇਕ ਕਲੇਰ

## ਨਰਸਰੀ ਗੀਤ/ ਦਾਦੀ ਜੀ



ਦਾਦੀ ਬਾਬਾ ਆਏ ਜਹਾਨ
ਪਿਤਾ ਮੇਰੇ ਨੂੰ ਬਖਸ਼ਿਆ ਮਾਣ।

ਡੈਡੀ ਮੇਰੇ ਦੀ ਮਾਤਾ ਜੀ
ਬਣ ਗਈ ਮੇਰੀ ਦਾਦੀ ਜਾਨ।

ਟੱਬਰ ਦਾ ਉਹ ਮੁੱਢ ਕਹਾਵੇ
ਬਿਨ ਦਾਦੀ ਘਰ ਮੂਲ ਨਾ ਭਾਵੇ।

ਅੱਖਂ ਦੂਰ ਹੋਣ ਨਾ ਦਿੰਦੀ
ਚੂਰੀਆਂ ਦੇਵੇ ਲਾਡ ਲਡਾਵੇ।

ਦਾਦੀ ਅਤੇ ਮੰਮੀ ਮੇਰੀ
ਕਰਦੇ ਨਾ ਕਿਸੇ ਕੰਮ 'ਚ ਦੇਰੀ।

ਨਾਲ 'ਮਾਨ' ਦੇ ਪਿਆਰ ਬੜਾ ਹੈ
ਕਰਦੇ ਨਾ ਕਦੀ ਤੇਰੀ ਮੇਰੀ।

–ਬਲਜਿੰਦਰ ਮਾਨ
91-98150-18947

## ਬਜਟ ਤੋਂ ਪਹਿਲਾਂ 'ਬੂਸਟਰ ਡੋਜ਼' ਦੇਣ ਦੀ ਤਿਆਰੀ

**ਨਵੀਂ ਦਿੱਲੀ–** ਕੋਰੋਨਾ ਮਹਾਮਾਰੀ ਦੀ ਮਾਰ ਤੋਂ ਅਰਥਚਾਰੇ ਨੂੰ ਬਾਹਰ ਕੱਢਣ ਦੇ ਸਾਫ਼ ਸੰਕੇਤਾਂ ਨੂੰ ਸਰਕਾਰ ਮੌਕੇ ਵਿਚ ਤਬਦੀਲ ਕਰਨ ਦਾ ਯਤਨ ਕਰ ਰਹੀ ਹੈ। ਰਫ਼ਤਾਰ ਫੜਦੇ ਅਰਥਚਾਰੇ ਨੂੰ 'ਬੂਸਟਰ ਡੋਜ਼' ਦੇ ਰੂਪ ਵਿਚ ਵਿੱਤ ਮੰਤਰਾਲਾ ਬਜਟ ਤੋਂ ਪਹਿਲਾਂ ਹੀ ਇਕ ਹੋਰ ਪੈਕੇਜ ਦੇਣ 'ਤੇ ਵਿਚਾਰ ਕਰ ਰਿਹਾ ਹੈ। ਇਸ ਵਿਚ ਘਰੇਲੂ ਮੰਗ ਵਧਾਉਣ 'ਤੇ ਜ਼ੋਰ ਰਹੇਗਾ। ਇਸ ਦਾ ਐਲਾਨ ਛੇਤੀ ਹੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਕਰ ਸਕਦੇ ਹਨ। ਵਿੱਤ ਮੰਤਰਾਲੇ ਵਿਚ ਆਰਥਿਕ ਮਾਮਲਿਆਂ ਦੇ ਸਕੱਤਰ ਤਰੁਣ ਬਜਾਜ ਨੇ ਇਹ ਜਾਣਕਾਰੀ ਦਿੱਤੀ। ਬਜਾਜ ਨੇ ਕਿਹਾ, 'ਅਰਥਚਾਰੇ ਦੇ ਕਈ ਖੇਤਰਾਂ ਵੱਲੋਂ ਉਤਸ਼ਾਹਿਤ ਕਰਨ ਦੀ ਮੰਗ ਕੀਤੀ ਗਈ ਹੈ। ਇਸ ਸਭ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਮੈਂ ਤਰੀਕ ਤਾਂ ਨਹੀਂ ਦਸ ਸਕਦਾ ਪਰ ਵਿੱਤ ਮੰਤਰੀ ਛੇਤੀ ਹੀ ਇਸ ਬਾਰੇ ਐਲਾਨ ਕਰਨਗੇ।' ਬਜਾਜ ਇਕ ਪ੍ਰੋਗਰਾਮ ਦੇ ਸਿਲਸਿਲੇ 'ਚ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੇ ਰਹੇ ਸਨ। ਬਜਾਜ ਨੇ ਅਰਥਚਾਰੇ ਦੀ ਮੌਜੂਦਾ ਸਥਿਤੀ ਨੂੰ ਕਾਫ਼ੀ ਸਕਾਰਾਤਮਕ ਦੱਸਦਿਆਂ ਕਿਹਾ ਕਿ ਕਈ ਵੱਡੇ ਸੁਧਾਰਾਂ ਦੇ ਲੱਛਣ ਦਿਖਾਈ ਦੇ ਰਹੇ ਹਨ। ਬੈਂਕਾਂ ਦੇ ਕ੍ਰੈਡਿਟ ਵਿਚ ਵੀ ਵਾਧਾ ਹੋ ਰਿਹਾ ਹੈ। ਅਕਤੂਬਰ ਵਿਚ ਬੈਂਕ ਕ੍ਰੈਡਿਟ ਵਿਚ 5.8 ਫ਼ੀਸਦੀ ਦਾ ਵਾਧਾ ਹੋਇਆ ਹੈ ਜਦਕਿ ਸਤੰਬਰ ਵਿਚ ਇਹ ਦਰ 5.3 ਫ਼ੀਸਦੀ ਸੀ। ਇਹੀ ਸਥਿਤੀ ਪ੍ਰਤੱਖ ਵਿਦੇਸ਼ੀ ਨਿਵੇਸ਼ (ਐੱਫਡੀਆਈ) ਦੀ ਹੈ। ਅਪ੍ਰੈਲ ਤੋਂ ਅਗਸਤ ਦਰਮਿਆਨ ਦੇਸ਼ ਵਿਚ 35.73 ਅਰਬ ਡਾਲਰ ਦਾ ਵਿਦੇਸ਼ੀ ਨਿਵੇਸ਼ ਆਇਆ ਹੈ ਜੋ ਪਿਛਲੇ ਸਾਲ ਦੀ ਏਸੇ ਮਿਆਦ ਦੇ ਮੁਕਾਬਲੇ 13 ਫ਼ੀਸਦੀ ਜ਼ਿਆਦਾ ਹੈ। ਦੇਸ਼ ਕੋਲ ਹੁਣ 560 ਅਰਬ ਡਾਲਰ ਦਾ ਵਿਦੇਸ਼ੀ ਕਰੰਸੀ ਦਾ ਭੰਡਾਰ ਹੈ ਜੋ ਆਪਣੇ ਆਪ ਵਿਚ ਰਿਕਾਰਡ ਹੈ।

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



## DHAN DHAN SRI GURU RAVIDASS JI

Bole' So Nirbhay! Guru Ravidass Maharaj Ki Jai!

**Guru- Piari Sadh Sangat Ji,**

Sri Guru Ravidass Temple Pittsburg- Committee has decided to open the Gurudwara Sahib on Sundays, from 10:00 AM to 1:00 PM, starting September 6, 2020. Kitchen and Langar hall will remain closed until the conditions improve. Sangat is requested to follow Contra Costa County's COVID-19 health and safety guidelines. Everyone must wear a face mask and wash hands before entering Darbar Hall and maintain 6 feet distance from others to avoid the spread of CORONA Virus. If you are not feeling well, please pray at home but do not come to Gurughar as a precaution.

Committee is taking applications for new SEWADARS ( board members) applications were sent to members last month. However, the election date has been postponed due to CORONA Virus. Sangat will be notified once the election date is re-scheduled.

Gurughar members are requested to renew their membership by paying their annual renewal fee. Your donations are greatly appreciated.

For any special needs, please contact the managing committee. We pray to Waheguru ji for the safety and good health of the entire Sangat.

**"NANAK NAM CHARDI KALA TERE BHANE SARBAT DA BHALA"**

| Chairman | President | Sangat | General Secretary | Treasurer |
|---|---|---|---|---|
| Jagtar Bhatia | Shinder Paul Narabut | De Sewadar | Dharam Pal Chonkria | Vinod Kumar |



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop